ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 04 | 25 January to 31 January 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੂਰੀ ਤਰ੍ਹਾਂ ਭਖ ਗਿਐ ਪੰਜਾਬ ਦਾ ਸਿਆਸੀ ਅਖ਼ਾੜਾ

## ਬੇਅਦਬੀ, '84 ਕਤਲੇਆਮ, ਪਾਣੀਆਂ ਤੇ ਲਾਲਚ ਦੀਆਂ ਫੌੜੀਆਂ ਸਹਾਰੇ ਸੱਤਾ ਲਈ ਦੌੜ




**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀ ਸਿਆਸੀ ਭੱਠੀ ਪੂਰੀ ਤਰ੍ਹਾਂ ਭਖ ਗਈ ਹੈ। ਇਸ ਵਿਚ ਬੇਅਦਬੀ ਦੀਆਂ ਘਟਨਾਵਾਂ, '84 ਕਤਲੇਆਮ, ਦਰਬਾਰ ਸਾਹਿਬ 'ਤੇ ਹਮਲਾ, ਪਾਣੀਆਂ ਵਰਗੇ ਸੰਵੇਦਨਸ਼ੀਲ ਮੁੱਦੇ ਸੇਕੇ ਜਾ ਰਹੇ ਹਨ। ਸਿੱਖਿਆ, ਸਿਹਤ ਵਰਗੀਆਂ ਬੁਨਿਆਦੀ ਜ਼ਰੂਰਤਾਂ, ਭ੍ਰਿਸ਼ਟਾਚਾਰ ਦੇ ਖ਼ਾਤਮੇ ਵਰਗੇ ਮਸਲੇ ਠੰਢੀ ਸਵਾਹ ਹੇਠ ਦੱਬ ਦਿੱਤੇ ਗਏ ਹਨ। ਪੂਰੇ ਦੇਸ਼ ਦਾ ਪੇਟ ਭਰਨ ਵਾਲੇ ਪੰਜਾਬੀਆਂ ਅੱਗੇ ਸਸਤੀ ਆਟਾ-ਦਾਲ ਦੀਆਂ ਬੁਰਕੀਆਂ ਸੁੱਟੀਆਂ ਜਾ ਰਹੀਆਂ ਹੈ। ਦੇਸ਼ ਦੇ ਅੰਨ ਭੰਡਾਰ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਪੰਜਾਬੀਆਂ ਦੀ ਥਾਲੀ ਖਾਲੀ ਕਰਕੇ ਲਾਰਿਆਂ ਦਾ ਘੜਾਹ ਖਵਾਇਆ ਜਾ ਰਿਹਾ ਹੈ। ਜਿਨ੍ਹਾਂ ਲੋੜਾਂ 'ਤੇ ਪੰਜਾਬੀਆਂ ਦਾ ਬੁਨਿਆਦੀ ਹੱਕ ਹੈ, ਉਨ੍ਹਾਂ ਨੂੰ ਖ਼ੈਰਾਤ ਤਕ ਸੀਮਤ ਕਰ ਦਿੱਤਾ ਗਿਆ ਹੈ। ਲੋਕਾਂ ਨੂੰ ਸਸਤਾ ਆਟਾ-ਦਾਲ-ਘਿਓ ਦੀ ਥਾਂ ਜੇ ਰੁਜ਼ਗਾਰ ਮਿਲ ਜਾਵੇ ਤਾਂ ਉਹ ਆਪੇ ਹੀ ਇਸ ਦਾ ਜੁਗਾੜ ਕਰ ਲੈਣ ਪਰ ਸਾਰੀਆਂ ਪਾਰਟੀਆਂ ਦੇ ਨੇਤਾ ਖ਼ੈਰਾਤਾਂ ਦੇ ਵੱਡੇ ਵੱਡੇ ਵਾਅਦੇ ਕਰਕੇ ਆਪਣੀ ਛਾਤੀ ਚੌੜੀ ਕਰ ਰਹੇ ਹਨ। ਲਗਭਗ 30 ਵਰ੍ਹਿਆਂ ਤੋਂ '84 ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ

**ਸਿੱਖਿਆ, ਸਿਹਤ ਵਰਗੇ ਬੁਨਿਆਦੀ ਮਸਲੇ ਰਹਿ ਗਏ ਪਿਛੇ**

**ਬਾਕੀ ਸਫ਼ਾ 33 'ਤੇ**

(ਪੰਜਾਬ ਚੋਣਾਂ ਸਬੰਧੀ ਵਿਸਥਾਰ ਵਿੱਚ ਖ਼ਬਰਾਂ ਅੰਦਰਲੇ ਸਫ਼ਿਆਂ ਉੱਤੇ ਪੜ੍ਹੋ)

*ਅਕਾਲੀ ਮੈਨੀਫੈਸਟੋ*

## ਪਿਛਲੇ ਦਾਅਵੇ 30 ਫ਼ੀਸਦੀ ਵੀ ਪੂਰੇ ਨਹੀਂ, ਇਸ ਵਾਰ ਵਾਅਦੇ ਦੁੱਗਣੇ ਕੀਤੇ

### ਹੁਣ ਤੱਕ ਨਸ਼ਿਆਂ ਤੋਂ ਮੁਨਕਰ ਬਾਦਲ ਸਰਕਾਰ ਨੇ ਕੀਤਾ ਸਪੈਸ਼ਲ ਟਾਸਕ ਫੋਰਸ ਬਣਾਉਣ ਦਾ ਵਾਅਦਾ



**ਲੁਧਿਆਣਾ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਮੁਫ਼ਤ ਲੈਪਟੌਪ, ਡਾਟਾ ਕਾਰਡ, ਵਾਈਫਾਈ, ਗਰੀਬਾਂ ਲਈ ਗੈਸ ਕੁਨੈਕਸ਼ਨ ਅਤੇ ਪੰਜ ਮਰਲੇ ਦੇ ਪਲਾਟ ਦੇਣ ਦੇ 2012 ਦੇ ਮੈਨੀਫੈਸਟੋ ਦੇ ਦਾਅਵੇ 'ਤੇ ਤਾਂ ਖ਼ਰਾ ਨਹੀਂ ਉਤਰਿਆ, ਇਸ ਵਾਰ ਫੇਰ ਅਜਿਹੇ ਹੀ ਕਈ ਵਾਅਦੇ ਕੀਤੇ ਗਏ ਹਨ। ਪਿਛਲੀ ਵਾਰ ਦੇ 10 ਮੁੱਖ ਵਾਅਦਿਆਂ ਵਿਚੋਂ ਸਿਰਫ਼ ਤਿੰਨ ਹੀ ਪੂਰੇ ਹੋਏ ਹਨ। ਜਿਵੇਂ ਲੁਧਿਆਣਾ ਮੈਟਰੋ ਤੇ ਅੰਮ੍ਰਿਤਸਰ ਵਿਚ ਪੋਡ ਕੈਬਜ਼ ਚਲਾਉਣ ਦਾ ਵਾਅਦਾ ਸੀ। ਇਸ ਵਾਰ ਸੂਬੇ ਵਿਚ ਹਰ 100-150 ਕਿਲੋਮੀਟਰ ਦੇ ਦਾਇਰੇ ਵਿਚ ਏਅਰਪੋਰਟ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ। ਬਾਦਲ ਸਰਕਾਰ ਵਲੋਂ ਪਿਛਲੀ ਵਾਰ ਕੀਤੇ ਗਏ ਦਾਅਵੇ 30 ਫ਼ੀਸਦੀ ਵੀ ਪੂਰੇ ਨਹੀਂ ਹੋਏ ਪਰ ਇਸ ਵਾਰ ਵਾਅਦੇ ਦੁੱਗਣੇ ਕਰ ਦਿੱਤੇ ਹਨ।

**ਬਾਕੀ ਸਫ਼ਾ 33 'ਤੇ**

# ਟਰੰਪ ਯੁੱਗ : ਸ਼ਾਨਦਾਰ ਸਮਾਗਮ-ਵਿਰੋਧ ਪ੍ਰਦਰਸ਼ਨਾਂ ਵਿਚਕਾਰ ਰਾਸ਼ਟਰਪਤੀ ਬਣੇ ਡੋਨਲਡ



ਬਲੈਕ, ਵ੍ਹਾਈਟ ਜਾਂ ਬ੍ਰਾਊਨ ਸਾਰਿਆਂ ਦਾ ਖੂਨ ਲਾਲ ਹੈ। ਲੋਕਾਂ ਨੂੰ ਦੇਸ਼ ਭਗਤੀ ਨਾਲ ਕੰਮ ਕਰਨਾ ਹੋਵੇਗਾ। ਰਾਜਨੇਤਾ ਸਿਰਫ ਗੱਲਾਂ ਕਰਦੇ ਹਨ, ਪਰ ਮੈਂ ਕੰਮ ਕਰਾਂਗਾ। ਹੁਣ ਕੰਮ ਕਰਨ ਦਾ ਸਮਾਂ ਹੈ। ਅਸੀਂ ਅੱਗੇ ਵਧਾਂਗੇ ਅਤੇ ਸੰਘਰਸ਼ ਕਰਾਂਗੇ।
- ਡੋਨਲਡ ਟਰੰਪ, ਰਾਸ਼ਟਰਪਤੀ ਅਮਰੀਕਾ

ਟਰੰਪ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਦੇ ਹੋਏ, ਨਾਲ ਉਨ੍ਹਾਂ ਦੀ ਪਤਨੀ ਮਿਲੇਨੀਆ ਟਰੰਪ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਡੋਨਲਡ ਟਰੰਪ - ਟੀ.ਵੀ. ਐਂਕਰ, ਲੇਖਕ, ਕਾਰੋਬਾਰੀ ਅਤੇ ਹੁਣ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਬਣ ਗਏ ਹਨ। ਸਹੁੰ ਚੁੱਕਦਿਆਂ ਹੀ ਉਨ੍ਹਾਂ ਘੰਟੇ ਦੇ ਅੰਦਰ ਅੰਦਰ ਓਬਾਮਾਕੇਅਰ ਕਾਨੂੰਨ ਨੂੰ ਘੱਟ ਕਰਨ ਅਤੇ ਚੋਣ ਵਾਅਦੇ ਨੂੰ ਪੂਰਾ ਕਰਨ ਲਈ ਇਨ੍ਹਾਂ ਹੁਕਮਾਂ 'ਤੇ ਹਸਤਾਖ਼ਰ ਕਰ ਦਿੱਤੇ। ਟਰੰਪ ਨੇ ਚੋਣ ਪ੍ਰਚਾਰ ਦੌਰਾਨ ਓਬਾਮਾਕੇਅਰ ਯੋਜਨਾ ਘੱਟ ਕਰਨ ਦਾ ਵਾਅਦਾ ਕੀਤਾ ਸੀ, ਜਿਸ ਲਈ ਉਨ੍ਹਾਂ ਹਸਤਾਖਰ ਕਰਕੇ ਓਬਾਮਾ ਦੀ ਸ਼ੁਰੂ ਕੀਤੀ ਗਈ ਸਸਤੀ ਸਿਹਤ ਸੇਵਾ ਦਾ ਭਾਰ ਘੱਟ ਕਰਨ ਦਾ ਆਦੇਸ਼ ਦਿੱਤਾ। ਟਰੰਪ ਦੇ ਹਸਤਾਖ਼ਰ ਕਰਨ ਨਾਲ ਕਾਨੂੰਨ ਵਿਚ ਜ਼ਿਆਦਾ ਤਬਦੀਲੀ ਤਾਂ ਨਹੀਂ ਆਵੇਗੀ, ਪਰ ਥੋੜ੍ਹਾ ਪ੍ਰਭਾਵ ਜ਼ਰੂਰ ਪਏਗਾ। ਉਨ੍ਹਾਂ ਨੇ ਇਬਰਾਹਿਮ ਲਿੰਕਨ ਦੀ ਬਾਈਬਲ 'ਤੇ ਆਪਣਾ ਖੱਬਾ ਹੱਥ ਰੱਖ ਕੇ ਅਹੁਦੇ ਦੀ ਸਹੁੰ ਚੁੱਕੀ ਅਤੇ ਇਸ ਦੇ ਨਾਲ ਹੀ ਉਹ ਉਸ ਕੁਰਸੀ 'ਤੇ ਬੈਠ ਗਏ ਜੋ ਦੁਨੀਆ ਵਿਚ ਸਭ ਤੋਂ ਸ਼ਕਤੀਸ਼ਾਲੀ ਕਹੀ ਜਾਂਦੀ ਹੈ। ਪ੍ਰਧਾਨ ਜਸਟਿਸ ਜਾੱਨ ਰਾਬਰਟਸ ਨੇ ਉਨ੍ਹਾਂ ਨੂੰ ਸਹੁੰ ਚੁਕਾਈ। ਸਹੁੰ ਲੈਣ ਤੋਂ ਬਾਅਦ ਟਰੰਪ ਨੇ ਦੇਸ਼ਵਾਸੀਆਂ ਨਾਲ ਵਾਅਦਾ ਕੀਤਾ ਕਿ ਦੇਸ਼ ਦਾ

**ਬਾਕੀ ਸਫ਼ਾ 23 'ਤੇ**

## ਪੰਜਾਬਣ ਨਿੱਕੀ ਹੇਲੀ ਹੋਵੇਗੀ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਰਤੀ ਮੂਲ ਦੀ ਗਵਰਨਰ ਨਿੱਕੀ ਹੇਲੀ ਦੇ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਵਜੋਂ ਨਿਯੁਕਤੀ ਦੀ ਪੁਸ਼ਟੀ ਹੋ ਗਈ ਹੈ। ਹਾਲ ਹੀ ਵਿਚ ਉਹ ਸੁਣਵਾਈ ਲਈ ਕਾਂਗਰਸ ਪੈਨਲ ਅੱਗੇ ਪੇਸ਼ ਹੋਈ ਸੀ, ਜਿੱਥੇ ਉਨ੍ਹਾਂ ਨੂੰ ਰਾਜਦੂਤ ਵਜੋਂ ਨਿਯੁਕਤ ਕਰਨ ਦੀ ਪੁਸ਼ਟੀ ਕਰ ਦਿੱਤੀ ਗਈ। ਇਸ ਦੇ ਨਾਲ ਹੀ 44 ਸਾਲਾ ਹੇਲੀ ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਪ੍ਰਤੀਨਿਧਤਾ ਕਰੇਗੀ। ਉਹ ਸੰਯੁਕਤ ਰਾਸ਼ਟਰ ਵਿਚ ਸਮਾਥਾ ਪਾਵਰ ਦੀ ਥਾਂ ਲੈਣਗੇ। ਇਸ ਦੇ ਨਾਲ ਹੀ ਨਿੱਕੀ ਹੇਲੀ ਅਮਰੀਕੀ ਪ੍ਰਸ਼ਾਸਨ ਦੇ ਕੈਬਨਿਟ ਪੱਧਰ ਦੇ ਅਹੁਦੇ 'ਤੇ ਨਿਯੁਕਤ ਹੋਣ ਵਾਲੀ ਪਹਿਲੀ ਮਹਿਲਾ ਬਣ ਚੁੱਕੀ ਹੈ। ਪੰਜਾਬੀ ਪਰਿਵਾਰ ਵਿਚ ਜਨਮੀ ਨਿੱਕੀ 2011 ਵਿਚ

**ਬਾਕੀ ਸਫ਼ਾ 23 'ਤੇ**

San Jose Immigration Attorney
Services:
• Family Based Immigration
• Employment Based Immigration
• Investment Based Immigration
• Asylum / Immigration Litigation
Contact:
Jay Singh Terkiana
415-715-7790
111 N. Market Street, Suite 1020
San Jose, CA 95113
Email: jay@immigration.global

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

20 ਸਾਲ ਦੇ ਤਜ਼ਰਬੇ ਵਾਲੇ ਬੇਅ ਏਰੀਆ ਡੈਂਟਿਸਟ
ਡਾ. ਦਵਿੰਦਰ ਸ਼ੋਕਰ
• ALL ROOT CANALS
• GUM SURGERY
• ORAL SURGERY
• INVISALIGN ELITE PROVIDER
50% Off to CASH Patients
Invisalign from 2500$ !
Crowns from 400$,
Root canal from 500$
50% Off to Cash Patients
New, Big and Modern
San Jose Office
1295 S. Parkvictoria Drive, Milpitas, CA 95035
408.945.0411
Fremont Office
3456 Mowry Ave. Fremont 94538
510.713.7333
VISIT US @ SHOKERDENTAL.COM

Punjabi Radio USA
408-272-5200

KHALSA INSURANCE AGENCY, INC.
COVERED CALIFORNIA
OBAMACARE
Call Now for the Lowest Health Insurance Premiums available
Some Households qualify for FREE HEALTHCARE
408-272-2500

Global Visa Service
• Indian visa
• Indian passport renewals
• Oci cards
• Renunciation
• Notary services
• China visa
• Russia visa
• Brazil visa
• Providing consistent, fast and reliable Visa service to US travelers
JAY SUMMAN
415.850.9278
39271 Mission Blvd, #210, Fremont, CA 94539



GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar




FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਨਕੋਦਰ ਕਾਂਡ ਦੇ ਸ਼ਹੀਦਾਂ ਦੀ 31ਵੀਂ ਬਰਸੀ 4 ਅਤੇ 5 ਫਰਵਰੀ ਨੂੰ ਗੁਰਦੁਆਰਾ ਸਾਹਿਬ ਮਿਲਪੀਟਸ ਤੇ ਫਰੀਮੌਂਟ ਵਿਖੇ ਮਨਾਈ ਜਾਵੇਗੀ

**ਸੈਨਹੋਜ਼ੇ/ਤਰਲੋਚਨ ਸਿੰਘ ਦੁਪਾਲਪੁਰ:** ਨਕੋਦਰ ਗੋਲੀ ਕਾਂਡ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਅਤੇ ਭਾਈ ਝਲਮਣ ਸਿੰਘ ਰਾਜੋਵਾਲ ਗੋਰਸੀਆਂ ਦੀ 31ਵੀਂ ਬਰਸੀ ਦੇ ਸਬੰਧ ਵਿਚ ਮਿਲਪੀਟਸ ਅਤੇ ਫਰੀਮੌਂਟ ਦੇ ਗੁਰਦੁਆਰਾ ਸਾਹਿਬਾਨ ਵਿਚ ਕ੍ਰਮਵਾਰ 4 ਤੇ 5 ਫਰਵਰੀ ਨੂੰ ਵਿਸ਼ੇਸ਼ ਸਮਾਗਮ ਕੀਤੇ ਜਾਣਗੇ।

ਵਰਨਣਯੋਗ ਹੈ ਕਿ 4 ਫਰਵਰੀ 1986 ਵਾਲੇ ਦਿਨ ਨਕੋਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਣ ਸਨਮਾਨ ਹਿੱਤ ਇਕੱਠੀ ਹੋਈ ਪੁਰ ਅਮਨ ਸੰਗਤ 'ਤੇ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਉਕਤ ਚਾਰ ਨੌਜਵਾਨ ਸਿੰਘ ਸ਼ਹੀਦ ਹੋ ਗਏ ਸਨ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 4 ਫਰਵਰੀ ਸ਼ਨਿਚਰਵਾਰ ਨੂੰ ਸ਼ਾਮੀ 4:00 ਵਜੇ ਤੋਂ 6:00 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਬੇ-ਏਰੀਆ , 680 ਈਸਟ ਕੈਲਾਵੇਰਸ ਬੁਲੇਵਾਰਡ, ਮਿਲਪੀਟਸ ਵਿਖੇ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ "ਸ਼੍ਰੀ ਗੁਰੂ ਗਰੰਥ ਸਾਹਿਬ ਦੇ ਬੇਅਦਬੀ ਅਤੇ ਸਿੱਖ ਪ੍ਰਤੀਕਰਮ "1986 -2017" ਵਿਸ਼ੇ ਉੱਤੇ ਇੱਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ ਜਿਸ ਦੇ ਮੁੱਖ ਬੁਲਾਰੇ ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ ਸੀ (ਟੀ ਵੀ 84) ਅਤੇ ਡਾ. ਹਰਿੰਦਰ ਸਿੰਘ (ਸਟੈਨਫੋਰਡ ਯੂਨੀਵਰਸਿਟੀ) ਹੋਣਗੇ। ਇਸੇ ਤਰ੍ਹਾਂ ਦਾ ਸਮਾਗਮ ਦੂਜੇ ਦਿਨ 5 ਫਰਵਰੀ ਐਤਵਾਰ ਨੂੰ ਗੁਰਦੁਆਰਾ ਫਰੀਮੌਂਟ ਵਿਖੇ ਵੀ ਹੋਵੇਗਾ। ਅਮਰੀਕਾ ਸਥਿਤ ਲਗਭਗ ਪੰਜਾਹ ਗੁਰਦੁਆਰਾ ਪ੍ਰਬੰਧਕਾਂ ਦੇ ਨੁਮਾਇੰਦਿਆਂ ਦੇ ਅਧਾਰਤ ਬਣੀ ਹੋਈ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਬਿਆਨ ਵਿਚ ਦਸਿਆ ਗਿਆ ਹੈ ਕਿ ਉਕਤ ਚੌਹਾਂ ਸ਼ਹੀਦਾਂ ਦੀਆਂ ਤਸਵੀਰਾਂ ਸ੍ਰੀ ਅੰਮ੍ਰਿਤਸਰ ਸਥਿਤ ਕੇਂਦਰੀ ਸਿੱਖ ਅਜ਼ਾਇਬ ਘਰ ਵਿਖੇ ਸੁਸ਼ੋਭਿਤ ਕਰਨ ਲਈ ਜਥੇਬੰਦੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਤ ਲਿਖਿਆ ਗਿਆ ਹੈ। ਜਿਸ ਵਿਚ ਇਹ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਅਮਰੀਕਾ ਕੈਨੇਡਾ ਦੇ ਕਈ ਗੁਰਦੁਆਰਿਆਂ ਵਿਚ ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਪਹਿਲੋਂ ਹੀ ਲਗਾਈਆਂ ਜਾਂ ਚੁੱਕੀਆਂ ਹਨ। ਬੀਤੇ ਹਫਤੇ ਸਟਾਕਟਨ ਦੇ ਇਤਿਹਾਸਿਕ ਗੁਰਦੁਆਰੇ ਵਿਖੇ ਸਾਹਿਤਕ ਸਖਸ਼ੀਅਤ ਡਾ. ਨਿਰੰਜਣ ਸਿੰਘ ਢੇਸੀ ਅਤੇ ਡਾ. ਅਮਰਜੀਤ ਸਿੰਘ ਦੇ ਮਿਲਵੇਂ ਉੱਦਮ ਸਦਕਾ, ਉਕਤ ਸ਼ਹੀਦਾਂ ਦੀਆਂ ਤਸਵੀਰਾਂ ਲਗਾ ਦਿੱਤੀਆਂ ਗਈਆਂ। ਇਸੇ ਤਰ੍ਹਾਂ 5 ਫਰਵਰੀ ਨੂੰ ਇਹ ਤਸਵੀਰਾਂ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਲਗਾਈਆਂ ਜਾਣਗੀਆਂ। ਪ੍ਰਬੰਧਕਾਂ ਨੇ ਹੋਰ ਦਸਿਆ ਕਿ ਦੋਹਾਂ ਦਿਨਾਂ ਦੇ ਉਪਰੋਕਤ ਸਮਾਗਮਾਂ ਦਾ ਸਿੱਧਾ ਪ੍ਰਸਾਰਣ 'ਟੀ ਵੀ ਏਟੀ ਫੋਰ' ਚੈਨਲ ਵੱਲੋਂ ਟੈਲੀਕਾਸਟ ਕੀਤਾ ਜਾਵੇਗਾ।

## ਚੌਹਾਂ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਾਉਣ ਦੀ ਮੰਗ



## ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਕਾਨਫਰੰਸ 5 ਫਰਵਰੀ ਨੂੰ

**ਫਰੀਮੌਂਟ/ਬਿਊਰੋ ਨਿਊਜ਼:** ਗੁਰਦੁਆਰਾ ਸਾਹਿਬ ਫਰੀਮੌਂਟ ਦੇ ਸੇਵਾਦਾਰਾਂ ਅਤੇ ਸੰਗਤ ਵਲੋਂ ਸਾਕਾ ਨਕੋਦਰ ਦੇ ਚਾਰਾਂ ਸ਼ਹੀਦਾਂ ਦੀ ਪਾਵਨ ਯਾਦ ਵਿੱਚ 31ਵੇਂ ਸ਼ਹੀਦੀ ਦਿਵਸ ਮੌਕੇ 5 ਫਰਵਰੀ 2017 ਐਤਵਾਰ ਨੂੰ ਸਵੇਰੇ 10:00 ਵਜੇ ਸ਼ਹੀਦੀ ਕਾਨਫਰੰਸ ਕੀਤੀ ਜਾ ਰਹੀ ਹੈ। ਪ੍ਰਬੰਧਕਾਂ ਵਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਸ਼ਹੀਦੀ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਇਨ੍ਹਾਂ ਸੂਰਬੀਰ ਯੋਧਿਆਂ ਨੂੰ ਜਿਨ੍ਹਾਂ ਗੁਰੂ ਗਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਆਪਾ ਵਾਰਣ ਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪਰਿਵਾਰਾਂ ਸਮੇਤ ਪਹੁੰਚੋ।

**ਵਿਸ਼ੇਸ਼ ਸੂਚਨਾ :**
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
*ਜੈ ਸਿੰਘ*
ਫੋਨ ਨੰਬਰ
510-677-2777

## ਸੀ.ਆਈ.ਏ. ਨੇ ਭਾਈ ਬਿੱਟੂ ਤੋਂ ਕੀਤੀ ਪੁੱਛਗਿੱਛ

**ਲੁਧਿਆਣਾ/ਚੰਡੀਗੜ੍ਹ/ਬਿਊਰੋ ਨਿਊਜ਼ :** ਲੁਧਿਆਣਾ ਪੁਲੀਸ ਨੇ ਸਿੱਖ ਆਗੂ ਭਾਈ ਦਲਜੀਤ ਸਿੰਘ ਬਿੱਟੂ ਤੋਂ ਸੀ.ਆਈ.ਏ. ਸਟਾਫ ਲੁਧਿਆਣਾ ਵਿਚ ਪੁੱਛਗਿੱਛ ਕੀਤੀ। ਭਾਈ ਦਲਜੀਤ ਸਿੰਘ ਦੇ ਵਕੀਲ



ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਸੀ.ਆਈ.ਏ. ਸਟਾਫ ਨਾਲ ਸਬੰਧਤ ਲੁਧਿਆਣਾ ਪੁਲੀਸ ਨੇ ਭਾਈ ਦਲਜੀਤ ਸਿੰਘ ਨੂੰ ਬੁਲਾ ਕੇ ਕੁਝ ਕੇਸਾਂ ਦੇ ਸਬੰਧ ਵਿਚ 6 ਘੰਟੇ ਤੋਂ ਵੱਧ ਪੁੱਛਗਿੱਛ ਕੀਤੀ। ਲੁਧਿਆਣਾ ਪੁਲੀਸ ਨੇ ਭਾਈ ਦਲਜੀਤ ਸਿੰਘ ਨੂੰ ਤਕਰੀਬਨ 11 ਵਜੇ ਸੀ.ਆਈ.ਏ. ਸਟਾਫ ਵਿਚ ਬੁਲਾ ਕੇ ਲੁਧਿਆਣਾ, ਖੰਨਾ ਅਤੇ ਜਲੰਧਰ ਵਿਖੇ ਹੋਏ 'ਅੰਨ੍ਹੇ ਕਤਲਾਂ' ਦੇ ਸਬੰਧ ਵਿਚ ਪੁੱਛਗਿੱਛ ਕੀਤੀ। ਪੁਲੀਸ ਨੇ ਭਾਈ ਦਲਜੀਤ ਸਿੰਘ ਨੂੰ ਉਨ੍ਹਾਂ ਦੇ ਵਕੀਲ ਕੋਲੋਂ ਹਸਤਾਖਰ ਕਰਵਾ ਕੇ ਤਕਰੀਬਨ 6:30 'ਤੇ ਛੱਡਿਆ। ਇਸ ਮਸਲੇ ਵਿਚ ਇਕ ਹੋਰ ਸਿੱਖ ਹਰਮਿੰਦਰ ਸਿੰਘ ਤੋਂ ਵੀ ਲੁਧਿਆਣਾ ਪੁਲੀਸ ਨੇ ਪੁੱਛਗਿੱਛ ਕੀਤੀ। ਹਰਮਿੰਦਰ ਸਿੰਘ ਨੂੰ ਵੀ ਸਵੇਰੇ ਸੀ.ਆਈ.ਏ. ਸਟਾਫ ਬੁਲਾਇਆ ਗਿਆ ਸੀ ਅਤੇ ਸ਼ਾਮ ਤਕਰੀਬਨ 6-7 ਵਜੇ ਉਸ ਨੂੰ ਘਰ ਜਾਣ ਦੀ ਇਜਾਜ਼ਤ ਦਿੱਤੀ ਗਈ।

## ਯੂ.ਕੇ. 'ਚ ਕੇ ਨਵਾਂ ਸਿੱਖ ਟੀ.ਵੀ. ਚੈਨਲ ਸ਼ੁਰੂ

**ਬਰਮਿੰਘਮ/ਸਿੱਖ ਸਿਆਸਤ ਬਿਊਰੋ:** ਬਰਮਿੰਘਮ, ਇੰਗਲੈਂਡ 'ਚ ਐਤਵਾਰ (22 ਜਨਵਰੀ) ਨੂੰ ਇਕ ਨਵਾਂ ਸਿੱਖ ਟੀ.ਵੀ. ਚੈਨਲ ਸ਼ੁਰੂ ਹੋਇਆ। ਇਸ ਨਵੇਂ ਚੈਨਲ ਦਾ ਨਾਂ ਹੈ ਖ਼ਾਲਸਾ ਟੀ.ਵੀ., ਕੇਟੀਵੀ। ਇਸ ਸਬੰਧ 'ਚ ਇਕ ਸਮਾਗਮ ਗੁਰੂ ਨਾਨਕ ਗੁਰਦੁਆਰਾ, ਸਮੈਥਵਿਕ 'ਚ ਹੋਇਆ।



ਯੂ.ਕੇ. 'ਚ ਸਿੱਖ ਭਾਈਚਾਰੇ ਵਲੋਂ ਚਲਾਏ ਜਾ ਰਹੇ ਚੈਨਲਾਂ ਵਿਚੋਂ ਕੇ.ਟੀ.ਵੀ. ਸਭ ਤੋਂ ਨਵਾਂ ਹੈ। ਇਸ ਤੋਂ ਪਹਿਲਾਂ ਸੰਗਤ ਟੀ.ਵੀ. ਅਤੇ ਅਕਾਲ ਚੈਨਲ ਨਾਂ ਦੇ ਸਿੱਖ ਚੈਨਲ ਯੂ.ਕੇ. 'ਚ ਚੱਲ ਰਹੇ ਹਨ। ਕੇ.ਟੀ.ਵੀ. ਨੂੰ ਸਕਾਈ 858 (SKY 858) 'ਤੇ ਦੇਖਿਆ ਜਾ ਸਕਦਾ ਹੈ।

ਬਰਤਾਨੀਆ ਸਥਿਤ ਸਿੱਖ ਜਥੇਬੰਦੀ ਸਿੱਖ ਫੈਡਰੇਸ਼ਨ ਯੂ.ਕੇ. ਨੇ ਕੇ.ਟੀ.ਵੀ. ਦੇ ਸ਼ੁਰੂ ਹੋਣ ਦਾ ਸਵਾਗਤ ਕੀਤਾ ਹੈ।




# 'ਲੋਹੜੀ ਨਾਈਟ' ਸ਼ੋਅ ਦੌਰਾਨ ਲੋਪੋਕੇ ਬ੍ਰਦਰਜ਼ ਨੇ ਲਾਈਆਂ ਖ਼ੂਬ ਰੌਣਕਾਂ

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਇਥੇ 'ਲੋਹੜੀ ਨਾਈਟ' ਮੌਕੇ ਲਖਵੀਰ ਸਿੰਘ ਅਤੇ ਰਾਜਿੰਦਰ ਸਿੰਘ 'ਲੋਪੋਕੇ ਭਰਾਵਾਂ' ਦੀ ਗਾਇਕੀ ਦੀ ਮਹਿਫਲ ਕਰਵਾਈ ਗਈ। ਕੁਲਵੰਤ ਧਾਲੀਆਂ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ। ਲੋਪੋਕੇ ਭਰਾਵਾਂ ਨੇ ਗੀਤਕਾਰ ਸੁੱਖੀ ਧਾਲੀਵਾਲ ਦੇ ਗੀਤਾਂ ਰਾਹੀਂ ਪੰਜਾਬ ਦੇ ਅਜੋਕੇ ਦੁਖਾਂਤ ਨੂੰ ਵੀ ਬਾਖ਼ੂਬੀ ਪੇਸ਼ ਕੀਤਾ। ਇਸੇ ਤੋਂ ਇਲਾਵਾ ਕਵਾਲੀਆਂ ਅਤੇ ਲੋਕ-ਗਥਾਵਾਂ ਵੀ ਪੇਸ਼ ਕੀਤੀਆਂ। ਲੋਕ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਨੇ ਵੀ ਆਪਣੇ ਨਵੇਂ ਗੀਤਾਂ ਰਾਹੀਂ ਰੂਹਦਾਰੀ ਦੀਆਂ ਗੱਲਾਂ ਕਰਦੇ ਹੋਏ ਸਰੋਤਿਆਂ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ। ਇਸੇ ਤਰ੍ਹਾਂ ਬੁਲੰਦ ਆਵਾਜ਼ ਗਾਇਕ ਅਕਾਸ਼ਦੀਪ ਅਕਾਸ਼ ਨੇ ਵੀ ਆਪਣੇ ਰਿਕਾਰਡ ਗੀਤਾਂ ਰਾਹੀਂ ਰੰਗ ਬੰਨ੍ਹਿਆ। ਕਾਮੇਡੀਅਨ ਵਿਜੈ ਸਿੰਘ ਨੇ ਹਾਜ਼ਰੀਨ ਨੂੰ ਖ਼ੂਬ ਹਸਾਇਆ। ਪ੍ਰੋਗਰਾਮ ਦੇ ਅੰਤਲੇ ਪਲਾਂ ਵਿੱਚ ਗੁਲੂ ਸਿੱਧੂ ਬਰਾੜ, ਪਿੰਦਾ ਚੀਮਾ, ਸੁਰਜੀਤ ਸਿੰਘ ਮਾਛੀਵਾੜਾ ਨੇ ਗੀਤਾਂ ਦੇ ਟੱਪੇ ਅਤੇ ਬੋਲੀਆਂ ਨਾਲ ਮਹਿਫਿਲ ਦੀ ਸਮਾਪਤੀ ਕੀਤੀ। ਪ੍ਰੋਗਰਾਮ ਦਾ ਸਟੇਜ ਸੰਚਾਲਨ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਅੰਤ ਟੋਟਲ ਇੰਟਰਟੇਨਮੈਂਟ ਦੇ ਸ. ਅਵਤਾਰ ਲਾਖਾ ਨੇ ਸਮੂਹ ਹਾਜ਼ਰੀਨ ਅਤੇ ਪ੍ਰਬੰਧਕਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਡਾਇਮੰਡ ਸਪਾਂਸਰ ਜਸਵੀਰ ਸਿੰਘ ਸਰਾਏ, ਐਸ.ਐਮ. ਬ੍ਰਦਰਜ਼ ਵੇਅਰ ਹਾਊਸ ਫਰਿਜ਼ਨੋ ਅਤੇ ਗੋਲਡ ਸਪਾਸਰਾਂ ਵਿੱਚ ਡਾ. ਏ.ਪੀ.ਐਸ ਸਿੱਧੂ, ਨਾਜਰ ਸਿੰਘ ਸਹੋਤਾ, ਹਾਕਮ ਸਿੰਘ ਢਿੱਲੋਂ, ਸਟੀਵ ਢਿੱਲੋਂ ਤੇ ਐਡਮ ਢਿੱਲੋਂ ਫੈਸਟ ਫਰੇਟ, ਜਗਦੀਪ ਸਿੰਘ ਫਾਰਮਰ ਇੰਸ਼ੋਰੈਂਸ ਕੰਪਨੀ, ਗੁਲੂ ਬਰਾੜ, ਪਿੰਦਾ ਚੀਮਾ, ਅਵਤਾਰ ਗਿੱਲ ਗਿੱਲ ਇੰਨਸ਼ੋਰੈਂਸ, ਪਾਲ ਧਾਲੀਵਾਲ, ਬਿੱਟੂ ਕੁੱਸਾ, ਬੌਬੀ ਸਿੱਧੂ, ਰਾਜ ਧਾਲੀਵਾਲ, ਅਮਰੀਕ ਧਾਲੀਵਾਲ ਬੇਕਰਸਫੀਲਡ, ਜਸਵਿੰਦਰ ਇੰਡੀਆ ਸਵੀਟਸ, ਅਮੋਲਕ ਸਿੰਘ ਸਿੱਧੂ, ਕਮਲਜੀਤ ਸਿੰਘ ਟਿਵਾਣਾ, ਜੰਗੀਰ ਸਿੰਘ ਗਿੱਲ (ਗਿੱਲ ਟਰੱਕਿੰਗ), ਪਾਲ ਕੈਲੇ, ਜਗਰੂਪ ਗਰੇਵਾਲ ਤੇ ਗੈਰੀ ਗਰੇਵਾਲ, ਜੱਸੀ ਸਟੋਨ ਟਰੱਕਿੰਗ, ਦੀਪਾ ਬੁੱਲਡੌਗ ਟਰੱਕਿੰਗ, ਪਾਲ ਸਹੋਤਾ, ਮਨਜੀਤ ਸਿੰਘ ਮਕੈਨਿਕ, ਤੇਜੀ ਮਾਹਲ, ਸੁਰਜੀਤ ਸਿੰਘ ਏ ਵਨ ਸਮੋਕ ਸ਼ਾਪ, ਬਿੰਦਰ ਸਰਾਭਾ, ਬਿਲਹਾਰ ਨਾਗਰਾ, ਸਤਵੰਤ ਵਿਰਕ, ਜਸਵੰਤ ਮਹਿੰਮੀ, ਗੁਰਨੇਕ ਸਿੰਘ ਬਾਗੜੀ, ਸਮਰਬੀਰ ਸਿੰਘ ਵਿਰਕ, ਪ੍ਰਮੋਦ ਲੋਈ, ਮਨਦੀਪ ਬਰਾੜ, ਆਰ.ਪੀ.ਐਸ. ਗਿੱਲ, ਰੰਮੀ ਧਾਲੀਵਾਲ, ਸਾਧੂ ਸਿੰਘ ਬਿਲਾਸਪੁਰ, ਬਲਦੇਵ ਸਿੰਘ ਬਿਲਾਸਪੁਰ, ਜਰਨੈਲ ਸਿੰਘ ਧੂੜਕੋਟ, ਦਿਲਬਾਗ ਸਿੰਘ ਕਪੂਰੇ, ਤੇਜੀ ਪੱਡਾ ਸ਼ਿਕਾਗੋ ਪੀਜ਼ਾ ਨੇ ਭਰਪੂਰ ਸਹਿਯੋਗ ਦਿੱਤਾ। ਸਮਾਪਤੀ ਉਪਰੰਤ ਹਾਜ਼ਰੀਨ ਨੇ ਰਾਤਰੀ ਦੇ ਖਾਣੇ ਦਾ ਆਨੰਦ ਮਾਣਿਆ।




## CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



## CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



When tired of all treatments for any disease at any age Try

## HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



## ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



## B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533

# ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਗੈਰ ਸਿੱਖ ਨੌਜਵਾਨ ਵਲੋਂ ਗੁਟਕੇ ਦੀ ਬੇਅਦਬੀ, ਮੁਲਜ਼ਮ ਗ੍ਰਿਫ਼ਤਾਰ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਬੈਠੇ ਇੱਕ ਗੈਰ-ਸਿੱਖ ਨੌਜਵਾਨ ਵੱਲੋਂ ਸੁਖਮਨੀ ਸਾਹਿਬ ਦੇ ਗੁਟਕੇ ਦੀ ਬੇਅਦਬੀ ਕਰਨ ਦੀ ਘਟਨਾ ਵਾਪਰੀ ਹੈ। ਪੁਲੀਸ ਨੇ ਇਸ ਨੌਜਵਾਨ ਨੂੰ ਗ੍ਰਿਫ਼ਤਾਰ ਕਰਕੇ ਇਸ ਖ਼ਿਲਾਫ਼ ਥਾਣਾ ਕੋਤਵਾਲੀ ਵਿੱਚ ਕੇਸ ਦਰਜ ਕੀਤਾ ਹੈ। ਮੁਲਜ਼ਮ ਦੀ ਸ਼ਨਾਖਤ ਜਤਿੰਦਰ ਚੱਢਾ ਵਾਸੀ ਯਮੁਨਾ ਵਿਹਾਰ, ਨਵੀਂ ਦਿੱਲੀ ਵਜੋਂ ਹੋਈ ਹੈ। ਇਹ ਨੌਜਵਾਨ ਪਰਿਕਰਮਾ ਵਿੱਚ ਰਾਮਗੜ੍ਹੀਆ ਬੁੰਗਾ ਵਾਲੇ ਪਾਸੇ ਬੈਠਾ ਸੀ ਅਤੇ ਇਸ ਕੋਲ ਹਿੰਦੀ ਦਾ ਸੁਖਮਨੀ ਸਾਹਿਬ ਦਾ ਗੁਟਕਾ ਸੀ। ਪਰਿਕਰਮਾ ਵਿੱਚ ਡਿਊਟੀ 'ਤੇ ਤਾਇਨਾਤ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਤਰਵਿੰਦਰ ਸਿੰਘ ਨੇ ਇਸ ਨੌਜਵਾਨ ਨੂੰ ਗੁਟਕੇ ਦੇ ਅੰਗ ਪਾੜਦਿਆਂ ਦੇਖਿਆ। ਉਸ ਨੇ ਇਸ ਨੌਜਵਾਨ ਨੂੰ ਕਾਬੂ ਕਰ ਕੇ ਪੁਲੀਸ ਹਵਾਲੇ ਕਰ ਦਿੱਤਾ। ਪੁਲੀਸ ਨੇ ਮੁਲਜ਼ਮ ਖ਼ਿਲਾਫ਼ ਧਾਰਾ 295 ਏ ਤਹਿਤ ਕੇਸ ਦਰਜ ਕੀਤਾ ਹੈ। ਪੁਲੀਸ ਕਮਿਸ਼ਨਰ ਨਾਗੇਸ਼ਵਰ ਰਾਓ ਨੇ ਦੱਸਿਆ ਕਿ ਦਿੱਲੀ ਵਾਸੀ ਮੁਲਜ਼ਮ ਜਤਿੰਦਰ ਚੱਢਾ (36 ਸਾਲ) ਤੋਂ ਪੁੱਛ-ਪੜਤਾਲ ਦੌਰਾਨ ਇਹ ਖ਼ੁਲਾਸਾ ਹੋਇਆ ਹੈ ਕਿ ਇਹ ਚਮੜੀ ਰੋਗ ਤੋਂ ਪੀੜਤ ਹੈ ਅਤੇ ਹਾਲੇ ਤੱਕ ਅਣਵਿਆਹਿਆ ਹੈ। ਬਿਮਾਰੀ ਕਾਰਨ ਇਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੈ ਅਤੇ ਕਈ ਥਾਵਾਂ ਤੋਂ ਇਲਾਜ ਵੀ ਕਰਵਾ ਚੁੱਕਿਆ ਹੈ। ਬਿਮਾਰੀ ਦੀ ਰੋਕਥਾਮ ਲਈ ਕਈ ਧਾਰਮਿਕ ਅਸਥਾਨਾਂ 'ਤੇ ਸੇਵਾ ਵੀ ਕਰ ਚੁੱਕਿਆ ਹੈ। ਇਸੇ ਤਹਿਤ ਹੀ ਉਹ ਹਰਿਮੰਦਰ ਸਾਹਿਬ ਵਿਖੇ ਦੁੱਖ ਭੰਜਨੀ ਬੇਰੀ ਵਿਖੇ ਇਸ਼ਨਾਨ ਕਰਨ ਤੇ ਸੇਵਾ ਕਰਨ ਆਇਆ ਸੀ ਤਾਂ ਜੋ ਉਸ ਦੀ ਬਿਮਾਰੀ ਠੀਕ ਹੋ ਸਕੇ। ਉਨ੍ਹਾਂ ਦੱਸਿਆ ਕਿ ਇਹ ਨੌਜਵਾਨ 29 ਦਸੰਬਰ ਤੋਂ ਇੱਥੇ ਹੈ। ਇਥੇ ਪਰਿਕਰਮਾ ਵਿੱਚ ਬੈਠਾ ਜਦੋਂ ਉਹ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ ਤਾਂ ਅਚਾਨਕ ਮਾਨਸਿਕ ਬਿਮਾਰੀ ਤਹਿਤ ਇਹ ਗੁਟਕੇ ਦੀ ਬੇਅਦਬੀ ਕਰਨ ਲੱਗ ਪਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਹੋਰ ਵੀ ਪੁੱਛ-ਪੜਤਾਲ ਜਾਰੀ ਹੈ।

### ਪੁਲੀਸ ਨੇ ਪਹਿਲਾਂ ਮਾਮਲਾ ਗੋਲ ਮੋਲ ਕਰਨ ਦਾ ਕੀਤਾ ਯਤਨ

ਨਰਿੰਦਰ ਪਾਲ ਸਿੰਘ ਦੀ ਰਿਪੋਰਟ ਅਨੁਸਾਰ ਸਾਲ 2015 ਵਿਚ ਸ੍ਰੀ ਗੁਰੁ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਦੇ ਦੋਸ਼ੀਆਂ ਪ੍ਰਤੀ ਅਪਣਾਏ ਸਰਕਾਰੀ ਰਵਈਏ ਦੀ ਹੀ ਦੇਣ ਹੈ ਕਿ ਹੁਣ ਗੱਲ ਦਰਬਾਰ ਸਾਹਿਬ ਪਰਕਰਮਾ ਤੀਕ ਪੁੱਜ ਗਈ। ਇਸ ਘਟਨਾ ਦੀ ਜਾਣਕਾਰੀ ਮਿਲਦਿਆਂ ਭਾਈ ਅਮਰੀਕ ਸਿੰਘ ਅਜਨਾਲਾ ਵੀ ਥਾਣਾ ਕੋਤਵਾਲੀ ਪਹੁੰਚ ਗਏ। ਉਨ੍ਹਾਂ ਮੌਕੇ 'ਤੇ ਮੌਜੂਦ ਪੁਲਿਸ ਕਮਿਸ਼ਨਰ ਨਗੇਸ਼ਵਰ ਰਾਉ ਨੂੰ ਮਿਲਕੇ ਦੋਸ਼ੀ ਨੂੰ ਵੇਖਣ ਦੀ ਗੱਲ ਕਹੀ ਪਰ ਪੁਲਿਸ ਵਲੋਂ ਮਾਮਲਾ ਗੋਲ ਮੋਲ ਕਰਮ ਦੀ ਨੀਅਤ ਨਾਲ ਦੱਸਿਆ ਗਿਆ ਕਿ ਦੋਸ਼ੀ ਤਾਂ ਨੀਮ ਪਾਗਲ ਹੈ, ਗੱਲ ਨਹੀਂ ਕਰਵਾਈ ਜਾ ਸਕਦੀ। ਪਰ ਭਾਈ ਅਮਰੀਕ ਸਿੰਘ ਨੇ ਪੁਲਿਸ ਦੀ ਇਹ ਕਹਾਣੀ ਮੁੱਢੋਂ ਹੀ ਰੱਦ ਕਰ ਦਿੱਤੀ। ਜ਼ਿਕਰਯੋਗ ਹੈ ਕਿ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਦੋਸ਼ੀ ਬਾਰੇ ਕਾਫੀ ਸਮਾਂ ਕੋਈ ਜਾਣਕਾਰੀ ਹੀ ਨਹੀਂ ਦਿੱਤੀ। ਇਹ ਵੀ ਜ਼ਿਕਰਯੋਗ ਹੈ ਕਿ ਦਰਬਾਰ ਸਾਹਿਬ ਦੇ ਮੌਜੂਦਾ ਮੈਨੇਜਰ ਸੁਲੱਖਣ ਸਿੰਘ ਭੰਗਾਲੀ, ਲੋਕ ਸੰਪਰਕ ਮੰਤਰੀ ਬਿਕਰਮ ਮਜੀਠੀਆ ਦੇ ਕਾਫੀ ਕਰੀਬੀ ਹਨ ਤੇ ਕੁਝ ਸਮਾਂ ਪਹਿਲਾਂ ਹੀ ਮਜੀਠੀਆ ਦੀ ਕਿਰਪਾ ਸਦਕਾ ਪਿੰਡ ਭੰਗਾਲੀ ਦੇ ਸਰਪੰਚ ਵੀ ਬਣੇ ਹਨ।

## ਘਵੱਦੀ ਕੇਸ: ਹਰਬੰਸ ਸਿੰਘ ਕੈਲੇਮਾਜਰਾ (ਨਾਭਾ) ਨੂੰ ਲੁਧਿਆਣਾ ਦੀ ਅਦਾਲਤ ਵਲੋਂ ਮਿਲੀ ਜ਼ਮਾਨਤ

**ਲੁਧਿਆਣਾ/ਸਿੱਖ ਸਿਆਸਤ ਬਿਊਰੋ:**ਘਵੱਦੀ ਕੇਸ ਵਿਚ ਹਰਬੰਸ ਸਿੰਘ ਪਿੰਡ ਕੈਲੇਮਾਜਰਾ (ਨਾਭਾ) ਨੂੰ ਲੁਧਿਆਣਾ ਦੀ ਅਦਾਲਤ ਵਲੋਂ ਜ਼ਮਾਨਤ ਮਿਲ ਗਈ ਹੈ। ਇਨ੍ਹਾਂ 'ਤੇ ਬਲਵਿੰਦਰ ਕੌਰ ਘਵੱਦੀ ਦੇ ਕਤਲ ਨਾਲ ਸਬੰਧਤ ਕੇਸ ਚੱਲ ਰਿਹਾ ਹੈ। ਬਲਵਿੰਦਰ ਕੌਰ ਘਵੱਦੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਦੋਸ਼ੀ ਸੀ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਹਰਬੰਸ ਸਿੰਘ ਪਿੰਡ ਕੈਲੇਮਾਜਰਾ (ਨਾਭਾ) ਨੂੰ ਜ਼ਮਾਨਤ ਮਿਲ ਗਈ ਹੈ ਅਤੇ ਉਨ੍ਹਾਂ ਦੇ ਜਲਦ ਹੀ ਜੇਲ੍ਹ ਵਿਚੋਂ ਬਾਹਰ ਆ ਜਾਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਬਲਵਿੰਦਰ ਕੌਰ ਨੇ ਅਕਤੂਬਰ 2015 'ਚ ਘਵੱਦੀ ਪਿੰਡ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਸੀ। ਉਸਨੂੰ ਜੁਲਾਈ 2016 'ਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਨੇ ਬਲਵਿੰਦਰ ਕੌਰ ਦੇ ਕਤਲ ਦੇ ਸਬੰਧ 'ਚ ਥਾਣਾ ਡੇਹਲੋਂ 'ਚ ਐਫ.ਆਈ.ਆਰ. ਨੰ: 92/16, ਧਾਰਾਵਾਂ 302, ਆਈ.ਪੀ.ਸੀ. ਦੀ ਧਾਰਾ 34, ਗ਼ੈਰ ਕਾਨੂੰਨੀ ਅਸਲੇ ਦੀ ਧਾਰਾਵਾਂ 25, 27, ਅਤੇ ਗ਼ੈਰ ਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਦੀਆਂ ਧਾਰਾਵਾਂ 10, 11, 13, 17, 20 ਤਹਿਤ ਕੇਸ ਦਰਜ ਕੀਤਾ ਸੀ। ਐਡਵੋਕੇਟ ਮੰਝਪੁਰ ਨੇ ਦੱਸਿਆ ਕਿ ਇਸ ਕੇਸ ਵਿਚ ਕੁਲ 7 ਸਿੱਖ ਹਨ ਜਿਨ੍ਹਾਂ ਦੀ ਅਗਲੀ ਤਰੀਕ 9 ਫਰਵਰੀ ਹੈ।

## ਧਰਮੀ ਬੋਲਾਂ ਦੀ ਦੁਰਵਰਤੋਂ ਦੇ ਬਲਬੂਤੇ ਚੋਣਾਂ ਜਿੱਤਣ ਦੇ ਸੁਪਨੇ ਹੋਣਗੇ ਚਕਨਾਚੂਰ : ਪੰਥਕ ਤਾਲਮੇਲ ਸੰਗਠਨ

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:**

ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵ-ਉੱਚਤਾ ਨੂੰ ਸਮਰਪਿਤ ਜਥੇਬੰਦੀਆਂ ਦੇ ਸਾਂਝੇ ਮੰਚ ਪੰਥਕ ਤਾਲਮੇਲ ਸੰਗਠਨ ਨੇ ਸਿਆਸੀ ਲੋਕਾਂ ਵਲੋਂ ਲੋਕਤੰਤਰ ਦਾ ਲੱਕ ਤੋੜਨ ਦੇ ਅਤੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਦੇ ਰੁਝਾਨ ਨੂੰ ਪੂਰੀ ਗੰਭੀਰਤਾ ਨਾਲ ਲਿਆ ਹੈ। ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਕੋਰ ਕਮੇਟੀ ਨੇ ਕਾਂਗਰਸ ਪਾਰਟੀ ਦੇ ਤਾਜ਼ਾ ਅਖੌਤੀ ਭਾਸ਼ਣਾਂ ਪ੍ਰਤੀ ਸਖਤ ਪ੍ਰਤੀਕਰਮ ਕਰਦਿਆਂ ਕਿਹਾ ਕਿ ਧਰਮੀ ਬੋਲਾਂ ਦੀ ਦੁਰਵਰਤੋਂ ਦੇ ਬਲਬੂਤੇ ਜਿੱਤਣ ਦੇ ਸੁਪਨੇ ਚਕਨਾਚੂਰ ਹੋ ਜਾਣਗੇ।

ਕਾਂਗਰਸ ਪਾਰਟੀ ਦੇ ਹਿਤੈਸ਼ੀਆਂ ਵਲੋਂ ਕਦੇ ਕੈਪਟਨ ਅਮਰਿੰਦਰ ਸਿੰਘ ਨੂੰ ਮਰਦ ਅਗੰਮੜਾ' ਦੀ ਸੰਗਿਆ ਨਾਲ ਸੰਬੋਧਨ ਕਰਨ ਦਾ ਮਤਲਬ ਬਣਦਾ ਹੈ ਕਿ ਇਸ ਵਿਅਕਤੀ ਦੀ ਗੁਰੂ ਗੋਬਿੰਦ ਸਿੰਘ ਜੀ ਨਾਲ ਤੁਲਨਾ ਕਰਵਾਉਣ ਦੀ ਕਰਤੂਤ ਕੀਤੀ ਗਈ ਹੈ। ਇਸੇ ਤਰ੍ਹਾਂ ਕਾਂਗਰਸ ਵਿਚ ਨਵੇਂ ਨਵੇਂ ਆਉਣ ਦੇ ਚਾਅ ਵਿਚ ਮਦਹੋਸ਼ ਹੋਏ ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਕਿ ਜਬ ਤਕ ਸੂਬੇ ਮੇਂ ਕਾਂਗਰਸ ਸਰਕਾਰ ਨਾ ਬਣਾਊ ਤਬ ਤੱਕ ਸਿੱਧੂ ਨਾਮ ਨਾ ਕਹਾਊਂ" ਤੁਕ ਵੀ ਸਿੱਖ ਸਾਹਿਤ ਦੇ ਉਸ ਅਧਿਆਏ ਨਾਲ ਜੋੜਿਆ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਚਿੜੀਆਂ ਨਾਲ ਬਾਜ਼ ਲੜਾਉਣ ਅਤੇ ਸਵਾ ਲੱਖ ਨਾਲ ਇਕ ਇਕ ਨੂੰ ਲੜਾਉਣ ਦਾ ਦ੍ਰਿੜ ਸੰਕਲਪ ਪੇਸ਼ ਕੀਤਾ ਹੋਇਆ ਹੈ। ਇਹਨਾਂ ਅਖੌਤੀ ਸਿਆਸੀਦਾਨਾਂ ਵਲੋਂ ਧਰਮੀ ਬੋਲਾਂ ਨੂੰ ਆਧਾਰ ਬਣਾ ਕੇ ਕੀਤੀ ਬਿਆਨਬਾਜ਼ੀ ਨਾਲ ਜਿੱਥੇ ਧਾਰਮਿਕ ਹਿਰਦੇ ਵਲੂੰਧਰੇ ਗਏ ਹਨ ਉੱਥੇ ਸਿਹਤਮੰਦ ਚੋਣਾਂ ਕਰਾਉਣ ਦੇ ਰਾਹ ਵਿਚ ਕੰਡੇ ਸੁੱਟੇ ਗਏ ਹਨ।



ਸੰਗਠਨ ਨੇ ਚਿਤਾਵਨੀ ਦਿੱਤੀ ਕਿ ਕੋਈ ਵੀ ਧਿਰ ਇਹ ਭਰਮ ਭੁਲੇਖੇ ਵਿਚ ਨਾ ਰਹੇ ਕਿ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਵੀ ਸਿਆਸੀ ਸਫਬੰਦੀ ਹੀ ਕਾਬਜ਼ ਹੈ ਤੇ ਸਾਨੂੰ ਕੋਈ ਪੁੱਛਣ ਵਾਲਾ ਨਹੀਂ। ਜਦ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਉੱਚੇ ਸੁੱਚੇ ਸਿਧਾਂਤਾਂ ਦਾ ਜ਼ਾਮਨ ਖਾਲਸਾ ਜਾਗਦਾ ਹੈ ਅਤੇ ਉਹ ਭਾਵੇਂ ਸਿਆਸੀ ਧੱਕੇਸ਼ਾਹੀ ਕਾਰਣ ਸ੍ਰੀ ਅਕਾਲ ਤਖਤ ਦੇ ਪ੍ਰਬੰਧ ਤੋਂ ਦੂਰ ਹੋਵੇ ਪਰ ਹਰ ਐਕਸ਼ਨ ਕਰ ਸਕਦਾ ਹੈ ਜੋ ਕਰਨਾ ਬਣੇਗਾ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce

Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SFO/LAX to DELHI
FARE as LOW as
Starting from
695 to 895
With Senior Citizens & Students Discount
(including taxes)




Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC
- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901




*ਪੈਸਾ ਬੋਲਦਾ ਹੈ..... 16 ਮੰਤਰੀਆਂ ਅਤੇ ਸਾਰੇ ਵਿਧਾਇਕਾਂ ਦੇ ਨਾਮਜ਼ਦਗੀ ਪੱਤਰਾਂ 'ਚ ਦਰਜ ਜਾਣਕਾਰੀਆਂ ਦੇ ਆਧਾਰ 'ਤੇ ਰਿਪੋਰਟ*

# ਮੰਤਰੀਆਂ ਦੀ ਜਾਇਦਾਦ ਹੋਈ ਤਿਗੁਣੀ, ਵਿਧਾਇਕਾਂ ਦੀ 30% ਵਧੀ

### ਸਭ ਤੋਂ ਵੱਧ ਕਾਂਗਰਸ ਵਿਧਾਇਕਾਂ ਦੀ ਜਾਇਦਾਦ 43% ਵਧੀ, ਅਕਾਲੀਆਂ ਦੀ 11%, ਭਾਜਪਾਈਆਂ ਦੀ 5.7% ਘਟੀ

**ਜਲੰਧਰ/ਬਿਊਰੋ ਨਿਊਜ਼ :**
2017 ਦੀ ਵਿਧਾਨ ਸਭਾ ਚੋਣ ਲਈ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਦੀ ਪ੍ਰੀਕਿਰਿਆ ਪੂਰੀ ਹੋ ਗਈ ਹੈ। ਇਸ ਵਾਰ ਚੋਣ ਮੈਦਾਨ ਵਿਚ 2012 'ਚ ਚੋਣ ਲੜਨ ਵਾਲੇ ਅਕਾਲੀ ਦਲ ਦੇ 41, ਕਾਂਗਰਸ ਦੇ 36, ਭਾਜਪਾ ਦੇ 9 ਅਤੇ 3 ਦਲ-ਬਦਲੂ ਵਿਧਾਇਕ ਮੈਦਾਨ ਵਿਚ ਹਨ। ਉਨਾਂ ਵੱਲੋਂ ਚੋਣ ਅਧਿਕਾਰੀਆਂ ਕੋਲ ਜਮਾਂ ਕਰਵਾਏ ਗਏ ਸਹੁੰ ਚੁੱਕ ਪੱਤਰਾਂ ਦਾ ਅਧਿਐਨ ਕੀਤਾ ਗਿਆ। ਅਕਾਲੀ-ਭਾਜਪਾ ਸਰਕਾਰ ਦੇ ਮੌਜੂਦਾ 18 ਮੰਤਰੀਆਂ ਵਿਚੋਂ 16 ਨੂੰ ਟਿਕਟ ਮਿਲੀ ਹੈ। ਇਨਾਂ ਵਿਚ 14 ਅਕਾਲੀ ਦਲ ਅਤੇ 2 ਭਾਜਪਾ ਤੋਂ ਹਨ। 2012 ਵਿਚ ਮੰਤਰੀਆਂ ਦੀ ਕੁਲ ਜਾਇਦਾਦ 2.53 ਅਰਬ (ਔਸਤ 15.86 ਕਰੋੜ) ਸੀ। 2017 ਵਿਚ ਇਨਾਂ 16 ਮੰਤਰੀਆਂ ਦੀ ਕੁਲ ਜਾਇਦਾਦ 7.78 ਅਬਰ (48. 62 ਕਰੋੜ) ਹੋ ਗਈ ਹੈ। ਇਸ ਤਰਾਂ ਪੰਜ ਸਾਲ 'ਚ ਇਨਾਂ ਦੀ ਕੁਲ ਜਾਇਦਾਦ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ।

### ਪੰਜਾਬ ਦੇ ਕੈਬਨਿਟ ਦੀ ਜਾਇਦਾਦ 'ਚ ਵਾਧੇ ਦਾ ਲੇਖਾ-ਜੋਖਾ

| ਮੰਤਰੀ | 2012 | 2017 |
|---|---|---|
| ਸੁਖਬੀਰ ਸਿੰਘ ਬਾਦਲ | 90,86,01,691 | 1,02,76,15,022 |
| ਆਦੇਸ਼ ਪ੍ਰਤਾਪ ਸਿੰਘ ਕੈਰੋਂ | 51,23,00,000 | 53,21,00,000 |
| ਬਿਕਰਮਜੀਤ ਸਿੰਘ ਮਜੀਠੀਆ | 11,21,18,806 | 25,22,80,202 |
| ਜਥੇਦਾਰ ਤੋਤਾ ਸਿੰਘ | 19,24,59,000 | 20,47,41,933 |
| ਸੁਰਜੀਤ ਸਿੰਘ ਰੱਖੜਾ | 20,10,82,964 | 17,10,55,877 |
| ਪ੍ਰਕਾਸ਼ ਸਿੰਘ ਬਾਦਲ | 6,75,27,974 | 14,49,8,983 |
| ਜਨਮੇਜਾ ਸਿੰਘ ਸੇਖੋਂ | 13,71,31,230 | 12,58,26,000 |
| ਸਿਕੰਦਰ ਸਿੰਘ ਮਲੂਕਾ | 8,37,72,103 | 10,78,71,695 |
| ਸ਼ਰਨਜੀਤ ਸਿੰਘ ਢਿੱਲੋਂ | 9,72,46,683 | 10,64,77,656 |
| ਪਰਮਿੰਦਰ ਸਿੰਘ ਢੀਂਡਸਾ | 5,42,14,034 | 9,62,13,974 |
| ਗੁਲਜਾਰ ਸਿੰਘ ਰਣੀਕੇ | 5,93,98,263 | 6,26,85,500 |
| ਸੁਰਜੀਤ ਕੁਮਾਰ ਜਿਆਣੀ | 4,37,28,691 | 5,57,55,286 |
| ਅਜੀਤ ਸਿੰਘ ਕੋਹਾੜ | 2,19,89,045 | 3,48,00,000 |
| ਅਨਿਲ ਜੋਸ਼ੀ | 1,32,28,421 | 2,58,63,562 |
| ਡਾ. ਦਲਜੀਤ ਸਿੰਘ ਚੀਮਾ | 2,04,09,136 | 2,21,81,639 |
| ਸੋਹਨ ਸਿੰਘ ਠੰਡਲ | 1,31,76,185 | 2,11,64,957 |




**ਸਭ ਤੋਂ ਅਮੀਰ ਮੰਤਰੀ ਸੁਖਬੀਰ, ਸਭ ਤੋਂ ਜ਼ਿਆਦਾ ਗਰੋਥ 125% ਮਜੀਠੀਆ ਦੀ, ਸਭ ਤੋਂ ਘੱਟ ਗਰੋਥ 3.9% ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ, ਸਭ ਤੋਂ ਘੱਟ ਅਮੀਰ ਸੋਹਨ ਸਿੰਘ ਠੰਡਲ**




* 2012 'ਚ ਜੇਤੂ 41 ਅਕਾਲੀ ਵਿਧਾਇਕਾਂ ਦੀ ਔਸਤ ਜਾਇਦਾਦ 3.49 ਕਰੋੜ ਸੀ। ਇਨਾਂ 'ਚ 36 ਵਿਧਾਇਕਾਂ ਦੀ ਔਸਤ ਜਾਇਦਾਦ 2017 'ਚ ਵੱਧ ਕੇ 11.30 ਕਰੋੜ ਹੋ ਗਈ ਹੈ। ਜ਼ਿਕਰਯੋਗ ਹੈ ਕਿ ਇਸ ਵਾਰ ਚੋਣ ਲੜਨ ਵਾਲੀਆਂ ਤਿੰਨ ਪਾਰਟੀਆਂ ਦੇ ਵਿਧਾਇਕਾਂ ਵਿਚੋਂ ਅਕਾਲੀ ਦਲ ਦੇ 41, ਕਾਂਗਰਸ ਦੇ 36 ਅਤੇ ਭਾਜਪਾ ਦੇ 9 ਵਿਧਾਇਕ 2007 ਵਿਚ ਵੀ ਵਿਧਾਇਕ ਸਨ।

# ਚਾਰੇ ਮੁੱਖ ਪਾਰਟੀਆਂ ਦੇ ਉਮੀਦਵਾਰਾਂ 'ਚੋਂ 80% ਕਰੋੜਪਤੀ

## *ਕਾਂਗਰਸ ਦੇ 99, ਅਕਾਲੀ-ਭਾਜਪਾ ਦੇ 107 ਅਤੇ 'ਆਪ' ਦੇ 71 ਉਮੀਦਵਾਰ ਕਰੋੜਪਤੀ*

ਜਲੰਧਰ/ਬਿਊਰੋ ਨਿਊਜ਼ : ਪੰਜਾਬ 'ਚ ਤਿੰਨ ਮੁੱਖ ਪਾਰਟੀਆਂ ਦੇ ਕੁੱਲ 350 ਉਮੀਦਵਾਰ ਮੈਦਾਨ ਵਿਚ ਹਨ। ਇਨ੍ਹਾਂ ਵਿਚ 348 ਉਮੀਦਵਾਰਾਂ ਦੇ ਨਾਮਜ਼ਦਗੀ ਕਾਗਜ਼ਾਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ 80% ਉਮੀਦਵਾਰ ਕਰੋੜਪਤੀ ਹਨ। ਪੰਜ ਪਾਰਟੀਆਂ ਨੇ 3 ਅਰਬਪਤੀਆਂ ਅਤੇ 273 ਕਰੋੜਪਤੀਆਂ ਨੂੰ ਮੈਦਾਨ ਵਿਚ ਉਤਾਰਿਆ ਹੈ। ਕਾਂਗਰਸ ਵਿਚ 2 ਅਰਬਪਤੀ ਅਤੇ ਅਕਾਲੀ ਦਲ 'ਚ ਇਕ ਅਰਬਪਤੀ ਹੈ। ਸਭ ਤੋਂ ਜ਼ਿਆਦਾ 95 ਕਰੋੜਪਤੀ ਕਾਂਗਰਸ ਤੋਂ ਹਨ। ਅਕਾਲੀ ਦਲ ਵਿਚ 87, ਭਾਜਪਾ ਵਿਚ 21 ਅਤੇ 'ਆਪ' ਦੇ 68 ਉਮੀਦਵਾਰ ਕਰੋੜਪਤੀ ਹਨ। ਬਾਕੀ ਸਾਰੇ ਲਖਪਤੀ ਹਨ।

### ਅਕਾਲੀ ਦਲ
*ਸੁਖਬੀਰ ਇਕੱਲੇ ਅਰਬਪਤੀ, 14 ਬਾਦਲ ਤੋਂ ਅਮੀਰ*

**ਸਭ ਤੋਂ ਅਮੀਰ :**
**ਸੁਖਬੀਰ ਬਾਦਲ**, 1.02 ਕਰੋੜ ਰੁਪਏ
**ਸਭ ਤੋਂ ਘੱਟ ਅਮੀਰ :**
**ਦਰਸ਼ਨ ਸਿੰਘ ਕੋਟਫੱਤਾ**, 23.52 ਲੱਖ
ਅਕਾਲੀ ਦਲ ਦੇ ਸਾਰੇ ਉਮੀਦਵਾਰਾਂ ਦੀ ਕੁੱਲ ਜਾਇਦਾਦ 8.77 ਅਰਬ ਅਤੇ ਔਸਤ 9.32 ਕਰੋੜ ਰੁਪਏ ਹੈ। ਅਕਾਲੀ ਦਲ ਵਿਚ ਸਿਰਫ 7 ਉਮੀਦਵਾਰ ਲਖਪਤੀ ਹਨ। 14 ਉਮੀਦਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲੋਂ ਅਮੀਰ ਹਨ।

### ਕਾਂਗਰਸ
*ਤਿੰਨ ਕੈਪਟਨ ਤੋਂ ਅਮੀਰ, ਦੋ ਅਰਬਪਤੀ*

**ਸਭ ਤੋਂ ਅਮੀਰ :**
**ਰਾਣਾ ਗੁਰਜੀਤ ਸਿੰਘ**, 1.70 ਅਰਬ
**ਸਭ ਤੋਂ ਘੱਟ ਅਮੀਰ :**
**ਸਤਕਾਰ ਕੌਰ**, 21.30 ਲੱਖ ਰੁਪਏ
ਕਾਂਗਰਸ ਉਮੀਦਵਾਰਾਂ ਦੀ ਕੁੱਲ ਜਾਇਦਾਦ 13.26 ਅਰਬ ਹੈ, ਔਸਤ 11.63 ਕਰੋੜ। ਕਾਂਗਰਸ 'ਚ ਦੋ ਉਮੀਦਵਾਰ ਰਾਣਾ ਗੁਰਜੀਤ ਸਿੰਘ ਅਤੇ ਕਰਨ ਕੌਰ ਬਰਾੜ (1.19 ਅਰਬ) ਅਰਬਪਤੀ ਹਨ।

### ਭਾਜਪਾ
*23 ਵਿਚੋਂ 20 ਕਰੋੜਪਤੀ*

ਸਭ ਤੋਂ ਅਮੀਰ :
**ਸੁਖਪਾਲ ਸਿੰਘ ਨੰਨੂ**, 41.20 ਕਰੋੜ
**ਸਭ ਤੋਂ ਘੱਟ ਅਮੀਰ :**
**ਅਸ਼ਵਨੀ ਸ਼ਰਮਾ**, 63.75 ਲੱਖ
ਭਾਜਪਾ ਉਮੀਦਵਾਰਾਂ ਦੀ ਕੁੱਲ ਜਾਇਦਾਦ 95.39 ਕਰੋੜ ਹੈ, ਔਸਤ 4.14 ਕਰੋੜ ਹੈ।

ਦੂਜੇ ਨੰਬਰ 'ਤੇ ਤੀਕਸ਼ਣ ਸੂਦ (14.75 ਕਰੋੜ), ਤੀਜੇ ਨੰਬਰ 'ਤੇ ਗੁਰਦੇਵ ਸ਼ਰਮਾ (9.48 ਕਰੋੜ) ਹਨ।

### ਆਮ ਆਦਮੀ ਪਾਰਟੀ
*50 ਉਮੀਦਵਾਰ ਕੇਜਰੀਵਾਲ ਤੋਂ ਅਮੀਰ, 45 ਲੱਖਪਤੀ ਵੀ*

**ਸਭ ਤੋਂ ਅਮੀਰ :**
**ਕੈਪਟਨ ਬਿਕਰਮਜੀਤ**, 70.27 ਕਰੋੜ
**ਸਭ ਤੋਂ ਘੱਟ ਅਮੀਰ :**
**ਪ੍ਰੋ. ਬਲਜਿੰਦਰ ਕੌਰ**, 3.65 ਲੱਖ
'ਆਪ' ਦੇ ਉਮੀਦਵਾਰਾਂ ਦੀ ਕੁਲ ਜਾਇਦਾਦ 7.17 ਅਰਬ। ਔਸਤ 6.35 ਕਰੋੜ। 50 ਉਮੀਦਵਾਰ 2.09 ਕਰੋੜ ਦੀ ਜਾਇਦਾਦ ਵਾਲੇ ਕੇਜਰੀਵਾਲ ਤੋਂ ਅਮੀਰ। ਸਹਿਯੋਗੀ ਲੋਕ ਇਨਸਾਫ਼ ਪਾਰਟੀ ਵਿਚ ਸਿਮਰਜੀਤ ਬੈਂਸ (12.17 ਕਰੋੜ) ਸਭ ਤੋਂ ਅਮੀਰ ਹਨ।

## ਬਾਦਲਾਂ ਦੇ ਹਲਕੇ 'ਚ ਪਰਵਾਸੀਆਂ ਨੇ ਸੰਭਾਲਿਆ 'ਆਪ' ਦਾ ਮੋਰਚਾ

**ਬਠਿੰਡਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੀ ਪਰਵਾਸੀ ਟੀਮ ਨੇ ਬਾਦਲਾਂ ਦੇ ਹਲਕਿਆਂ ਵਿੱਚ ਮੋਰਚਾ ਸੰਭਾਲ ਲਿਆ ਹੈ। 'ਆਪ' ਦੇ ਅਰਵਿੰਦ ਕੇਜਰੀਵਾਲ ਨੇ ਅੱਜ ਬਠਿੰਡਾ ਤੋਂ ਬਾਦਲਾਂ ਦੇ ਹਲਕਿਆਂ ਲਈ ਪਰਵਾਸੀ ਭਾਰਤੀਆਂ ਦੀ ਟੀਮ ਨੂੰ ਰਵਾਨਾ ਕੀਤਾ। ਕੈਨੇਡਾ, ਅਮਰੀਕਾ ਅਤੇ ਨਿਊਜ਼ੀਲੈਂਡ ਤੋਂ ਪੁੱਜੇ ਇਹ ਪਰਵਾਸੀ ਭਾਰਤੀ 'ਆਪ' ਦੀ ਹਮਾਇਤ ਵਿੱਚ ਬਠਿੰਡਾ, ਮਾਨਸਾ ਅਤੇ ਲੰਬੀ ਹਲਕੇ ਵਿੱਚ ਕੰਮ ਕਰਨਗੇ।
'ਆਪ' ਦੀ ਕੈਨੇਡਾ ਟੀਮ ਦੇ ਮੀਤ ਪ੍ਰਧਾਨ ਕਮਲਜੀਤ ਸਿੰਘ ਸਿੱਧੂ (ਰਾਈਆ) ਨੇ ਅਰਵਿੰਦ ਕੇਜਰੀਵਾਲ ਨੂੰ ਪੁੱਜੇ ਪਰਵਾਸੀ ਭਾਰਤੀਆਂ ਦੀ ਸੂਚੀ ਸੌਂਪੀ ਅਤੇ ਹਦਾਇਤਾਂ ਪ੍ਰਾਪਤ ਕੀਤੀਆਂ। ਕੇਜਰੀਵਾਲ ਨੇ ਇਨ੍ਹਾਂ ਪਰਵਾਸੀ ਭਾਰਤੀਆਂ ਨੂੰ ਰਣਨੀਤੀ ਸਮਝਾਈ ਅਤੇ 4 ਫਰਵਰੀ ਤੱਕ ਇਨ੍ਹਾਂ ਹਲਕਿਆਂ ਵਿੱਚ ਦਿਨ ਰਾਤ ਕੰਮ ਕਰਨ ਦੀ ਹਦਾਇਤ ਕੀਤੀ। ਦੱਸਣਯੋਗ ਹੈ ਕਿ ਕੇਜਰੀਵਾਲ ਇੱਥੇ ਐਡਵੋਕੇਟ ਨਵਦੀਪ ਜੀਦਾ ਦੀ ਰਿਹਾਇਸ਼ 'ਤੇ ਠਹਿਰੇ ਹੋਏ ਸਨ। ਕੈਨੇਡਾ ਤੋਂ ਆਏ 'ਆਪ' ਦੇ ਮੀਡੀਆ ਕਨਵੀਨਰ ਹਰਪ੍ਰੀਤ ਖੋਸਾ ਅਤੇ ਨਿਊਜੀਲੈਂਡ ਤੋਂ 'ਆਪ' ਦੀ ਸਕੱਤਰ ਖ਼ੁਸ਼ਮੀਤ ਕੌਰ ਨੇ ਕੇਜਰੀਵਾਲ ਨਾਲ ਮਿਲਣੀ ਦੌਰਾਨ ਆਉਂਦੇ ਦਿਨਾਂ ਵਿੱਚ ਪੰਜਾਬ ਚੋਣਾਂ ਵਿੱਚ ਪੁੱਜ ਰਹੇ ਪਰਵਾਸੀ ਪੰਜਬੀਆਂ ਦੀ ਗਿਣਤੀ ਅਤੇ ਉਨ੍ਹਾਂ ਦੀ ਤਾਇਨਾਤੀ ਬਾਰੇ ਵਿਚਾਰ ਵਟਾਂਦਰਾ ਕੀਤਾ।

**ਬਾਕੀ ਸਫ਼ਾ 32 'ਤੇ**

## ਪਰਵਾਸੀਆਂ ਦੀ ਆਮਦ ਤੋਂ ਖ਼ਫਾ ਕੁਝ ਰਾਜਸੀ ਧਿਰਾਂ ਚੋਣ ਕਮਿਸ਼ਨ ਕੋਲ ਪੁੱਜੀਆਂ

### ਕਮਿਸ਼ਨ ਕਰ ਰਿਹੈ ਵਿਦੇਸ਼ ਮੰਤਰਾਲੇ ਨਾਲ ਸਲਾਹ-ਮਸ਼ਵਰਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਖ਼ਾਤਰ ਆਏ ਪਰਵਾਸੀ ਭਾਰਤੀਆਂ ਦੀਆਂ ਗਤੀਵਿਧੀਆਂ ਕੁੱਝ ਸਿਆਸੀ ਧਿਰਾਂ ਨੂੰ ਰੜਕਣ ਲੱਗੀਆਂ ਹਨ। ਪਰਵਾਸੀਆਂ ਦੀ ਚੋਣਾਂ ਵਿਚ ਭੂਮਿਕਾ ਦੇ ਮੁੱਦੇ 'ਤੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਪਹੁੰਚ ਗਈ ਹੈ। ਕਮਿਸ਼ਨ ਵੱਲੋਂ ਇਹ ਮਾਮਲਾ ਵਿਚਾਰਿਆ ਜਾ ਰਿਹਾ ਹੈ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿੱਧੇ ਤੌਰ 'ਤੇ ਪਰਵਾਸੀਆਂ ਉਤੇ ਚੋਣ ਪ੍ਰਚਾਰ ਕਰਨ 'ਤੇ ਕੋਈ ਰੋਕ ਜਾਂ ਪਾਬੰਦੀ ਨਹੀਂ ਫਿਰ ਵੀ ਕਮਿਸ਼ਨ ਵੱਲੋਂ ਵਿਦੇਸ਼ ਮੰਤਰਾਲੇ ਦੀ ਸਲਾਹ ਲਈ ਜਾ ਰਹੀ ਹੈ। ਸੀਨੀਅਰ ਪੱਤਰਕਾਰ ਦਵਿੰਦਰ ਪਾਲ ਦੀ ਰਿਪੋਰਟ ਅਨੁਸਾਰ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਹੋਰ ਯੂਰਪੀ ਮੁਲਕਾਂ ਤੋਂ ਪਰਵਾਸੀਆਂ ਦੀ ਇਨ੍ਹਾਂ ਦਿਨਾਂ ਦੌਰਾਨ ਭਰਵੀਂ ਆਮਦ ਹੋਣ ਲੱਗੀ ਹੈ। ਪਰਵਾਸੀਆਂ ਵੱਲੋਂ ਆਪਣੇ ਸਕੇ ਸਬੰਧੀਆਂ 'ਤੇ ਇੱਕੋ ਪਾਰਟੀ ਦੀ ਹਮਾਇਤ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਪਰਵਾਸੀਆਂ ਵੱਲੋਂ ਪਿਛਲੇ ਦੋ ਕੁ ਸਾਲਾਂ ਤੋਂ ਅਕਾਲੀ-ਭਾਜਪਾ ਸਰਕਾਰ ਖਾਸਕਰ ਬਾਦਲ ਪਰਿਵਾਰ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਤਿੱਖੀ ਮੁਹਿੰਮ ਚਲਾਈ ਹੋਈ ਹੈ। ਸੂਬੇ ਵਿਚ ਚੋਣਾਂ ਸਮੇਂ ਪਰਵਾਸੀਆਂ ਵੱਲੋਂ ਸਿਆਸੀ ਪਾਰਟੀਆਂ ਨੂੰ ਫੰਡ ਵੀ ਭੇਜਿਆ ਜਾਂਦਾ ਹੈ। ਇਸ ਵਾਰੀ ਪਰਵਾਸੀਆਂ ਦੀ ਮਦਦ ਲੈਣ ਵਿਚ ਆਮ ਆਦਮੀ ਪਾਰਟੀ ਮੋਹਰੀ ਜਾਪ ਰਹੀ ਹੈ। ਜ਼ਿਆਦਾਤਰ ਐਨਆਰਆਈਜ਼ ਵੱਲੋਂ 'ਆਪ' ਦੀ ਖ਼ੁੱਲ੍ਹੀ ਹਮਾਇਤ ਕੀਤੀ ਜਾ ਰਹੀ ਹੈ। ਕਾਂਗਰਸ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਰਵਾਸੀ ਉਸ ਦੇ ਹੱਕ ਵਿਚ ਚੋਣ ਪ੍ਰਚਾਰ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਪਰਵਾਸੀਆਂ ਦੀ ਉਸ ਤਰ੍ਹਾਂ ਹਮਾਇਤ ਨਹੀਂ ਮਿਲ

**ਬਾਕੀ ਸਫ਼ਾ 32 'ਤੇ**

### 'ਆਪ' ਉਮੀਦਵਾਰ ਗੁਰਪ੍ਰੀਤ ਭੱਟੀ ਆਪਣੇ 'ਹਮਸ਼ਕਲ' ਤੋਂ ਪ੍ਰੇਸ਼ਾਨ



ਅਮਲੋਹ ਵਿਧਾਨ ਸਭਾ ਹਲਕੇ ਤੋਂ 'ਆਪ' ਦੇ ਉਮੀਦਵਾਰ ਗੁਰਪ੍ਰੀਤ ਸਿੰਘ ਭੱਟੀ ਦੇ ਨਾਂ ਅਤੇ ਹੂ-ਬ-ਹੂ ਮਿਲਦੀ ਸ਼ਕਲ ਵਾਲਾ ਉਮੀਦਵਾਰ ਸਾਹਮਣੇ ਆਇਆ ਹੈ। ਚੋਣ ਅਧਿਕਾਰੀਆਂ ਮੁਤਾਬਕ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿੱਚ ਨਿੱਤਰੇ ਗੁਰਪ੍ਰੀਤ ਸਿੰਘ ਦਾ ਗੋਤ ਹੀ 'ਆਪ' ਦੇ ਉਮੀਦਵਾਰ ਨਾਲ ਮੇਲ ਨਹੀਂ ਖਾਂਦਾ ਸਗੋਂ ਸ਼ਕਲ ਤੇ ਪੱਗ ਬੰਨ੍ਹਣ ਦੀ ਕਲਾ ਵੀ ਦੋਹਾਂ ਦੀ ਇੱਕ ਸਮਾਨ ਹੈ। 'ਆਪ' ਉਮੀਦਵਾਰ ਨੇ ਇਸ ਨੂੰ ਵਿਰੋਧੀਆਂ ਦੀ ਚਾਲ ਦੱਸਿਆ ਹੈ। ਸ਼ਿਕਾਇਤ ਮੁਤਾਬਕ ਫੋਟੋ ਨੂੰ ਕੰਪਿਊਟਰ ਦੀ ਮਦਦ ਨਾਲ ਬਦਲਿਆ ਗਿਆ ਹੈ ਤਾਂ ਜੋ 'ਆਪ' ਉਮੀਦਵਾਰ ਦਾ ਸਿਆਸੀ ਨੁਕਸਾਨ ਕੀਤਾ ਜਾ ਸਕੇ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਚੋਣ ਅਫ਼ਸਰ ਨੂੰ ਇਸ ਮਾਮਲੇ ਦੀ ਜਾਂਚ ਦੇ ਨਿਰਦੇਸ਼ ਦਿੱਤੇ ਗਏ ਹਨ।




# ਅਸੀਂ ਕੁੱਝ ਕਰੀਏ ਤਾਂ ਗ਼ਦਰ ਮਚ ਜਾਊ : ਬਾਦਲ

**ਵੱਡੇ ਬਾਦਲ ਨੂੰ ਗੁੱਸਾ ਕਿਉਂ ਆਉਣ ਲੱਗਾ ?**

## ਤਿੰਨ ਦਿਨ ਪਹਿਲਾਂ ਸਖ਼ਤ ਸ਼ਬਦਾਂ 'ਚ ਕੈਪਟਨ ਨੂੰ ਨਸੀਹਤ ਦਿੱਤੀ ਸੀ ਕਿ ਸ਼ਿਸ਼ਟਾਚਾਰ ਦੇ ਪਾਠ ਮੇਰੇ ਤੋਂ ਸਿੱਖਣ



**ਸੁਲਤਾਨਪੁਰ ਲੋਧੀ/ਬਿਊਰੋ ਨਿਊਜ਼ :** 89 ਸਾਲ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲੀ ਵਾਰ ਹਿੰਸਕ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ - "ਇਹ ਆਮ ਆਦਮੀ ਪਾਰਟੀ ਵਾਲੇ ਲੀਡਰ ਵੇਖ ਲਓ... ਕਈ ਆਪਣੇ ਸਮਰਥਕਾਂ ਨੂੰ ਕਹਿੰਦੇ ਅਕਾਲੀਆਂ ਦੇ ਰੋੜੇ ਮਾਰੋ, ਪੱਥਰ ਮਾਰੋ, ਛਿੱਤਰ ਮਾਰੋ। ਜੇ ਅਸੀਂ ਕੁਝ ਕਰੀਏ ਤਾਂ ਗ਼ਦਰ ਹੋ ਜਾਊ... ।" ਬਾਦਲ ਸੁਲਤਾਨਪੁਰ ਲੋਧੀ 'ਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ, "ਕੇਜਰੀਵਾਲ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਦੀ ਹਾਲਤ ਅਜਿਹੀ ਹੈ ਜਿਵੇਂ ਕਿਸੇ ਦੀ ਮੱਝ ਗੁਆਚ ਗਈ ਹੋਵੇ ਅਤੇ ਉਹ ਉਸ ਨੂੰ ਲੱਭਣ ਲਈ ਸਾਰੀਆਂ ਥਾਵਾਂ 'ਤੇ ਜਾ ਕੇ ਔਧੋ ਪੈਸੇ ਚੜ੍ਹਾਵੇ ਵਜੋਂ ਦੇਣ ਦੀ ਗੱਲ ਕਹਿੰਦਾ ਹੈ। ਜਦੋਂ ਕਿਸੇ ਨੇ ਕੇਜਰੀਵਾਲ ਤੋਂ ਪੁੱਛਿਆ ਤਾਂ ਉਹ ਕਹਿਣ ਲੱਗਾ ਬਾਅਦ 'ਚ ਕਿਸ ਨੇ ਵੇਖਿਆ, ਇਕ ਵਾਰ ਸਿੰਗ ਹੱਥ 'ਚ ਫੜ ਲੈਣ ਦਿਓ। ਕੇਜਰੀਵਾਲ ਕਿਸੇ ਵੀ ਹਾਲਤ 'ਚ ਪੰਜਾਬ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਜਿਵੇਂ ਟਰੱਕ ਪਿੱਛੇ ਲਿਖਿਆ ਹੁੰਦਾ ਹੈ-ਚਲ ਬਲੀਏ ਤੇਰਾ ਰੱਬ ਰਾਖਾ, ਇਨ੍ਹਾਂ ਦੇ ਹੱਥ ਸੱਤਾ ਆਈ ਤਾਂ ਇਹੀ ਹਾਲ ਹੋਵੇਗਾ।"

ਬਾਦਲ ਨੇ ਅੱਗੇ ਕਿਹਾ ਕਿ ਦਿੱਲੀ ਅਜਿਹਾ ਸੂਬਾ ਹੈ, ਜਿੱਥੇ ਪੂਰੇ ਦੇਸ਼ ਦੇ ਲੋਕ ਵਸੇ ਹੋਏ ਹਨ। ਦਿੱਲੀ ਸਰਕਾਰ 'ਚ ਜਿੱਤੇ ਸਾਰੇ ਜਾਤਾਂ ਦੇ ਵਿਧਾਇਕ ਹਨ। ਕੇਜਰੀਵਾਲ ਇਥੇ ਪੰਜਾਬ 'ਚ ਸਿੱਖਾਂ ਦੇ ਹਿਤੈਸ਼ੀ ਹੋਣ ਦੀ ਗੱਲ ਕਹਿ ਰਹੇ ਹਨ, ਪਰ ਦਿੱਲੀ 'ਚ ਕਿਸੇ ਸਿੱਖ ਨੂੰ ਮੰਤਰੀ ਨਹੀਂ ਬਣਾਇਆ ਹੈ।

**ਅਜਿਹੇ ਤਿੱਖੇ ਬਿਆਨਾਂ ਦੀ ਅਸਲ ਕਹਾਣੀ :**

ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਦੇ ਕਾਫਲੇ 'ਤੇ ਪਥਰਾਅ, ਫਿਰ ਖੁਦ 'ਤੇ ਜੁੱਤੇ ਸੁੱਟਣ ਦੀ ਘਟਨਾ ਤੋਂ ਬਾਅਦ ਲਗਾਤਾਰ ਲੰਬੀ 'ਚ ਵਿਰੋਧ ਹੀ, ਮੁੱਖ ਮੰਤਰੀ ਬਾਦਲ ਦੇ ਅਜਿਹੇ ਬਿਆਨਾਂ ਦੀ ਮੁੱਖ ਵਜ੍ਹਾ ਮੰਨੀ ਜਾ ਰਹੀ ਹੈ। ਹਰ ਮਾਲਮੇ 'ਚ ਅਕਾਲੀ ਨੇਤਾ 'ਆਪ' ਦੇ ਨੇਤਾਵਾਂ 'ਤੇ ਦੋਸ਼ ਲਗਾਉਂਦੇ ਰਹੇ ਹਨ ਕਿ ਉਨ੍ਹਾਂ ਦੇ ਕਹਿਣ 'ਤੇ ਹੀ ਇਹ ਘਟਨਾਵਾਂ ਵਾਪਰੀਆਂ।

- **9 ਜਨਵਰੀ :** ਫਾਜ਼ਿਲਕਾ ਦੇ ਪਿੰਡ ਕੰਧਵਾਲਾ ਹਾਜਰ ਖਾਂ 'ਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਕਾਫਲੇ 'ਤੇ 15-20 ਨੌਜਵਾਨਾਂ ਨੇ ਪਥਰਾਅ ਕੀਤਾ।
- **12 ਜਨਵਰੀ :** ਲੰਬੀ ਦੇ ਪਿੰਡ ਛੋਟਾ ਰੱਤਾਖੇੜਾ 'ਚ ਰੈਲੀ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਵਿਅਕਤੀ ਨੇ ਜੁੱਤੀ ਮਾਰੀ, ਜੋ ਬਾਦਲ ਦੇ ਮੂੰਹ 'ਤੇ ਲੱਗੀ।



**ਨੂੰਹ ਹਰਸਿਮਰਤ ਦਾ ਵੀ ਇਹੀ ਬਿਆਨ**

ਬਾਦਲ ਦੀ ਕੇਂਦਰੀ ਮੰਤਰੀ ਨੂੰਹ ਹਰਸਿਮਰਤ ਕੌਰ ਬਾਦਲ ਨੇ ਕਿਹਾ, "ਜਿਸ ਤਰ੍ਹਾਂ ਦੀਆਂ ਹਰਕਤਾਂ ਇਹ ਕਰ ਰਹੇ ਹਨ, ਬਾਦਲ ਸਾਹਿਬ ਨੇ ਵਰਕਰਾਂ ਨੂੰ ਡਾਂਗਾਂ ਚੁੱਕਣ ਲਈ ਕਹਿ ਦਿੱਤਾ ਤਾਂ ਇਹ ਜ਼ਿੰਦਾ ਰਹਿਣ ਲਾਇਕ ਨਹੀਂ ਬਚਣਗੇ।"

***ਵੱਡਾ ਕਾਰਨ ਇਹ ਵੀ :***

*ਲੰਬੀ 'ਚ ਬਾਦਲ ਨੇ 16 ਤੋਂ 19 ਜਨਵਰੀ ਤਕ 4 ਦਿਨ ਚੋਣ ਪ੍ਰਚਾਰ ਕੀਤਾ। ਰੋਜ਼ਾਨਾ 10 ਤੋਂ 15 ਰੈਲੀਆਂ ਕੀਤੀਆਂ। ਰੋਜ਼ਾਨਾ ਔਸਤਨ 4 ਰੈਲੀਆਂ 'ਚ ਬਾਦਲ ਨੂੰ ਕਿਸੇ ਨੇ ਕਿਸੇ ਮੁੱਦੇ 'ਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ।*

*ਸੁਖਬੀਰ ਬਾਦਲ ਦੀ ਦੋਹਰੀ ਚਾਲ*

## ਦਿਖਾਉਣ ਲਈ ਮਨਾ ਕੀਤਾ ਪਰ ਅਕਾਲੀ ਪ੍ਰਧਾਨ ਨੂੰ ਡੋਡਾ ਦਾ ਬਣਾਇਆ ਏਜੰਟ

**ਡੋਡਾ ਨੇ ਐਲਾਨ ਤੋਂ ਬਾਅਦ ਵੀ ਕਾਗਜ਼ ਨਹੀਂ ਲਏ ਵਾਪਸ**

**ਅਬੋਹਰ/ਬਿਊਰੋ ਨਿਊਜ਼ :** ਭੀਮ ਕਤਲ ਕਾਂਡ ਦੇ ਮੁਲਜ਼ਮ ਸ਼ਰਾਬ ਕਾਰੋਬਾਰੀ ਸ਼ਿਵਲਾਲ ਡੋਡਾ ਦੇ ਸਿਆਸੀ ਡਰਾਮੇ ਵਿਚ ਦੋ ਨਵੇਂ ਮੋੜ ਆਏ। ਪਹਿਲਾ ਇਹ ਕਿ ਡੋਡਾ ਨੇ ਨਾਮਜ਼ਦਗੀ ਪੱਤਰ ਵਾਪਸ ਨਹੀਂ ਲਿਆ ਤੇ ਦੂਸਰਾ ਇਹ ਕਿ ਡੋਡਾ ਦੇ ਚੋਣ ਏਜੰਟ ਅਬੋਹਰ ਦੇ ਅਕਾਲੀ ਪ੍ਰਧਾਨ ਅਸ਼ੋਕ ਅਹੂਜਾ ਹਨ। ਨਾਮਜ਼ਦਗੀ ਪੱਤਰ ਵਾਪਸ ਨਾ ਲੈਣ ਕਾਰਨ ਸਾਫ਼ ਹੋ ਗਿਆ ਹੈ ਕਿ ਡੋਡਾ ਦੀ ਸਿਆਸੀ ਫਿਲਮ ਦਾ ਹਾਲੇ 'ਦੀ ਐਂਡ' ਨਹੀਂ ਹੋਇਆ ਤੇ ਅਹੂਜਾ ਦੇ ਏਜੰਟ ਬਣਨ ਤੋਂ ਸਾਫ਼ ਹੈ ਕਿ ਇਹ ਸਾਰੀ ਖੇਡ ਅਕਾਲੀ ਦਲ ਹੀ ਖੇਡ ਰਿਹਾ ਹੈ। ਕਿਉਂਕਿ ਆਜ਼ਾਦ ਉਮੀਦਵਾਰ ਦਾ ਏਜੰਟ ਜੇਕਰ ਕਿਸੇ ਪਾਰਟੀ ਦਾ ਪ੍ਰਧਾਨ ਬਣਦਾ ਹੈ ਤਾਂ ਉਹ ਸੁਪਰੀਮੋ ਦੀ ਆਗਿਆ ਤੋਂ ਬਿਨਾਂ ਨਹੀਂ ਬਣ ਸਕਦਾ। ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਬਾਦਲ ਹਨ। ਇਸ ਨਾਲ ਇਹ ਵੀ ਸਾਫ਼ ਹੋ ਗਿਆ ਹੈ ਕਿ ਅਕਾਲੀ ਦਲ ਖ਼ੁਦ ਨੂੰ ਮਜ਼ਬੂਤ ਕਰਨ ਲਈ ਸ਼ਰਾਬ ਮਾਫ਼ੀਆ ਦਾ ਸਹਾਰਾ ਲੈਣ ਤੋਂ ਇਲਾਵਾ ਭਾਜਪਾ ਨੂੰ ਵੀ ਕਮਜ਼ੋਰ ਕਰਨਾ ਚਾਹੁੰਦਾ ਹੈ। ਡੋਡਾ ਪਰਿਵਾਰ ਨੇ ਅਕਾਲੀ ਪ੍ਰਧਾਨ ਅਸ਼ੋਕ ਅਹੂਜਾ ਦੀ ਮੌਜੂਦਗੀ ਵਿਚ ਚੋਣ ਤੋਂ ਪਿੱਛੇ ਹਟਣ ਦਾ ਐਲਾਨ ਕੀਤਾ ਸੀ। ਚੋਣ ਅਧਿਕਾਰੀ ਦਾ ਕਹਿਣਾ ਹੈ ਕਿ ਡੋਡਾ ਨੇ ਨਾਮਜ਼ਦਗੀ ਪੱਤਰ ਚੋਣ ਏਜੰਟ ਅਸ਼ੋਕ ਅਹੂਜਾ ਰਾਹੀਂ ਭੇਜਿਆ ਸੀ ਪਰ ਕਿਸੇ ਵੀ ਉਮੀਦਵਾਰ ਨੇ ਜੇਕਰ ਨਾਮਜ਼ਦਗੀ ਪੱਤਰ ਵਾਪਸ ਲੈਣਾ ਹੈ ਤਾਂ ਉਸ ਦੇ ਹਸਤਾਖ਼ਰ ਹੋਣੇ ਜ਼ਰੂਰੀ ਹਨ। ਸੂਤਰਾਂ ਅਨੁਸਾਰ ਡੋਡਾ ਅਤੇ ਭਾਜਪਾ ਉਮੀਦਵਾਰ ਵਿਚਾਲੇ ਸਮਝੌਤਾ ਨਾ ਹੋਣ ਕਾਰਨ ਅਜਿਹਾ ਜਾਣਬੁੱਝ ਕੇ ਕੀਤਾ ਗਿਆ ਹੈ।

**ਮਾਨ ਤੇ ਹਰਸਿਮਰਤ ਦਾ ਇਕੋ ਜਵਾਬ, ਸਾਡੇ ਬਿਆਨ ਤੋੜੇ ਗਏ**

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਆਗੂ ਭਗਵੰਤ ਮਾਨ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਚੋਣ ਕਮਿਸ਼ਨ ਕੋਲ ਉਨ੍ਹਾਂ ਖ਼ਿਲਾਫ਼ ਪੁੱਜੀਆਂ ਸ਼ਿਕਾਇਤਾਂ ਦੇ ਜਵਾਬ ਵਿੱਚ ਕਿਹਾ ਹੈ ਕਿ ਉਨ੍ਹਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਪੰਜਾਬ ਦੇ ਮੁੱਖ ਚੋਣ ਅਫ਼ਸਰ ਵੀਕੇ ਸਿੰਘ ਨੇ ਦੋਹਾਂ ਆਗੂਆਂ ਦੇ ਜਵਾਬ ਹਾਸਲ ਹੋਣ ਦੀ ਪੁਸ਼ਟੀ ਕੀਤੀ ਹੈ। ਯਾਦ ਰਹੇ ਕਿ ਭਗਵੰਤ ਮਾਨ ਖ਼ਿਲਾਫ਼ ਅਕਾਲੀ ਦਲ ਵੱਲੋਂ ਕੀਤੀ ਸ਼ਿਕਾਇਤ ਵਿੱਚ ਕਿਹਾ ਗਿਆ ਸੀ ਕਿ ਉਨ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉਤੇ ਪਥਰਾਅ ਲਈ ਲੋਕਾਂ ਨੂੰ ਭੜਕਾਇਆ। ਇਸੇ ਤਰ੍ਹਾਂ ਸ੍ਰੀਮਤੀ ਬਾਦਲ ਖ਼ਿਲਾਫ਼ ਦੋਸ਼ ਸਨ ਕਿ ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਜੇ ਕਿਤੇ ਬਾਦਲ ਨੇ ਆਪਣੇ ਵਰਕਰਾਂ ਨੂੰ ਡਾਂਗਾਂ ਚੁੱਕਣ ਲਈ ਕਹਿ ਦਿੱਤਾ ਤਾਂ ਉਹ ਮੂੰਹ ਦਿਖਾਉਣ ਜੋਗੇ ਤਾਂ ਕੀ ਰਹਿਣਗੇ, ਸਗੋਂ ਉਨ੍ਹਾਂ ਦਾ ਬਚਣਾ ਵੀ ਔਖਾ ਹੋ ਜਾਵੇਗਾ।

# ਪੰਜਾਬ 'ਚ ਪੇਸ਼ੇਵਰਾਂ ਨੂੰ ਉਮੀਦਵਾਰ ਬਣਾਉਣ 'ਚ ਆਮ ਆਦਮੀ ਪਾਰਟੀ ਸਭ ਤੋਂ ਅੱਗੇ

**ਅਕਾਲੀ ਦਲ ਅਤੇ ਕਾਂਗਰਸ ਨੇ ਵੀ ਡਾਕਟਰਾਂ, ਪ੍ਰੋਫੈਸਰਾਂ ਅਤੇ ਸਾਬਕਾ ਅਧਿਕਾਰੀਆਂ ਨੂੰ ਦਿੱਤੀ ਤਰਜੀਹ**



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ 'ਚ ਪਹਿਲੀ ਵਾਰ ਵਿਧਾਨ ਸਭਾ ਦੀ ਤ੍ਰਿਕੋਣੀ ਜੰਗ 'ਚ ਕਈ ਨਵੇਂ ਰਿਕਾਰਡ ਬਣਨ ਜਾ ਰਹੇ ਹਨ। ਇਸ ਵਾਰ ਚੋਣਾਂ ਵਿਚ ਜਿੱਥੇ ਵੋਟਰਾਂ ਨੂੰ ਦੋ ਮੁੱਖ ਮੰਤਰੀਆਂ ਦੀ ਜੰਗ (ਲੰਬੀ ਸੀਟ 'ਤੇ ਮੌਜੂਦ ਸੀ.ਐਮ. ਅਤੇ ਸਾਬਕਾ ਸੀ.ਐਮ. ਵਿਚਕਾਰ), ਦੋ ਸਾਬਕਾ ਵੱਡੇ ਫੌਜ ਅਫਸਰਾਂ ਦੀ ਜੰਗ (ਪਟਿਆਲਾ 'ਚ ਕੈਪਟਨ ਅਮਰਿੰਦਰ ਅਤੇ ਜਨਰਲ ਜੇ.ਜੇ. ਸਿੰਘ ਵਿਚਕਾਰ) ਅਤੇ 117 ਸੀਟਾਂ ਲਈ ਇਕ ਹਜ਼ਾਰ ਤੋਂ ਵੱਧ ਉਮੀਦਵਾਰਾਂ ਵੱਲੋਂ ਕਿਸਮਤ ਅਜਮਾਉਣ ਲਈ ਜ਼ੋਰ-ਅਜਮਾਇਸ਼ ਵੇਖਣ ਨੂੰ ਮਿਲੇਗੀ। ਉੱਥੇ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਵੱਡੇ ਪੱਧਰ 'ਤੇ ਡਾਕਟਰ, ਵਕੀਲ, ਪ੍ਰੋਫੈਸਰ, ਪ੍ਰਸ਼ਾਸਨਿਕ ਅਧਿਕਾਰੀ ਅਤੇ ਸਾਬਕਾ ਅਧਿਆਪਕ ਵੀ ਰਾਜਨੀਤੀ 'ਚ ਕਦਮ ਰੱਖਣਗੇ। ਸਭ ਤੋਂ ਵੱਧ 25 ਪੇਸ਼ੇਵਰਾਂ ਨੂੰ ਟਿਕਟ ਦੇ ਕੇ ਆਮ ਆਦਮੀ ਪਾਰਟੀ ਨੇ ਇਸ ਮਾਮਲੇ ਵਿਚ ਬਾਜ਼ੀ ਮਾਰ ਲਈ ਹੈ। ਪ੍ਰਦੇਸ਼ ਦੀ ਰਾਜਨੀਤੀ 'ਚ ਪਹਿਲੀ ਵਾਰ ਉਤਰੇ ਤੀਜੇ ਦਲ 'ਆਪ' ਨੇ ਵੱਡੀ ਗਿਣਤੀ 'ਚ ਪ੍ਰੋਫੈਸ਼ਨਲ ਲੋਕਾਂ ਨੂੰ ਟਿਕਟਾਂ ਵੰਡੀਆਂ ਹਨ। 'ਆਪ' ਤੋਂ ਵੱਖ ਹੋ ਕੇ ਆਪਣੀ ਪਾਰਟੀ ਬਣਾਉਣ ਵਾਲੇ ਸੁੱਚਾ ਸਿੰਘ ਛੋਟੇਪੁਰ ਦੀ ਆਪਣਾ ਪੰਜਾਬ ਪਾਰਟੀ ਨੇ ਪ੍ਰਫੈਸ਼ਨਲ ਲੋਕਾਂ ਨੂੰ ਖੁੱਲ੍ਹੇ ਹੱਥ ਤੋਂ ਟਿਕਟਾਂ ਵੰਡੀਆਂ ਹਨ। 'ਆਪ' ਨੇ 117 ਸੀਟਾਂ 'ਤੇ ਚੋਣ ਲੜਦਿਆਂ 25 ਪ੍ਰੋਫੈਸ਼ਨਲ ਲੋਕਾਂ ਨੂੰ ਉਮੀਦਵਾਰ ਬਣਾਇਆ ਹੈ, ਜਦਕਿ ਆਪਣਾ ਪੰਜਾਬ ਪਾਰਟੀ 10 ਪ੍ਰੋਫੈਸ਼ਨਲ ਉਮੀਦਵਾਰ ਨੂੰ ਚੋਣ ਮੈਦਾਨ 'ਚ ਉਤਾਰ ਚੁੱਕੀ ਹੈ। ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਇਸ ਮਾਮਲੇ 'ਚ ਪਿੱਛੇ ਹਨ, ਜਦਕਿ ਬਸਪਾ, ਤ੍ਰਿਣਮੂਲ ਕਾਂਗਰਸ ਅਤੇ ਡਾ. ਧਰਮਵੀਰ ਗਾਂਧੀ ਦੀ ਪੰਜਾਬ ਫਰੰਟ ਨੇ ਵੀ ਕਈ ਪੇਸ਼ੇਵਰਾਂ ਨੂੰ ਉਮੀਦਵਾਰ ਬਣਾਇਆ ਹੈ। ਆਮ ਤੌਰ 'ਤੇ ਪੰਜਾਬ ਦੀ ਸਿਆਸਤ 'ਚ ਧਾਰਮਿਕ ਨੁਮਾਇੰਦਿਆਂ ਅਤੇ ਵੱਡੀ ਜ਼ਿਮੀਦਾਰਾਂ ਜਾਂ ਕੁੱਝ ਸਾਬਕਾ ਫੌਜ ਅਧਿਕਾਰੀਆਂ ਦਾ ਬੋਲਬਾਲਾ ਰਿਹਾ ਹੈ। ਪ੍ਰਦੇਸ਼ ਕਾਂਗਰਸ ਅਤੇ ਭਾਜਪਾ ਦੀ ਹਾਲਤ ਥੋੜ੍ਹੀ ਵੱਖ ਹੈ ਅਤੇ ਇਨ੍ਹਾਂ ਪਾਰਟੀਆਂ 'ਚ ਵੋਟ ਬੈਂਕ ਦੇ ਹਿਸਾਬ ਨਾਲ ਸਮਾਜ ਦੇ ਵੱਖ-ਵੱਖ ਵਰਗ ਦੇ ਲੋਕਾਂ ਨੂੰ ਤਰਜੀਹ ਦਿੱਤੀ ਜਾਂਦੀ ਰਹੀ ਹੈ।

ਹਾਲਾਂਕਿ ਅਕਾਲੀ ਦਲ ਵੱਲੋਂ ਇਸ ਵਾਰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਰਿਟਾਇਰਡ ਜਸਟਿਸ ਨਿਰਮਲ ਸਿੰਘ ਨੂੰ ਦੂਜੀ ਵਾਰ ਮੌਕਾ ਦਿੱਤਾ ਗਿਆ ਹੈ। ਉੱਥੇ ਪਟਿਆਲਾ ਸੀਟ ਤੋਂ ਸਾਬਕਾ ਫੌਜ ਮੁਖੀ ਜਨਰਲ ਜੇ.ਜੇ. ਸਿੰਘ ਨੂੰ ਚੋਣ ਮੈਦਾਨ 'ਚ ਉਤਾਰ ਕੇ ਆਪਣੇ ਰੁਖ਼ 'ਚ ਬਦਲਾਅ ਦੇ ਸੰਕੇਤ ਦਿੱਤੇ ਹਨ।

# ਅਕਾਲੀ ਦਲ ਨੇ ਆਖ਼ਰ ਪੰਜਾਬ ਵਿਚ ਨਸ਼ਿਆਂ ਦੇ ਗੰਭੀਰ ਸੰਕਟ ਨੂੰ ਤਸਲੀਮ ਕਰ ਲਿਆ ਹੈ : ਮਨਪ੍ਰੀਤ ਬਾਦਲ

**ਬਠਿੰਡਾ/ਬਿਊਰੋ ਨਿਊਜ਼ :** ਸੀਨੀਅਰ ਕਾਂਗਰਸੀ ਆਗੂ ਅਤੇ ਪਾਰਟੀ ਦੇ ਬਠਿੰਡਾ ਸ਼ਹਿਰੀ ਵਿਧਾਨ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਅੱਜ ਜਾਰੀ ਆਪਣੇ ਚੋਣ ਮੈਨੀਫੈਸਟੋ 'ਨਸ਼ਿਆਂ ਵਿਰੁੱਧ ਜੰਗ' ਵਿੱਢੇ ਜਾਣ ਦਾ ਐਲਾਨ ਕਰ ਕੇ ਆਖ਼ਰ ਇਹ ਮੰਨ ਲਿਆ ਹੈ ਕਿ ਪੰਜਾਬ ਵਿਚ ਨਸ਼ਿਆਂ ਦੀ ਗੰਭੀਰ ਸਮੱਸਿਆ ਹੈ।

ਇਥੇ ਜਾਰੀ ਕੀਤੇ ਗਏ ਆਪਣੇ ਬਿਆਨ ਵਿਚ ਮਨਪ੍ਰੀਤ ਬਾਦਲ ਨੇ ਕਿਹਾ ਹੈ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਹੋਣ ਤੋਂ ਲਗਾਤਾਰ ਇਨਕਾਰ ਕਰ ਰਹੇ ਸਨ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ 2004 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਜਾਰੀ ਕੀਤੇ ਗਏ ਚੋਣ ਮੈਨੀਫੈਸਟੋ ਵਿਚ ਇਹ ਕਿਹਾ ਗਿਆ ਸੀ ਪੰਜਾਬ ਵਿਚ ਨਸ਼ਿਆਂ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ।



ਉਹਨਾਂ ਕਿਹਾ ਕਿ ਅਕਾਲੀ ਦਲ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਨੇ ਵੀ ਆਪਣੇ ਚੋਣ ਮੈਨੀਫੈਸਟੋ ਵਿਚ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਵਾਅਦਾ ਕਰ ਕੇ ਇਸ ਸਮੱਸਿਆ ਨੂੰ ਪ੍ਰਵਾਨ ਕੀਤਾ ਹੈ ਬਲਕਿ ਸੁਖਬੀਰ ਸਿੰਘ ਬਾਦਲ ਦੇ ਮੂੰਹ ਉੱਤੇ ਕਰਾਰੀ ਚਪੇੜ ਵੀ ਹੈ। ਅਕਾਲੀ ਦਲ ਵਲੋਂ ਆਪਣੇ ਚੋਣ ਮੈਨੀਫੈਸਟੋ ਵਿਚ ਨਸ਼ਿਆਂ ਦੀ ਲੱਤ ਵਿਚ ਉਲਝੇ ਵਿਅਕਤੀ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਵਾਲੇ ਪਰਿਵਾਰ ਨੂੰ 2 ਲੱਖ ਰੁਪਏ ਦੀ ਸਹਾਇਤਾ ਦੀ ਦੇਣ ਦਾ ਐਲਾਨ ਕਰਨਾ ਵੀ ਇਹ ਮੰਨਣਾ ਹੈ ਕਿ ਪੰਜਾਬ ਵਿਚ ਨਸ਼ਿਆਂ ਦੀ ਗੰਭੀਰ ਸਮੱਸਿਆ ਹੈ।

ਅਕਾਲੀ ਦਲ ਵਲੋਂ ਵਿਦੇਸ਼ਾਂ ਵਿਚ ਇੱਕ ਲੱਖ ਏਕੜ ਜ਼ਮੀਨ ਖ਼ਰੀਦ ਕੇ ਪੰਜਾਬ ਦੇ ਕਿਸਾਨਾਂ ਨੂੰ ਉਥੇ ਵਸਾਉਣ ਦੇ ਵਾਅਦੇ ਦਾ ਹਵਾਲਾ ਦਿੰਦਿਆਂ ਉਹਨਾਂ ਕਿਹਾ ਕਿ ਕਿਤੇ ਇਹ ਪ੍ਰੋਗਰਾਮ ਵੀ ਸੁਖਬੀਰ ਸਿੰਘ ਬਾਦਲ ਦੀ ਨਿੱਜੀ ਜਾਇਦਾਦ ਵਿਚ ਹੋਰ ਵਾਧਾ ਕਰਨ ਦਾ ਸਬੱਬ ਤਾਂ ਨਹੀਂ ਬਣ ਜਾਵੇਗਾ ਕਿਉਂਕਿ ਉਸ ਨੇ ਹਮੇਸ਼ਾ ਹੀ ਸਰਕਾਰੀ ਸਾਧਨਾਂ ਰਾਹੀਂ ਆਪਣੇ ਵਪਾਰਕ ਹਿੱਤਾਂ ਦਾ ਪਸਾਰ ਕੀਤਾ ਹੈ। ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ ਦਲ ਵਲੋਂ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰ ਕੇ ਕਿਸਾਨਾਂ ਨੂੰ ਖ਼ਰਚੇ ਉੱਤੇ ਘੱਟ ਘੱਟ 50 ਫੀਸਦ ਮੁਨਾਫ਼ਾ ਯਕੀਨੀ ਬਨਾਉਣ ਦੇ ਵਾਅਦੇ ਦਾ ਮਖ਼ੌਲ ਉਡਾਉਂਦਿਆਂ ਕਿਹਾ ਕਿ ਲੋਕਾਂ ਨੂੰ ਬੇਵਕੂਫ਼ ਬਣਾਉਣ ਦੀ ਚਾਲ ਹੈ ਕਿਉਂਕਿ ਅਕਾਲੀ ਦਲ ਦੀ ਭਾਈਵਾਲੀ ਵਾਲੀ ਕੇਂਦਰ ਦੀ ਮੋਦੀ ਸਰਕਾਰ ਸਵਾਮੀਨਾਥਨ ਰਿਪੋਰਟ ਨੂੰ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਰੋਜ਼ਗਾਰ ਪੈਦਾ ਕਰਨ ਦੇ ਮਾਮਲੇ ਸਬੰਧੀ ਅਕਾਲੀ ਦਲ ਵਲੋਂ 25 ਲੱਖ ਨੌਕਰੀਆਂ

ਬਾਕੀ ਸਫ਼ਾ 33 'ਤੇ




## ਕੈਪਟਨ ਦੀ ਚਿਤਾਵਨੀ-48 ਘੰਟੇ 'ਚ ਬਾਗੀ ਵਾਪਸ ਨਾ ਆਏ ਤਾਂ ਪਾਰਟੀ ਤੋਂ ਉਮਰ ਭਰ ਲਈ ਬਾਹਰ

### *ਪਿਛਲੀ ਵਾਰ 15 ਬਾਗੀਆਂ ਨੇ ਵਿਗਾੜੀ ਸੀ ਕਾਂਗਰਸ ਦੀ ਖੇਡ, ਇਸ ਵਾਰ 19 ਮੈਦਾਨ ਵਿਚ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪਿਛਲੀਆਂ ਚੋਣਾਂ ਵੇਲੇ ਨਤੀਜਿਆਂ ਤੋਂ ਪਹਿਲਾਂ ਕਾਂਗਰਸ ਦੀ ਸਰਕਾਰ ਤੈਅ ਮੰਨੀ ਜਾ ਰਹੀ ਸੀ ਪਰ ਸਰਕਾਰ ਅਕਾਲੀ-ਭਾਜਪਾ ਦੀ ਬਣੀ। ਕਾਰਨ-ਸਭ ਤੋਂ ਪਹਿਲਾਂ ਮਨਪ੍ਰੀਤ ਬਾਦਲ ਦੀ ਪੀਪ.ਪੀ.ਪੀ. ਅਤੇ ਦੂਸਰੇ ਨੰਬਰ 'ਤੇ 15 ਬਾਗ਼ੀ ਕਾਂਗਰਸੀ, ਜਿਨ੍ਹਾਂ ਨੇ ਕਾਂਗਰਸ ਦੇ ਵੋਟ ਵੰਡ ਦਿੱਤੇ। ਇਸ ਵਾਰ 19 ਬਾਗੀ ਪਾਰਟੀ ਉਮੀਦਵਾਰਾਂ



ਲਈ ਖ਼ਤਰਾ ਬਣੇ ਹੋਏ ਹਨ। ਉਧਰ ਟਿਕਟਾਂ ਦੇ ਪੰਜ ਹੋਰ ਦਾਅਵੇਦਾਰ ਵੀ ਹੋਰਨਾਂ ਪਾਰਟੀਆਂ ਦੀ ਟਿਕਟ 'ਤੇ ਚੋਣ ਮੈਦਾਨ ਵਿਚ ਹਨ। ਇਸੇ ਤਰ੍ਹਾਂ ਅਕਾਲੀ ਦਲ ਦੇ 5, 'ਆਪ' ਦਾ ਇਕ ਤੇ ਭਾਜਪਾ ਦਾ ਇਕ ਬਾਗੀ ਮੈਦਾਨ ਵਿਚ ਹੋਣ ਕਾਰਨ ਪਾਰਟੀ ਉਮੀਦਵਾਰਾਂ ਲਈ ਖਤਰਾ ਬਣੇ ਹੋਏ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਮੇਂ 'ਤੇ ਆਪਣੀ ਨਾਮਜ਼ਦਗੀ ਵਾਪਸ ਲੈਣ ਵਿਚ ਅਸਫ਼ਲ ਰਹਿਣ ਵਾਲੇ ਬਾਗ਼ੀ ਉਮੀਦਵਾਰਾਂ ਨੂੰ ਮੁਕਾਬਲੇ ਤੋਂ ਪਿੱਛੇ ਹੱਟ ਜਾਣ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਪਾਰਟੀ ਵਿਚੋਂ ਬਗ਼ਾਵਤ ਕਰ ਕੇ ਚੋਣ ਮੈਦਾਨ ਵਿਚ ਡਟਣ ਵਾਲੇ ਆਗੂਆਂ ਨੂੰ ਪਾਰਟੀ ਵਿੱਚੋਂ ਜੀਵਨ ਭਰ ਲਈ ਕੱਢ ਦਿੱਤਾ ਜਾਏਗਾ।

ਕੈਪਟਨ ਨੇ ਬਾਗੀਆਂ ਨੂੰ ਕਾਂਗਰਸ ਪਾਰਟੀ ਵੱਲੋਂ ਨਾਮਜ਼ਦ ਉਮੀਦਵਾਰਾਂ ਦੀ ਹਮਾਇਤ ਵਿਚ ਪਿੱਛੇ ਹੱਟਣ ਅਤੇ ਇਕਜੁੱਟ ਹੋਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਹਿੱਤ ਸਭ ਤੋਂ ਉਪਰ ਹਨ ਅਤੇ ਵਿਅਕਤੀਗਤ ਹਿੱਤਾਂ ਲਈ ਸਮਝੌਤਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਬਾਗੀਆਂ ਨੂੰ ਪਾਰਟੀ ਵਿਚੋਂ ਕੱਢੇ ਜਾਣ ਤੋਂ ਬਚਣ ਵਾਸਤੇ ਉਨ੍ਹਾਂ 48 ਘੰਟੇ ਦਾ ਅਲਟੀਮੇਟਮ ਦਿੱਤਾ ਹੈ। ਕੈਪਟਨ ਨੇ ਕਾਂਗਰਸ ਸਰਕਾਰ ਬਣਨ 'ਤੇ ਵਿਰੋਧੀ ਆਗੂਆਂ ਨੂੰ ਉਚਿਤ ਜਗ੍ਹਾ ਦੇਣ ਦਾ ਵਾਅਦਾ ਕੀਤਾ ਹੋਇਆ। ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਬਾਗੀ ਚੋਣ ਮੈਦਾਨ ਵਿਚ ਹਨ ਅਤੇ ਉਹ ਕਾਂਗਰਸ ਦੀਆਂ ਸੰਭਾਵਨਾਵਾਂ ਨੂੰ ਖੋਰਾ ਲਾ ਰਹੇ ਹਨ। ਬਾਗੀਆਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਕੈਪਟਨ ਨੇ ਕਿਹਾ ਕਿ ਅਨੁਸ਼ਾਸਨਹੀਣਤਾ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਬਾਗੀਆਂ ਨੂੰ ਜੀਵਨ ਭਰ ਲਈ ਕਾਂਗਰਸ 'ਚੋਂ ਕੱਢਣ ਅਤੇ ਉਨ੍ਹਾਂ ਵਾਸਤੇ ਪਾਰਟੀ ਵਿਚ ਮੁੜ ਵਾਪਸੀ ਦੇ ਦਰਵਾਜ਼ੇ ਬੰਦ ਕਰਨ ਦੀ ਹਦਾਇਤ ਕੀਤੀ ਹੈ।

## ਭਾਜਪਾ ਦਾ ਮੈਨੀਫੈਸਟੋ-ਕਾਂਗਰਸ ਦੇ ਸਾਰੇ ਵੱਡੇ ਐਲਾਨਾਂ ਨੂੰ ਭਾਜਪਾ ਨੇ ਸ਼ਾਮਲ ਕੀਤਾ

### *ਨੀਲੇ ਕਾਰਡ ਵਾਲਿਆਂ ਨੂੰ ਦਾਲ ਦੇ ਨਾਲ ਘਿਓ ਵੀ, ਨਸ਼ਾ ਰੋਕਣ ਲਈ ਵਿਸ਼ੇਸ਼ ਟੀਮ ਦਾ ਵਾਅਦਾ*

**ਜਲੰਧਰ/ਬਿਊਰੋ ਨਿਊਜ਼ :**
ਭਾਜਪਾ ਜੇਕਰ ਚੋਣ ਜਿੱਤ ਜਾਂਦੀ ਹੈ ਤਾਂ ਨੀਲੇ ਕਾਰਡ ਧਾਰਕਾਂ ਨੂੰ ਹਰ ਮਹੀਨੇ ਦੋ ਕਿਲੋ ਦੇਸੀ ਘਿਓ ਵੀ ਦੇਵੇਗੀ। ਨਾਲ ਹੀ 5 ਕਿਲੋ ਖੰਡ ਵੀ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੇ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿੱਚ ਲੋਕ ਲੁਭਾਊ ਵਾਅਦਿਆਂ ਨੂੰ ਦੁਹਰਾਇਆ ਹੈ। ਭਾਜਪਾ ਨੇ ਲੋਕਾਂ ਨੂੰ ਆਟਾ-ਦਾਲ ਸਕੀਮ ਦੇ ਨਾਲ 25 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਦੋ ਕਿਲੋ ਦੇਸੀ ਘਿਉ ਅਤੇ 10 ਰੁਪਏ ਕਿਲੋ ਦੇ ਹਿਸਾਬ ਨਾਲ 5 ਕਿਲੋ ਖੰਡ ਹਰ ਮਹੀਨੇ ਦੇਣ ਦਾ ਵਾਅਦਾ ਕੀਤਾ ਹੈ। ਚੋਣ ਮਨੋਰਥ ਪੱਤਰ ਵਿਚ ਭਾਜਪਾ ਨੇ ਗਠਜੋੜ ਸਰਕਾਰ ਦੀਆਂ 10 ਸਾਲ ਦੀਆਂ ਪ੍ਰਾਪਤੀਆਂ ਗਿਣਾਈਆਂ ਹਨ ਪਰ ਨੋਟਬੰਦੀ ਦਾ ਜ਼ਿਕਰ ਤੱਕ ਨਹੀਂ ਕੀਤਾ। ਉਂਜ ਸੂਬਾ ਪ੍ਰਧਾਨ ਵਿਜੇ ਸਾਂਪਲਾ ਨੇ ਨੋਟਬੰਦੀ ਨੂੰ ਚੋਣ ਮੁੱਦਾ ਬਣਾਉਣ ਦਾ ਐਲਾਨ ਕੀਤਾ ਸੀ। ਦੂਜੀਆਂ ਪਾਰਟੀਆਂ ਵਾਂਗ ਭਾਜਪਾ ਨੇ ਵੀ ਸੂਬੇ ਦੇ ਹਰ ਘਰ ਵਿੱਚ ਇੱਕ ਜਣੇ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਹੈ। ਦਲਿਤਾਂ ਨੂੰ ਪੜ੍ਹਾਈ ਲਈ 15 ਲੱਖ ਰੁਪਏ ਤੱਕ ਸਕਾਲਰਸ਼ਿਪ, ਲੜਕੀਆਂ ਨੂੰ ਪੀਐਚ ਡੀ ਤੱਕ ਮੁਫ਼ਤ ਪੜ੍ਹਾਈ, ਢਾਈ ਏਕੜ ਜਾਂ ਇਸ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਜਿਹੇ ਵਾਅਦੇ ਕੀਤੇ ਗਏ ਹਨ। ਵਪਾਰੀਆਂ ਨੂੰ ਖ਼ੁਸ਼ ਕਰਨ ਦੇ ਯਤਨ ਤਹਿਤ ਜੀਐਸਟੀ ਨੂੰ



ਪ੍ਰਭਾਵੀ ਢੰਗ ਨਾਲ ਲਾਗੂ ਕਰਨ ਅਤੇ ਵੈਟ ਨੂੰ ਰਿਫੰਡ ਹੋਰ ਸਰਲ ਬਣਾਉਣ ਦੇ ਵਾਅਦੇ ਵੀ ਕੀਤੇ ਗਏ ਹਨ। ਸਿਹਤ ਬੀਮਾ, ਸਿੱਖਿਆ, ਮੁਲਾਜ਼ਮਾਂ, ਔਰਤਾਂ, ਅਤਿਵਾਦ ਤੋਂ ਪੀੜਤ ਪਰਿਵਾਰਾਂ, ਸਾਬਕਾ ਫ਼ੌਜੀਆਂ, ਐਨਆਰਆਈ ਤੇ ਪੰਚਾਇਤਾਂ ਸਮੇਤ ਵਾਤਾਵਰਣ ਦੇ ਮੁੱਦੇ ਵੀ ਚੋਣ ਮਨੋਰਥ ਪੱਤਰ ਵਿਚ ਸ਼ਾਮਲ ਕੀਤੇ ਗਏ ਹਨ। ਸ੍ਰੀ ਜੇਤਲੀ ਨੇ ਕਿਹਾ ਕਿ ਭਾਜਪਾ ਨੇ ਚੋਣ ਮਨੋਰਥ ਪੱਤਰ ਵਿਚ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਂਝਾ ਪ੍ਰੋਗਰਾਮ ਉਲੀਕਿਆ ਹੈ। ਉਨ੍ਹਾਂ ਆਖਿਆ ਕਿ ਤੀਜੀ ਵਾਰ ਸੱਤਾ ਵਿੱਚ ਆਉਣ 'ਤੇ ਸੂਬੇ ਦੇ ਵਿਕਾਸ ਦੀ ਰਫ਼ਤਾਰ ਤੇਜ਼ ਕਰਾਂਗੇ। ਇਸ ਮੌਕੇ ਸੂਬਾ ਪ੍ਰਧਾਨ ਵਿਜੈ ਸਾਂਪਲਾ, ਚੋਣ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਕਮਲ ਸ਼ਰਮਾ, ਕੌਮੀ ਜਨਰਲ ਸਕੱਤਰ ਰਾਮਲਾਲ, ਪੰਜਾਬ ਮਾਮਲਿਆਂ ਦੇ ਇੰਚਾਰਜ ਪ੍ਰਭਾਤ ਝਾਅ, ਜਨਰਲ ਸਕੱਤਰ ਮਨਜੀਤ ਸਿੰਘ ਰਾਏ, ਰਾਜ ਸਭਾ ਮੈਂਬਰ ਸ਼ਵੇਤ ਮਲਿਕ ਅਤੇ ਪੰਜਾਬ ਭਾਜਪਾ ਦੇ ਸਕੱਤਰ ਵਿਨੀਤ ਜੋਸ਼ੀ ਵੀ ਹਾਜ਼ਰ ਸਨ।

### ਨਸ਼ਿਆਂ ਬਾਰੇ ਅਕਾਲੀ ਦਲ ਅਤੇ ਭਾਜਪਾ ਦੇ ਸੁਰ ਵੱਖਰੇ

ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸੂਬੇ ਵਿੱਚ ਨਸ਼ੇ ਨਾ ਹੋਣ ਦੇ ਦਾਅਵੇ ਕਰ ਰਹੇ ਹਨ ਪਰ ਭਾਜਪਾ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਹੈ। ਚੋਣ ਮਨੋਰਥ ਪੱਤਰ ਵਿਚ ਕਿਹਾ ਗਿਆ ਹੈ ਕਿ ਸਰਕਾਰ ਬਣਨ 'ਤੇ ਡਰੱਗ ਮਾਫ਼ੀਏ ਖ਼ਿਲਾਫ਼ ਮੁਹਿੰਮ ਲਈ ਸਪੈਸ਼ਲ ਐਂਟੀ ਡਰੱਗ ਸਕੁਐਡ ਬਣਾਇਆ ਜਾਵੇਗਾ।

## ਬਾਦਲ ਦਲ ਦੇ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ ਆਪ 'ਚ ਸ਼ਾਮਲ



**ਰਾਜਪੁਰਾ/ਬਿਊਰੋ ਨਿਊਜ਼:** ਰਾਜਪੁਰਾ ਹਲਕੇ ਤੋਂ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ ਸੱਤਾਧਾਰੀ ਪਾਰਟੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। 11 ਸਾਲ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਰਹੇ ਸ. ਗੜ੍ਹੀ ਨੇ ਇਲਾਕੇ ਦੇ ਲਗਭਗ ਦੋ ਦਰਜਨ ਸਰਪੰਚਾਂ, ਪੰਚਾਂ ਅਤੇ ਰਾਜਪੁਰਾ ਮਿਉਂਸਪਲ ਕਮੇਟੀ ਦੇ ਦੋ ਮੈਂਬਰਾਂ ਸਮੇਤ ਆਪ ਦੇ ਸੀਨੀਅਰ ਆਗੂ ਸੰਜੇ ਸਿੰਘ ਦੀ ਹਾਜ਼ਰੀ ਵਿੱਚ ਆਪ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸ਼੍ਰੋਮਣੀ ਕਮੇਟੀ ਚੋਣਾਂ ਵਿੱਚ 25 ਹਜ਼ਾਰ ਤੋਂ ਵੱਧ ਵੋਟਾਂ ਨਾਲ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਵਾਲੇ ਸ. ਗੜ੍ਹੀ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਲਈ ਹਲਕੇ ਤੋਂ ਬਾਹਰਲਾ ਉਮੀਦਵਾਰ ਖੜ੍ਹਾ ਕਰਨ ਵਿਰੁਧ ਅਕਾਲੀ ਵਰਕਰਾਂ ਤੇ ਆਮ ਲੋਕਾਂ 'ਚ ਪਾਏ ਜਾ ਰਹੇ ਭਾਰੀ ਰੋਸ ਵਜੋਂ ਅਕਾਲੀ ਦਲ (ਬਾਦਲ) ਤੋਂ ਅਸਤੀਫਾ ਦੇਣ ਲਈ ਮਜਬੂਰ ਹੋਏ ਹਨ। ਸ. ਗੜ੍ਹੀ ਨੇ ਆਪ ਵਿੱਚ ਸ਼ਾਮਲ ਹੋਣ ਮੌਕੇ ਕਿਹਾ ਕਿ ਉਹ ਹਲਕਾ ਰਾਜਪੁਰਾ ਤੋਂ ਆਪ ਦੇ ਉਮੀਦਵਾਰ ਆਸ਼ੁਤੋਸ਼ ਜੋਸ਼ੀ ਅਤੇ ਘਨੌਰ ਹਲਕੇ ਤੋਂ ਅਨੂ ਰੰਧਾਵਾ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਉਣ ਲਈ ਦਿਨ ਰਾਤ ਇੱਕ ਕਰ ਦੇਣਗੇ।

## ਦਿੱਲੀ ਸਰਕਾਰ ਦੇ ਮੰਤਰੀਆਂ ਨੇ ਲਾਏ ਪੰਜਾਬ ਵਿਚ ਡੇਰੇ


ਅਰਵਿੰਦ ਕੇਜਰੀਵਾਲ


ਮਨੀਸ਼ ਸਿਸੋਦੀਆ


ਸੰਜੇ ਸਿੰਘ


ਸਤਿੰਦਰ ਜੈਨ


ਰਾਖੀ ਬਿਰਲਾ


ਕਪਿਲ ਮਿਸ਼ਰਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ (ਆਪ) ਦੀ ਦਿੱਲੀ ਸਰਕਾਰ ਪੰਜਾਬ ਜਿੱਤਣ ਲਈ ਸਮੂਹ 117 ਵਿਧਾਨ ਸਭਾ ਹਲਕਿਆਂ ਵਿੱਚ ਡਟ ਗਈ ਹੈ। 'ਆਪ' ਨੇ ਚੋਣਾਂ ਦੇ ਅਖੀਰਲੇ ਪੜਾਅ ਵਿੱਚ ਵੱਡਾ ਸਿਆਸੀ ਹੱਲਾ ਮਾਰਦਿਆਂ ਦਿੱਲੀ ਸਰਕਾਰ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਉੱਥੋਂ ਦੇ ਪ੍ਰਮੁੱਖ ਮੰਤਰੀਆਂ ਨੂੰ ਪੰਜਾਬ ਵਿੱਚ ਚੋਣ ਮੈਦਾਨ ਸਰ ਕਰਨ ਲਈ ਭੇਜਿਆ ਹੈ।

ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤਾਂ ਪਿਛਲੇ ਕੁਝ ਮਹੀਨਿਆਂ ਤੋਂ ਪੂਰੀ ਤਰ੍ਹਾਂ ਪੰਜਾਬ ਦੇ ਚੋਣ ਪ੍ਰਚਾਰ ਵਿੱਚ ਮਸਰੂਫ ਹਨ। ਹੁਣ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੀ ਪਾਰਟੀ ਦੇ ਹੱਕ ਪ੍ਰਚਾਰ ਲਈ ਪੰਜਾਬ ਪੁੱਜ ਗਏ ਹਨ। 'ਆਪ' ਵੱਲੋਂ 40 ਸਟਾਰ ਪ੍ਰਚਾਰਕਾਂ ਦੀ ਜਾਰੀ ਕੀਤੀ ਸੂਚੀ ਵਿੱਚ 15 ਸ਼ਖ਼ਸੀਅਤਾਂ ਦਿੱਲੀ ਨਾਲ ਸਬੰਧਤ ਹਨ। ਇਨ੍ਹਾਂ ਵਿੱਚ ਦਿੱਲੀ ਸਰਕਾਰ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਮੇਤ ਦੋ ਮੰਤਰੀ ਅਤੇ ਸੱਤ ਵਿਧਾਇਕ ਸ਼ਾਮਲ ਹਨ। ਦਿੱਲੀ ਵਿਧਾਨ ਸਭਾ ਦੀ ਡਿਪਟੀ ਸਪੀਕਰ ਰਾਖੀ ਬਿਰਲਾ, ਦਿੱਲੀ ਦੇ ਸਿਹਤ ਮੰਤਰੀ ਸਤਿੰਦਰ ਜੈਨ ਅਤੇ ਜਲ ਸਰੋਤ ਮੰਤਰੀ ਕਪਿਲ ਮਿਸ਼ਰਾ ਤੋਂ ਇਲਾਵਾ ਦਿੱਲੀ ਦੇ ਸੱਤ ਵਿਧਾਇਕ ਪੰਜਾਬ ਵਿੱਚ ਡਟੇ ਹੋਏ ਹਨ। ਮਹਿਰੌਲੀ ਹਲਕੇ ਦੇ ਵਿਧਾਇਕ ਜਰਨੈਲ ਸਿੰਘ, ਜੋ ਪੰਜਾਬ ਇਕਾਈ ਦੇ ਸਹਿ ਇੰਚਾਰਜ ਵੀ ਹਨ, ਖ਼ੁਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਲੰਬੀ ਵਿਧਾਨ ਸਭਾ ਹਲਕੇ ਵਿੱਚ ਚੋਣ ਲੜ ਰਹੇ ਹਨ। ਇਸੇ ਤਰ੍ਹਾਂ ਕਾਲਕਾਜੀ ਦੱਖਣੀ ਹਲਕੇ ਦੇ ਵਿਧਾਇਕ ਅਵਤਾਰ ਸਿੰਘ ਕਾਲਕਾ, ਤਿਲਕ ਨਗਰ ਹਲਕੇ ਦੇ ਵਿਧਾਇਕ ਜਰਨੈਲ, ਹਲਕਾ ਕਸਤੂਰਬਾ ਨਗਰ ਦੇ ਵਿਧਾਇਕ ਮਦਨ ਲਾਲ, ਮਰਾੜੀ ਹਲਕੇ ਦੇ ਵਿਧਾਇਕ ਸੰਜੀਵ ਝਾਅ, ਵਿਧਾਇਕ ਸੋਮਨਾਥ ਭਾਰਤੀ ਅਤੇ ਗਰੇਟਰ ਕੈਲਾਸ਼ ਹਲਕੇ ਦੇ ਵਿਧਾਇਕ ਸੌਰਭ ਭਾਰਦਵਾਜ ਦੀ ਵੀ ਪੰਜਾਬ ਚੋਣਾਂ ਵਿੱਚ ਡਿਊਟੀ ਲਾਈ ਗਈ ਹੈ। ਦਿੱਲੀ ਨਾਲ ਹੀ ਸਬੰਧਿਤ ਪਾਰਟੀ ਦੇ ਐਨਆਰਆਈ ਵਿੰਗ ਦੇ ਕੌਮੀ ਕਨਵੀਨਰ ਕੁਮਾਰ ਵਿਸ਼ਵਾਸ ਅਤੇ ਤਰਜਮਾਨ ਪੂਨਮ ਆਜ਼ਾਦ ਦੀ ਵੀ ਪੰਜਾਬ ਵਿੱਚ ਚੋਣ ਪ੍ਰਚਾਰ ਲਈ ਡਿਊਟੀ ਲਾਈ ਗਈ ਹੈ। ਦਿੱਲੀ ਨਾਲ ਸਬੰਧਿਤ ਪੰਜਾਬ ਇਕਾਈ ਦੇ ਇੰਚਾਰਜ ਸੰਜੇ ਸਿੰਘ ਪਿਛਲੇ ਕਈ ਮਹੀਨਿਆਂ ਤੋਂ ਹੀ ਪੰਜਾਬ ਵਿੱਚ ਹੀ ਡਟੇ ਹਨ। 'ਆਪ' ਦੇ 40 ਸਟਾਰ ਕੰਪੇਨਰਾਂ ਵਿੱਚ ਪੰਜਾਬ ਵਿੱਚੋਂ ਸੁਨਾਮ ਤੋਂ ਚੋਣ ਲੜ ਰਹੇ ਅਮਨ ਅਰੋੜਾ, ਬਲਾਚੌਰ ਦੇ ਉਮੀਦਵਾਰ ਬ੍ਰਿਗੇਡੀਅਰ ਰਾਜ ਕੁਮਾਰ ਅਤੇ ਤਰਜਮਾਨ ਚੰਦਰ ਸੁਤਾ ਡੋਗਰਾ ਸ਼ਾਮਲ ਹਨ। ਸਾਲ 2014 ਵਿੱਚ 'ਆਪ' ਦੀ ਟਿਕਟ ਤੋਂ ਚੰਡੀਗੜ੍ਹ ਤੋਂ ਲੋਕ ਸਭਾ ਦੀ ਚੋਣ ਲੜਨ ਉਪਰੰਤ ਨਿਰੰਤਰ ਸਿਆਸੀ ਪਿੜ ਵਿੱਚੋਂ ਗਾਇਬ ਮਾਡਲ ਗੁਲ ਪਨਾਗ ਨੂੰ ਵੀ ਸਟਾਰ ਕੰਪੇਨਰ ਬਣਾਇਆ ਹੈ। ਸੀਪੀਆਈ ਐਮਐਲ ਲਿਬਰੇਸ਼ਨ ਛੱਡ ਕੇ 'ਆਪ' ਵਿੱਚ ਸ਼ਾਮਲ ਹੋਏ ਬੰਤ ਸਿੰਘ ਨੂੰ ਵਿਆਪਕ ਪੱਧਰ 'ਤੇ ਚੋਣ ਪ੍ਰਚਾਰ ਵਿੱਚ ਉਤਾਰਿਆ ਹੈ। ਗਾਇਕ ਜੱਸੀ ਜਸਰਾਜ ਅਤੇ ਸੁਖਵਿੰਦਰ ਸੁੱਖੀ ਵੀ 'ਆਪ' ਦੇ ਹੱਕ ਵਿੱਚ ਸੁਰਾਂ ਅਲਾਪ ਰਹੇ ਹਨ।

## ਕੇਜਰੀਵਾਲ ਨੇ ਟਿੱਪਣੀ ਦੁਹਰਾਉਣ ਦੀ ਆਗਿਆ ਮੰਗੀ

ਨਵੀਂ ਦਿੱਲੀ: ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਨੂੰ ਭੇਜੇ ਪੱਤਰ ਵਿੱਚ ਕਿਹਾ ਹੈ ਕਿ ਉਨ੍ਹਾਂ ਨੂੰ "ਹੋਰ ਪਾਰਟੀਆਂ ਤੋਂ ਪੈਸੇ ਲੈ ਕੇ 'ਆਪ' ਨੂੰ ਵੋਟ ਪਾਉਣ" ਦੀ ਟਿੱਪਣੀ ਦੁਹਰਾਉਣ ਦੀ ਆਗਿਆ ਦਿੱਤੀ ਜਾਵੇ ਕਿਉਂਕਿ ਇਹ ਟਿੱਪਣੀ ਭ੍ਰਿਸ਼ਟਾਚਾਰ ਰੋਕਣ ਲਈ ਕੀਤੀ ਗਈ ਸੀ। ਸ੍ਰੀ ਕੇਜਰੀਵਾਲ ਨੇ ਚੋਣ ਕਮਿਸ਼ਨਰ ਨੂੰ ਸੁਝਾਅ ਦਿੱਤਾ ਕਿ ਉਨ੍ਹਾਂ ਵੱਲੋਂ ਚੋਣਾਂ ਵਿੱਚ ਰਿਸ਼ਵਤਖੋਰੀ ਰੋਕਣ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਸਦਕਾ ਉਨ੍ਹਾਂ (ਕੇਜਰੀਵਾਲ) ਨੂੰ ਚੋਣ ਕਮਿਸ਼ਨ ਦਾ ਪ੍ਰਚਾਰਕ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਅਜਿਹੀਆਂ ਟਿੱਪਣੀਆਂ ਕਰਨ ਤੋਂ ਰੋਕਣ ਨਾਲ ਚੋਣ ਕਮਿਸ਼ਨ ਵੱਲੋਂ ਭ੍ਰਿਸ਼ਟਾਚਾਰ ਨੂੰ ਰੋਕਿਆ ਨਹੀਂ ਜਾ ਰਿਹਾ ਬਲਕਿ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਚੋਣ ਕਮਿਸ਼ਨ ਵੱਲੋਂ ਇਸ ਮਾਮਲੇ 'ਤੇ ਮੁੜ ਗੌਰ ਕੀਤੀ ਜਾਵੇਗੀ।

## ਚੋਣਾਂ ਤੋਂ ਪਹਿਲਾਂ ਕਲੀਨ ਚਿੱਟ : 6000 ਕਰੋੜ ਰੁਪਏ ਦਾ ਡਰੱਗ ਰੈਕੇਟ ਜਾਂਚ 'ਚ 60 ਕਰੋੜ ਦਾ ਹੀ ਨਿਕਲਿਆ

# ਡਰੱਗ ਰੈਕੇਟ : ਜਿਨ੍ਹਾਂ ਤਸਕਰਾਂ ਕਾਰਨ ਬਿਕਰਮ ਮਜੀਠੀਆ ਦਾ ਨਾਂ ਆਇਆ, ਜਾਂਚ 'ਚ ਉਨ੍ਹਾਂ ਦੇ ਨਾਂ ਹਟਾਏ

### ਭੋਲਾ ਨੂੰ ਹੁਣ ਤਕ ਦੋ ਕੇਸਾਂ 'ਚ ਕਲੀਨ ਚਿੱਟ

ਐਸ.ਆਈ.ਟੀ. ਨੇ ਇਸ ਰੈਕੇਟ ਦੇ ਕਿੰਗਪਿਨ ਦੱਸੇ ਗਏ ਜਗਦੀਸ਼ ਭੋਲਾ ਨੂੰ ਵੀ ਕਲੀਨ ਚਿੱਟ ਦਿੱਤੀ ਹੈ। ਐਫ.ਆਈ.ਆਰ. ਅਨੁਸਾਰ ਇਕ ਕੇਸ 'ਚ ਭੋਲਾ ਕੋਲੋਂ 5 ਕਿਲੋਗ੍ਰਾਮ ਸੂਡੋਐਫਰਿਨ ਫੜੀ ਗਈ ਸੀ। ਸੂਡੋਐਫਰਿਨ ਤੋਂ ਪਾਰਟੀ ਡਰੱਗ ਬਣਦੀ ਹੈ। ਐਸ.ਆਈ.ਟੀ. ਨੇ ਜਾਂਚ 'ਚ ਪਾਇਆ ਕਿ ਨਾ ਹੈਰੋਇਨ ਮਿਲੀ ਅਤੇ ਨਾ ਹੀ ਕੈਮੀਕਲ। ਅਜਿਹੀ ਹੀ ਪੁਲੀਸ ਦੀ ਪਹਿਲੀ ਰਿਪੋਰਟ ਨੂੰ ਆਧਾਰ ਬਣਾ ਕੇ ਭੋਲਾ ਦੋ ਕੇਸਾਂ 'ਚ ਬਰੀ ਹੋ ਚੁੱਕਾ ਹੈ। ਹੁਣ ਇਕ ਹੋਰ ਕੇਸ 'ਚ ਬਰੀ ਹੋ ਜਾਵੇਗਾ। ਹੈਰਾਨੀ ਦੀ ਗੱਲ ਇਹ ਹੈ ਕਿ ਇਕ ਪਾਸੇ ਐਸ.ਆਈ.ਟੀ. ਭੋਲਾ ਨੂੰ ਕਲੀਨ ਚਿਟ ਦਿੰਦਿਆਂ ਰਿਪੋਰਟ ਵਿਚ ਇਹ ਲਿਖ ਰਹੀ ਹੈ - 'ਜਗਦੀਸ਼ ਭੋਲਾ 'ਤੇ ਲੱਗੇ ਦੋਸ਼ਾਂ ਦੇ ਸਬੂਤ ਨਹੀਂ ਮਿਲੇ।' ਉਥੇ, ਇਸ ਕੇਸ 'ਚ ਐਸ.ਆਈ.ਟੀ. ਪੁਲੀਸ ਚਾਰਜਸ਼ੀਟ ਨੂੰ ਜਾਇਜ਼ ਮੰਨ ਰਹੀ ਹੈ। ਪੁਲੀਸ ਨੇ ਉਸ ਨੂੰ ਹੀ ਦੋਸ਼ੀ ਦੱਸਿਆ ਸੀ।



**ਜਿਵੇਂ ਦੀ ਰਿਪੋਰਟ ਪੁਲੀਸ ਦੀ, ਉਂਜ ਹੀ ਐਸ.ਆਈ.ਟੀ. ਦੀ :** ਪੁਲੀਸ ਨੇ ਪਹਿਲਾਂ ਜੋ ਰਿਪੋਰਟ ਦਿੱਤੀ ਸੀ, ਉਸ ਵਿਰੁੱਧ ਮੁਲਜ਼ਮ ਅਨੂਪ ਕਾਹਲੋਂ, ਬਿੱਟੂ, ਔਲਖ, ਜਗਜੀਤ ਚਹਿਲ, ਮਨਪ੍ਰੀਤ ਮਨੀ ਕੋਰਟ ਪੁੱਜ ਗਏ ਸਨ। ਮੰਗ ਵੀ ਕੀਤੀ ਸੀ ਕਿ ਪੂਰੀ ਜਾਂਚ ਪੰਜਾਬ ਪੁਲੀਸ ਦੀ ਬਜਾਏ ਸੀ.ਬੀ.ਆਈ. ਤੋਂ ਕਰਵਾਈ ਜਾਵੇ। ਇਸੇ ਮੰਗ 'ਤੇ ਹਾਈ ਕੋਰਟ ਨੇ ਐਸ.ਆਈ.ਟੀ. ਬਣਾਈ ਸੀ। ਪਰ ਜਾਂਚ 'ਚ ਉਹੀ ਸਾਹਮਣੇ ਆਇਆ, ਜੋ ਪੁਲੀਸ ਦੱਸਦੀ ਰਹੀ ਹੈ।

**ਅਦਾਲਤ 'ਚ ਥਾਣੇਦਾਰ ਸੱਚ ਬੋਲ ਬੈਠੇ : ਐਡਵੋਕੇਟ**

ਅਨੂਪ ਸਿੰਘ ਕਾਹਲੋਂ ਅਤੇ ਮਨਪ੍ਰੀਤ ਮਨੀ ਦੀ ਐਡਵੋਕੇਟ ਸ਼ੈਲੀ ਸ਼ਰਮਾ ਨੇ ਕਿਹਾ, "ਅਸੀਂ ਉਹ ਸਾਰਾ ਰਿਕਾਰਡ ਐਸ.ਆਈ.ਟੀ. ਨੂੰ ਦਿੱਤਾ ਸੀ, ਪਰ ਰਿਪੋਰਟ 'ਚ ਉਹ ਸਾਰੀਆਂ ਗੱਲਾਂ ਗਾਇਬ ਹਨ। ਇਕ ਕੇਸ ਦੀ ਸੁਣਵਾਈ ਦੌਰਾਨ ਤਾਂ ਥਾਣੇਦਾਰ ਬਲਵਿੰਦਰ ਸਿੰਘ ਖੁਦ ਮੰਨ ਚੁੱਕੇ ਹਨ ਕਿ ਸੱਤਾ ਅਤੇ ਉਨ੍ਹਾਂ ਦੇ ਸਾਥੀ ਰੈਕੇਟ 'ਚ ਸ਼ਾਮਲ ਹਨ। ਅਸੀਂ ਇਹ ਰਿਕਾਰਡ ਵੀ ਐਸ.ਆਈ.ਟੀ. ਨੂੰ ਦਿੱਤਾ ਸੀ।"

## ਐਸ.ਆਈ.ਟੀ. ਨੇ ਕਿਹਾ : ਕੇਸ ਹਾਈ ਕੋਰਟ 'ਚ ਪੈਂਡਿੰਗ, ਗੱਲ ਕਰਨਾ ਠੀਕ ਨਹੀਂ

**ਭੋਲਾ, ਔਲਖ ਤੇ ਚਹਿਲ ਨੇ ਦਿੱਤਾ ਸੀ ਬਿਆਨ : ਕਿਹਾ ਸੀ, 'ਸੱਤਾ ਕਿੰਗਪਿਨ, ਜੋ ਮੰਤਰੀ ਮਜੀਠੀਆ ਦਾ ਨਜ਼ਦੀਕੀ ਹੈ। ਨਾਲ ਹੀ ਪਿੰਦੀ ਅਤੇ ਲਾਡੀ ਵੀ।' ਐਫ.ਆਈ.ਆਰ. 'ਚ ਤਿੰਨਾਂ ਦਾ ਜ਼ਿਕਰ ਹੈ, ਜਿਨ੍ਹਾਂ ਨੂੰ ਈ.ਡੀ. ਨੇ ਵਾਂਟੇਡ ਐਲਾਨਿਆ ਹੋਇਆ ਹੈ**

**ਚੰਡੀਗੜ੍ਹ/ਬਿਊਰੋ ਨਿਊਜ਼ :** ਜਿਸ ਡਰੱਗ ਨੈੱਟਵਰਕ ਨੂੰ ਇਨਫੋਰਸਮੈਂਟ ਡਾਇਰੈਕਟਰ (ਈ.ਡੀ.) ਨੇ 6000 ਕਰੋੜ ਰੁਪਏ ਦਾ ਸਮਝਿਆ ਤੇ ਦੱਸਿਆ, ਪੁਲੀਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐਸ.ਆਈ.ਟੀ.) ਉਸ ਨੂੰ ਸਿਰਫ 60 ਕਰੋੜ ਰੁਪਏ ਦਾ ਮੰਨ ਚੁੱਕੀ ਹੈ। ਦੋ ਹਫਤੇ ਬਾਅਦ ਵੋਟਿੰਗ ਹੈ, ਐਸ.ਆਈ.ਟੀ ਨੇ ਵੀ ਜਾਂਚ ਰਿਪੋਰਟ ਦਾਖ਼ਲ ਕਰ ਦਿੱਤੀ ਹੈ। ਫਤਿਹਗੜ੍ਹ ਸਾਹਿਬ ਕੋਰਟ ਵਿਚ 10 ਜਨਵਰੀ ਨੂੰ ਦਿੱਤੀ ਗਈ ਇਸ ਰਿਪੋਰਟ ਵਿਚ ਉਹੀ ਸਾਰੀਆਂ ਗੱਲਾਂ ਹਨ, ਜੋ ਪੰਜਾਬ ਪੁਲੀਸ ਵੱਖ-ਵੱਖ ਅਦਾਲਤਾਂ ਵਿਚ ਕਹਿੰਦੀ ਰਹੀ। ਇਸ ਲਈ ਹਾਈ ਕੋਰਟ ਨੇ ਐਸ.ਆਈ.ਟੀ. ਬਣਾਉਣ ਦੇ ਹੁਕਮ ਦਿੱਤੇ ਸਨ। ਜਿਨ੍ਹਾਂ ਤਿੰਨ ਤਸਕਰਾਂ ਕਾਰਨ ਪੂਰੇ ਡਰੱਗ ਰੈਕੇਟ 'ਚ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਦਾ ਨਾਂ ਆਇਆ, ਐਸ.ਆਈ.ਟੀ. ਰਿਪੋਰਟ ਵਿਚ ਉਨ੍ਹਾਂ ਤਿੰਨਾਂ ਦਾ ਕਿਤੇ ਵੀ ਜ਼ਿਕਰ ਨਹੀਂ ਹੈ। ਇਹ ਨਾਂ ਹਨ ਸਤਪ੍ਰੀਤ ਸਿੰਘ ਸੱਤਾ, ਪਰਮਿੰਦਰ ਸਿੰਘ ਪਿੰਦੀ ਅਤੇ ਅਮਰਿੰਦਰ ਲਾਡੀ। ਦੱਸਿਆ ਗਿਆ ਕਿ ਇਨ੍ਹਾਂ ਦੇ ਸਬੰਧ ਮਜੀਠੀਆ ਨਾਲ ਹਨ। ਮਜੀਠੀਆ ਦਾ ਨਾਂ ਆਉਂਦੇ ਹੀ ਵਿਰੋਧੀ ਧਿਰ ਨੇ ਇਸ ਨੂੰ ਸਭ ਤੋਂ ਵੱਡਾ ਮੁੱਦਾ ਬਣਾ ਦਿੱਤਾ। ਹੁਣ ਚੋਣਾਂ ਤੋਂ ਠੀਕ ਪਹਿਲਾਂ ਆਈ ਐਸ.ਆਈ.ਟੀ. ਦੀ ਰਿਪੋਰਟ ਬਾਰੇ ਬਿਕਰਮ ਮਜੀਠੀਆ ਨੇ ਕਿਹਾ, "ਇਹ ਵਿਰੋਧੀ ਧਿਰ ਦੇ ਮੂੰਹ 'ਤੇ ਚਪੇੜ ਵਾਂਗ ਹੈ।"

ਐਸ.ਆਈ.ਟੀ. 'ਚ ਆਈ.ਜੀ. ਇਸ਼ਵਰ ਸਿੰਘ, ਆਈ.ਜੀ. ਨਾਗੇਸ਼ਵਰ ਰਾਓ, ਆਈ.ਜੀ. ਵੀ. ਨੀਰਜਾ ਹਨ। ਆਈ.ਜੀ. ਰਾਓ ਨੇ ਕਿਹਾ ਕਿ ਅਸੀਂ ਰਿਪੋਰਟ ਦੇ ਦਿੱਤੀ ਹੈ। ਕੇਸ ਅਦਾਲਤ 'ਚ ਚੱਲ ਰਿਹਾ ਹੈ, ਇਸ ਲਈ ਕੋਈ ਟਿੱਪਣੀ ਕਰਨਾ ਠੀਕ ਨਹੀਂ ਹੈ। ਭੋਲਾ ਅਤੇ ਹੋਰਾਂ ਨੇ ਗੱਲਬਾਤ ਦੌਰਾਨ ਮੰਨ ਲਿਆ ਸੀ ਕਿ ਚਹਿਲ ਦੀ ਬੱਦੀ (ਹਿਮਾਚਲ) 'ਚ ਫੈਕਟਰੀ ਹੈ। ਉਸੇ ਫੈਕਟਰੀ 'ਚ ਨਸ਼ਾ ਬਣਾਉਣ ਲਈ ਵਰਤਿਆ ਜਾਣ ਵਾਲਾ ਕੈਮੀਕਲ ਇਨ੍ਹਾਂ ਤਿੰਨ ਲੋਕਾਂ ਰਾਹੀਂ ਵਿਦੇਸ਼ ਭੇਜਿਆ ਗਿਆ। ਸਾਰੇ ਇਕ ਲੜੀ ਨਾਲ ਜੁੜੇ ਹੋਏ ਸਨ। ਇਸ ਦੀ ਜਾਣਕਾਰੀ ਮੁਲਜ਼ਮਾਂ ਨੇ ਪਟੀਸ਼ਨ ਰਾਹੀਂ ਹਾਈ ਕੋਰਟ 'ਚ ਦਿੱਤੀ। ਇਸ 'ਤੇ ਜਸਟਿਸ ਸੂਰਿਆਕਾਂਤ ਨੇ ਤਿੰਨ ਵਾਰ ਸਤਪ੍ਰੀਤ ਸੱਤਾ ਅਤੇ ਪਰਮਿੰਦਰ ਪਿੰਦੀ ਦੀ ਭੂਮਿਕਾ ਦੀ ਜਾਂਚ ਕਰਨ ਲਈ ਕਿਹਾ ਸੀ।



**ਮੈਂ ਤਾਂ ਪਹਿਲਾਂ ਹੀ ਕਹਿ ਰਿਹਾ ਸੀ ਕਿ ਮੇਰਾ ਕੋਈ ਲੈਣਾ-ਦੇਣਾ ਨਹੀਂ : ਮਜੀਠੀਆ**

ਕੈਬਿਨੇਟ ਮੰਤਰੀ ਬਿਕਰਮ ਮਜੀਠੀਆ ਨੇ ਕਿਹਾ, "ਮੈਂ ਪਹਿਲਾਂ ਹੀ ਕਹਿ ਰਿਹਾ ਸੀ ਕਿ ਇਨ੍ਹਾਂ ਮਾਮਲਿਆਂ ਨਾਲ ਮੇਰਾ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਸਿਰਫ ਸਿਆਸੀ ਸਾਜਿਸ਼ ਕਾਰਨ ਪਲਾਂਟ ਕੀਤਾ ਗਿਆ ਹੈ। ਇਹ ਰਿਪੋਰਟ ਦੋਸ਼ ਲਗਾਉਣ ਵਾਲਿਆਂ ਦੇ ਮੂੰਹ 'ਤੇ ਚਪੇੜ ਹੈ।"

# ਪਰਦੇ 'ਤੇ ਫਿਰ ਉੱਡੇਗਾ ਪੰਜਾਬ : ਡਰੱਗ 'ਤੇ ਬਣੀ ਫਿਲਮ 'ਜੁਗਨੀ ਹੱਥ ਕਿਸੇ ਨਾ ਆਉਣੀ', ਜਿਸ 'ਚ ਹੀਰੋ ਅਕਾਲੀ ਨੇਤਾ

**ਚੰਡੀਗੜ੍ਹ/ਬਿਊਰੋ ਨਿਊਜ਼ :**

ਚੋਣਾਂ ਤੋਂ ਬਾਅਦ 10 ਫਰਵਰੀ ਨੂੰ ਇਕ ਫਿਲਮ ਰਿਲੀਜ਼ ਹੋਣ ਵਾਲੀ ਹੈ। ਨਾਮ ਹੈ 'ਜੁਗਨੀ ਹੱਥ ਕਿਸੇ ਨਾ ਆਉਣੀ'। ਅਕਾਲੀ ਨੇਤਾ ਅਤੇ ਗਾਇਕ ਕੇ.ਐਸ. ਮੱਖਣ ਇਸ ਦੇ ਹੀਰੋ ਹਨ। ਖਲਨਾਇਕ ਹੈ ਡਰੱਗ ਰੈਕੇਟ ਦਾ ਕਿੰਗਪਿਨ ਜਗਦੀਸ਼ ਭੋਲਾ, ਜੋ ਜੇਲ੍ਹ ਵਿਚ ਬੰਦ ਹੈ। ਇਹ ਫਿਲਮ ਡਰੱਗ ਰੈਕੇਟ 'ਤੇ ਹੀ ਬਣੀ ਹੈ। ਸ਼ੂਟਿੰਗ 2012 ਤੋਂ ਪਹਿਲਾਂ ਪੂਰੀ ਹੋ ਗਈ ਸੀ। ਉਦੋਂ ਭੋਲਾ ਫੜਿਆ ਨਹੀਂ ਗਿਆ ਸੀ ਅਤੇ ਡਰੱਗ ਨੈੱਟਵਰਕ ਚਲਾਉਂਦਾ ਸੀ। ਫਿਲਮ ਦੇ ਨਿਰਮਾਤਾ ਜਗਤੀਰ ਸਿੰਘ ਕਹਿੰਦੇ ਹਨ ਕਿ ਇਹ ਫਿਲਮ ਪੰਜਾਬ ਦੀ ਅਸਲ ਤਸਵੀਰ ਪੇਸ਼ ਕਰਦੀ ਹੈ। ਕਹਾਣੀ ਦੋ ਭਰਾਵਾਂ ਦੀ ਹੈ। ਇਸ ਵਿਚ ਨੇਤਾ ਵੀ ਹੈ ਅਤੇ ਨਸ਼ਾ ਵੀ। ਨਸ਼ੇ ਅਤੇ ਬਲੈਕ ਮਨੀ ਦਾ ਨੈੱਟਵਰਕ ਕਿਵੇਂ ਕੰਮ ਕਰਦਾ ਹੈ, ਇਹ ਦੱਸਿਆ




ਗਿਆ ਹੈ। ਪੰਜਾਬ ਦੇ ਨੇਤਾ ਡਰੱਗ 'ਤੋਂ ਕਿਵੇਂ ਪੈਸੇ ਕਮਾਉਂਦੇ ਹਨ, ਇਸ ਨੂੰ ਸਮਝਾਉਣ ਲਈ ਕੁੱਝ ਤੱਥ ਪੇਸ਼ ਕੀਤੇ ਗਏ ਹਨ।

ਸਾਬਕਾ ਡੀ.ਐਸ.ਪੀ. ਅਤੇ ਪਹਿਲਵਾਨ ਜਗਦੀਸ਼ ਭੋਲਾ ਮਾਰਚ 2013 ਵਿਚ ਗ੍ਰਿਫ਼ਤਾਰ ਹੋਇਆ ਸੀ। ਉਸ ਨੂੰ ਇੰਟਰਨੈਸ਼ਨਲ ਡਰੱਗ ਨੈੱਟਵਰਕ ਦਾ ਮੁਖੀ ਦੱਸਿਆ ਗਿਆ। ਪਰਦੇ 'ਤੇ ਵੀ ਭੋਲਾ ਆਪਣੇ ਕੰਮ ਦੇ ਅਨੁਸਾਰ ਹੀ ਰੋਲ ਨਿਭਾ ਰਿਹਾ ਹੈ। ਜਗਤੀਰ ਸਿੰਘ ਕਹਿੰਦੇ ਹਨ ਕਿ ਭੋਲਾ ਹੀ ਇਸ ਰੋਲ ਲਈ ਸਭ ਤੋਂ ਫਿਟ ਨਜ਼ਰ ਆਇਆ, ਇਸ ਲਈ ਉਸ ਨੂੰ ਫਿਲਮ ਆਫਰ ਕੀਤੀ ਗਈ। ਕੇ.ਐਸ. ਮੱਖਣ ਅੱਜ ਕਲ੍ਹ ਦਿੜਬਾ ਹਲਕੇ ਵਿਚ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਕਿਹਾ, "ਜਦੋਂ ਇਹ ਫਿਲਮ ਬਣ ਰਹੀ ਸੀ ਤਾਂ ਮੈਨੂੰ ਭੋਲੇ ਦਾ ਬੈਕਗ੍ਰਾਊਂਡ ਪਤਾ ਨਹੀਂ ਸੀ।" ਇਕ ਸਮਾਂ ਸੀ, ਜਦੋਂ ਉਹ ਪੰਜਾਬੀ ਗਾਇਕੀ ਵਿਚ ਉੱਚਾ ਮੁਕਾਮ ਹਾਸਲ ਕਰ ਚੁੱਕੇ ਸਨ, ਪਰ ਉਨ੍ਹਾਂ ਵਿਰੁੱਧ ਜਲੰਧਰ 'ਚ ਨਸ਼ਾ ਤਸਕਰੀ ਦਾ ਮਾਮਲਾ ਦਰਜ ਹੋ ਗਿਆ। ਉਸ ਤੋਂ ਬਾਅਦ ਕਾਫੀ ਸਮਾਂ ਫਰਾਰ ਰਹੇ। ਬਾਅਦ ਵਿਚ ਉਨ੍ਹਾਂ ਨੂੰ ਪੰਜਾਬ-ਹਰਿਆਣਾ ਹਾਈਕੋਰਟ ਤੋਂ ਰਾਹਤ ਮਿਲੀ।

ਕੇ.ਐਸ. ਮੱਖਣ ਨੂੰ ਅਕਾਲੀ ਦਲ 'ਚ ਸ਼ਾਮਲ ਕਰਵਾਉਣ ਵਾਲੇ ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਮੱਖਣ ਤਾਂ ਕਲਾਕਾਰ ਹਨ। ਫਿਲਮ ਵਿਚ ਰੋਲ ਕਰਨਾ ਕੋਈ ਗਲਤ ਕੰਮ ਨਹੀਂ ਹੈ। ਉਂਜ ਜਗਦੀਸ਼ ਭੋਲਾ ਇਸ ਤੋਂ ਪਹਿਲਾਂ ਵੀ ਦੋ ਫਿਲਮਾਂ ਕਰ ਚੁੱਕੇ ਹਨ। ਰੁਸਤਮ-ਏ-ਹਿੰਦ ਅਤੇ ਪਹਿਲਵਾਨ। ਦੋਵੇਂ ਫਿਲਮਾਂ ਬੀ.ਬੀ. ਵਰਮਾ ਨੇ ਲਿਖੀਆਂ ਸਨ। ਭੋਲਾ ਦੀ ਤੀਜੀ ਫਿਲਮ 'ਜੁਗਨੀ ਹੱਥ ਕਿਸੇ ਨਾ ਆਉਣੀ' ਵੀ ਬੀ.ਬੀ. ਵਰਮਾ ਨੇ ਹੀ ਲਿਖੀ ਹੈ।

# ਸਖ਼ਤ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਜਲੰਧਰ 'ਚ ਗੈਂਗਵਾਰ

### *ਭਾਲੂ ਗੈਂਗ ਨੇ ਪੰਚਮ ਉਰਫ਼ ਨੂਰ ਸਿੰਘ 'ਤੇ ਚਲਾਈਆਂ ਗੋਲੀਆਂ*

**ਜਲੰਧਰ/ਬਿਊਰੋ ਨਿਊਜ਼ :**

ਕਮਿਸ਼ਨਰੇਟ ਪੁਲੀਸ ਅਤੇ ਪੈਰਾ-ਮਿਲਟਰੀ ਫੋਰਸ ਵੱਲੋਂ ਚੋਣਾਂ ਦੇ ਮੱਦੇਨਜ਼ਰ ਕੀਤੇ ਗਏ ਸਖ਼ਤ ਪ੍ਰਬੰਧਾਂ ਦੇ ਬਾਵਜੂਦ ਜਲੰਧਰ ਸ਼ਹਿਰ ਦੇ ਵਿਚਕਾਰ ਦਿਨ-ਦਿਹਾੜੇ ਸ਼ਰ੍ਹੇਆਮ ਇੱਕ ਗੈਂਗ ਦੇ ਮੈਂਬਰਾਂ ਵੱਲੋਂ ਦੂਜੇ ਗੈਂਗਸਟਰ 'ਤੇ ਗੋਲੀਆਂ ਚਲਾਈਆਂ ਗਈਆਂ। ਇੱਥੇ ਕੂਲ ਰੋਡ 'ਤੇ ਭਾਲੂ ਗੈਂਗ ਦੇ ਮੈਂਬਰਾਂ ਨੇ ਪੰਚਮ ਉਰਫ਼ ਨੂਰ ਸਿੰਘ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਪੰਚਮ ਦੇ ਢਿੱਡ ਅਤੇ ਪਿੱਠ ਵਿਚ ਦੋ-ਦੋ ਗੋਲੀਆਂ ਅਤੇ ਇੱਕ ਗੋਲੀ ਸੱਜੀ ਬਾਂਹ 'ਤੇ ਲੱਗੀ। ਇਸ ਤੋਂ ਬਾਅਦ ਉਸ ਨੂੰ ਤੁਰੰਤ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਪਰ ਹਾਲਤ ਜ਼ਿਆਦਾ ਗੰਭੀਰ ਹੋਣ ਕਾਰਨ ਲੁਧਿਆਣਾ ਦੇ ਡੀਐਮਸੀ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ ਕਰੀਬ 10 ਵਜੇ ਪੰਚਮ ਆਪਣੇ ਇੱਕ ਦੋਸਤ ਨਾਲ ਕੂਲ ਰੋਡ 'ਤੇ ਕਾਰ ਵਿੱਚ ਬੈਠਾ ਸੀ ਕਿ ਇਸ ਦੌਰਾਨ ਦੋ ਐਕਟਿਵਾ 'ਤੇ ਚਾਰ ਨੌਜਵਾਨ ਆਏ ਅਤੇ ਪੰਚਮ 'ਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਇਹ ਵਾਰਦਾਤ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ ਹੈ ਜਿਸ ਦੀ ਪੁਲੀਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੰਚਮ ਦੇ ਪਰਿਵਾਰ ਵੱਲੋਂ ਸਾਰੀ ਘਟਨਾ ਨੂੰ ਆਗਾਮੀ ਚੋਣਾਂ ਵਿਚ ਜਲੰਧਰ ਉੱਤਰੀ ਹਲਕੇ ਦੀ ਸਿਆਸੀ ਲੜਾਈ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਪੰਚਮ ਦੇ ਨਾਲ ਬੈਠੇ ਨੌਜਵਾਨ ਪੁਨੀਤ ਸ਼ਰਮਾ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਡਿਵੀਜ਼ਨ ਨੰਬਰ 7 ਦੀ ਪੁਲੀਸ ਨੇ ਗੁਰਸ਼ਰਨ ਸਿੰਘ ਭਾਲੂ ਖ਼ਿਲਾਫ਼ ਧਾਰਾ 307 ਤਹਿਤ ਕੇਸ ਦਰਜ ਕਰ ਲਿਆ ਹੈ। ਜਲੰਧਰ ਦੇ ਪੁਲੀਸ ਕਮਿਸ਼ਨਰ ਅਰਪਿਤ ਸ਼ੁਕਲਾ ਨੇ ਕਿਹਾ ਕਿ ਦੋਵੇਂ ਧਿਰਾਂ ਦੀ ਆਪਸ ਵਿਚ ਰੰਜਿਸ਼ ਚੱਲ ਰਹੀ ਸੀ ਅਤੇ ਇਹ ਗੈਂਗਵਾਰ ਉਸੇ ਦਾ ਨਤੀਜਾ ਹੈ। ਉਨ੍ਹਾਂ ਕਿਹਾ ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਜਲਦੀ ਹੀ ਮੁਲਜ਼ਮਾਂ ਨੂੰ ਫੜ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਪੰਚਮ 'ਤੇ ਪਹਿਲਾਂ ਵੀ ਕਈ ਅਪਰਾਧਿਕ ਕੇਸ ਦਰਜ ਹਨ ਅਤੇ ਇਸ ਵੇਲੇ ਉਹ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸੀ।



ਗੈਂਗਸਟਰ ਪੰਚਮ ਦੀ ਮਾਂ ਵਿਰਲਾਪ ਕਰਦੀ ਹੋਈ

# ਘਰੋਂ ਹੀ ਸਿਆਸੀ ਮੁਹਿੰਮ ਚਲਾਉਣਗੇ ਲੱਗੇ ਬਾਦਲ



ਪਿੰਡ ਬਾਦਲ ਵਿੱਚ ਆਪਣੀ ਰਿਹਾਇਸ਼ 'ਤੇ ਦਲਿਤਾਂ ਨਾਲ ਮੀਟਿੰਗ ਕਰਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ।

**ਲੰਬੀ/ਬਿਊਰੋ ਨਿਊਜ਼ :** ਲੰਬੀ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਜਰਨੈਲ ਸਿੰਘ ਵਿਚਾਲੇ 'ਘਿਰੇ' ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੁਣ ਘਰੋਂ ਹੀ ਸਿਆਸੀ ਰਾਹਾਂ ਸੌਖੀਆਂ ਕਰਨ ਵਿਚ ਜੁਟੇ ਹਨ। ਵੱਡੇ ਬਾਦਲ ਨੇ ਪਿੰਡ ਬਾਦਲ ਵਿਚਲੀ ਰਿਹਾਇਸ਼ 'ਤੇ ਡੇਰਾ ਲਾਇਆ ਹੋਇਆ ਹੈ। ਜਿੱਥੋਂ ਉਹ ਲੰਬੀ ਹਲਕੇ ਦੇ ਸਮੁੱਚੇ ਸਿਆਸੀ ਘਟਨਾਕ੍ਰਮ 'ਤੇ ਤਿੱਖੀ ਨਜ਼ਰ ਰੱਖ ਕੇ ਸਿਆਸੀ ਜੁਗਤਾਂ ਲੜਾ ਰਹੇ ਹਨ। ਸ੍ਰੀ ਬਾਦਲ ਤਿੰਨ ਕੁ ਦਿਨ ਪਹਿਲਾਂ ਹੀ ਚੋਣ ਪ੍ਰਚਾਰ ਦਾ ਇੱਕ ਗੇੜ ਖ਼ਤਮ ਕਰ ਕੇ ਹਟੇ ਹਨ। ਉਦੋਂ ਉਨ੍ਹਾਂ ਦਾ ਕਹਿਣਾ ਸੀ ਕਿ ਹੁਣ ਚੋਣਾਂ ਤੱਕ ਉਨ੍ਹਾਂ ਨੂੰ ਲੰਬੀ ਹਲਕੇ ਲਈ ਵਿਹਲ ਨਹੀਂ ਹੋਵੇਗੀ।

ਕਾਂਗਰਸ ਦੇ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਵੀ 28 ਜਨਵਰੀ ਅਤੇ ਚੋਣ ਪ੍ਰਚਾਰ ਦੇ ਅਖੀਰਲੇ ਦਿਨ 2 ਫਰਵਰੀ ਨੂੰ ਲੰਬੀ ਹਲਕੇ ਦੇ ਵੋਟਰਾਂ ਦਰਮਿਆਨ ਪੁੱਜ ਰਹੇ ਹਨ। ਜ਼ਿਕਰਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅੱਜ ਤੱਕ ਕਦੇ ਵਿਧਾਨ ਸਭਾ ਚੋਣ ਨਹੀਂ ਹਾਰੇ। ਇਸ ਵਾਰ ਤਿਕੋਣੇ ਮੁਕਾਬਲੇ ਵਿੱਚ ਆਪਣੀ ਸੀਟ ਬਚਾਉਣ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਲਗਾਤਾਰ ਧਿਆਨ ਦੇਣਾ ਪੈ ਰਿਹਾ ਹੈ।

ਸ੍ਰੀ ਬਾਦਲ ਨੇ ਆਪਣੀ ਰਿਹਾਇਸ਼ 'ਤੇ ਹਲਕੇ ਦੇ ਕਰੀਬ ਦੋ ਸੌ ਦਲਿਤ ਵਰਕਰਾਂ ਅਤੇ ਆਗੂਆਂ ਨਾਲ ਮੀਟਿੰਗ ਕੀਤੀ। ਪਿਛਲੀ ਵਾਰ ਤਿੰਨ ਬਾਦਲ ਭਰਾਵਾਂ ਦੀ ਸਿਆਸੀ ਜੰਗ ਉਹ ਸੌਖਿਆਂ ਹੀ ਜਿੱਤ ਗਏ ਸਨ, ਪਰ ਇਸ ਵਾਰ ਅਕਾਲੀ ਜਥੇਦਾਰਾਂ ਦੀ 'ਮਾੜੀ' ਕਾਰਗੁਜ਼ਾਰੀ ਨੇ ਸ੍ਰੀ ਬਾਦਲ ਲਈ ਚੋਣ ਪ੍ਰਚਾਰ ਵੀ ਔਖਾ ਕਰ ਦਿੱਤਾ ਹੈ ਤੇ ਪ੍ਰਕਾਸ਼ ਸਿੰਘ ਬਾਦਲ ਘਰੋਂ ਹੀ ਚੋਣ ਮੁਹਿੰਮ ਚਲਾਉਣ ਲਈ ਮਜਬੂਰ ਹੋ ਗਏ ਹਨ। ਹਲਕੇ ਵਿੱਚ ਕਾਂਗਰਸ ਅਤੇ 'ਆਪ' ਦੀਆਂ ਚੋਣ ਮੁਹਿੰਮਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਦੀ ਅਗਵਾਈ ਵਿੱਚ ਲਗਭਗ 40 ਪਿੰਡਾਂ ਦੇ 1200 ਟਕਸਾਲੀ ਅਕਾਲੀ ਪਰਿਵਾਰ ਕਾਂਗਰਸ ਨਾਲ ਜੁੜ ਚੁੱਕੇ ਹਨ ਤੇ ਸ੍ਰੀ ਬਾਦਲ ਕਿਨਾਰਾ ਕਰ ਰਹੇ ਟਕਸਾਲੀ ਪਰਿਵਾਰਾਂ ਨੂੰ ਮਨਾਉਣ ਵਿਚ ਜੁਟ ਗਏ ਹਨ। ਅਕਾਲੀ ਆਗੂ ਰੁੱਸਿਆਂ ਨਾਲ ਰਾਬਤਾ ਕਰ ਕੇ ਉਨ੍ਹਾਂ ਦੀ ਮੁੱਖ ਮੰਤਰੀ ਨਾਲ ਫੋਨ 'ਤੇ ਗੱਲਬਾਤ ਤੱਕ ਕਰਵਾ ਰਹੇ ਹਨ। ਕਾਂਗਰਸ ਦਾ ਪੱਲਾ ਫੜ ਚੁੱਕੇ ਕਈ ਟਕਸਾਲੀ ਪਰਿਵਾਰ ਮੁੱਖ ਮੰਤਰੀ ਨਾਲ ਫੋਨ 'ਤੇ ਗੱਲਬਾਤ ਕਰਨੋਂ ਵੀ ਨਾਂਹ ਕਰ ਚੁੱਕੇ ਹਨ। ਕਾਂਗਰਸ ਦਾ ਪੱਲਾ ਫੜ ਚੁੱਕੇ ਟਕਸਾਲੀ ਅਕਾਲੀ ਪਰਿਵਾਰ ਦੇ ਸਾਬਕਾ ਪੰਚ ਇਕਬਾਲ ਸਿੰਘ (ਪਿੰਡ ਆਧਨੀਆਂ) ਵੀ ਮੁੱਖ ਮੰਤਰੀ ਨਾਲ ਫੋਨ 'ਤੇ ਗੱਲ ਕਰਨ ਤੋਂ ਨਾਂਹ ਕਰ ਚੁੱਕੇ ਹਨ। ਦਲਿਤਾਂ ਨਾਲ ਮੀਟਿੰਗ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਅਕਾਲੀ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਜਾਰੀ ਰੱਖਣ ਲਈ ਅਕਾਲੀ ਦਲ ਦੀ ਜਿੱਤ ਵਾਸਤੇ ਡਟਣ ਦਾ ਸੱਦਾ ਦਿੱਤਾ।

# ਪਰਵਾਸੀਆਂ ਵਿਰੁਧ ਪੰਜਾਬ 'ਚ ਕਾਰਵਾਈ !

## ਮੀਡੀਆ ਤੋਂ ਪ੍ਰਚਾਰ ਦੇ ਬਾਵਜੂਦ ਕਿਸੇ ਨਹੀਂ ਕਰਵਾਈ ਟਿਕਟ ਰੱਦ

**ਵੈਨਕੂਵਰ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਦਿਲਚਸਪੀ ਕਾਰਨ ਪਰਵਾਸੀ ਵੱਡੀ ਗਿਣਤੀ 'ਚ ਵਤਨ ਜਾ ਰਹੇ ਹਨ ਪਰ ਉੱਤਰੀ ਅਮਰੀਕਾ ਵਿਚ ਇੱਕਪਾਸੜ ਮੀਡੀਆ ਵੱਲੋਂ ਆਮ ਆਦਮੀ ਪਾਰਟੀ ਦਾ ਵਿਰੋਧ ਕਰਦਿਆਂ ਸਿੱਧੇ ਅਸਿੱਧੇ ਢੰਗ ਨਾਲ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਚੋਣਾਂ ਕਾਰਨ ਪੰਜਾਬ 'ਚ ਪਰਵਾਸੀਆਂ ਵਿਰੁੱਧ ਸਖ਼ਤ ਕਾਰਵਾਈ ਹੋ ਸਕਦੀ ਹੈ। ਪਰ ਕੁਝ ਟਰੈਵਲ ਏਜੰਟਾਂ ਨੇ ਕਿਹਾ ਕਿ ਕਿਸੇ ਨੇ ਵੀ ਟਿਕਟ ਰੱਦ ਕਰਾਉਣ ਲਈ ਨਹੀਂ ਕਿਹਾ। ਇਕ ਏਜੰਟ ਨੇ ਕਿਹਾ ਕਿ ਚਾਲੂ ਮਹੀਨੇ 'ਚ ਭਾਰਤ ਜਾਣ ਵਾਲਿਆਂ ਦਾ ਪਿਛਲੇ ਸਾਲਾਂ ਦੀ ਤੁਲਨਾ 'ਚ ਚਾਰ ਗੁਣਾ ਵਾਧਾ ਹੋਇਆ ਹੈ। ਪਿਛਲੇ ਸਾਲਾਂ ਦੌਰਾਨ ਸਰਦੀਆਂ 'ਚ ਭਾਰਤ ਜਾਣ ਵਾਲੇ 60 ਫ਼ੀਸਦੀ ਤੋਂ ਵੱਧ ਬਜ਼ੁਰਗ ਹੁੰਦੇ ਸਨ ਪਰ ਇਸ ਵਾਰ ਨੌਜਵਾਨਾਂ ਦੀ ਗਿਣਤੀ ਤਿੰਨ ਚੁਥਾਈ ਹੈ। ਇਕ ਰੇਡੀਓ ਹੋਸਟ ਨੇ ਮੰਨਿਆ ਕਿ ਉਹ ਕਿਸੇ ਪਾਰਟੀ ਦਾ ਪੱਖ ਨਹੀਂ ਪੂਰਦੇ ਬਲਕਿ ਪੇਡ ਪ੍ਰੋਗਰਾਮ ਪੇਸ਼ ਕਰਦੇ ਹਨ।

# ਯੂਨਾਈਟਿਡ ਅਕਾਲੀ ਦਲ ਵਲੋਂ ਭਗਵੰਤ ਮਾਨ ਦੀ ਹਮਾਇਤ ਦਾ ਐਲਾਨ

**ਜਲੰਧਰ/ਬਿਊਰੋ ਨਿਊਜ਼ :** ਯੂਨਾਈਟਿਡ ਅਕਾਲੀ ਦਲ ਨੇ ਪੰਥਕ ਅਤੇ ਪੰਜਾਬ ਪੱਖੀ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ ਕੀਤੀ। ਜਥੇਬੰਦੀ ਵੱਲੋਂ ਭਾਈ ਮੋਹਕਮ ਸਿੰਘ ਅਤੇ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਉਨ੍ਹਾਂ ਦੇ ਦਲ ਨੇ ਜਲਾਲਾਬਾਦ ਤੋਂ ਭਗਵੰਤ ਮਾਨ, ਖਡੂਰ ਸਾਹਿਬ ਤੋਂ ਰਮਨਜੀਤ ਸਿੰਘ ਸਿੱਕੀ, ਫਿਲੌਰ ਤੋਂ ਅਵਤਾਰ ਸਿੰਘ ਕਰੀਮਪੁਰੀ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲੀ, ਸੁਰਜੀਤ ਸਿੰਘ ਕਾਲਾ ਬੂਲਾ ਅਤੇ ਮਾਸਟਰ ਕਰਨੈਲ ਸਿੰਘ ਨਾਰੀਕੇ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ। ਆਗੂਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਅਜੇ ਤੱਕ ਫੜੇ ਨਹੀਂ ਗਏ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਨਾਲ-ਨਾਲ ਗੀਤਾ ਤੇ ਕੁਰਾਨ ਦੀ ਬੇਅਦਬੀ ਅਕਾਲੀ-ਭਾਜਪਾ ਗਠਜੋੜ ਸਰਕਾਰ ਦੇ ਸ਼ਾਸਨ ਦੌਰਾਨ ਹੀ ਹੋਈ ਹੈ। ਭਾਈ ਮੋਹਕਮ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਹਰਾਉਣ ਲਈ 'ਆਪ' ਆਗੂ ਭਗਵੰਤ ਮਾਨ ਦੀ ਹਮਾਇਤ ਕੀਤੀ ਜਾਵੇਗੀ ਕਿਉਂਕਿ ਉਹ ਇਸ ਦੇ ਸਮਰੱਥ ਹੈ। ਲੰਬੀ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਖੜ੍ਹੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ 'ਆਪ' ਦੇ ਜਰਨੈਲ ਸਿੰਘ ਵਿੱਚੋਂ ਕਿਸੇ ਇਕ ਦੀ ਹਮਾਇਤ ਕਰਨ ਦੀ ਥਾਂ ਇਨ੍ਹਾਂ ਆਗੂਆਂ ਨੇ ਕਿਹਾ ਕਿ ਉਹ ਉਸ ਆਗੂ ਦੀ ਹਮਾਇਤ ਕਰਨਗੇ ਜਿਹੜਾ ਉੱਥੇ ਬਾਦਲ ਨੂੰ ਹਰਾਉਣ ਦੀ ਸਮਰੱਥਾ ਰੱਖਦਾ ਹੋਵੇਗਾ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਕਾਂਗਰਸੀ ਉਮੀਦਵਾਰ ਰਮਨਜੀਤ ਸਿੰਘ ਸਿੱਕੀ ਦੀ ਹਮਾਇਤ ਕਰਨ ਵਿਚ ਯੂਨਾਈਟਿਡ ਅਕਾਲੀ ਦਲ ਦੇ ਆਗੂਆਂ ਨੇ ਕਾਫੀ ਹਿਚਕਚਾਹਟ ਦਿਖਾਉਣ ਤੋਂ ਬਾਅਦ ਕਿਹਾ ਕਿ ਪਾਰਟੀ ਉਸ ਦੀ ਡੱਟ ਕੇ ਹਮਾਇਤ ਕਰੇਗੀ। ਭਾਈ ਮੋਹਕਮ ਸਿੰਘ ਤੇ ਗੁਰਦੀਪ ਸਿੰਘ ਬਠਿੰਡਾ ਨੇ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਨੂੰ ਅਪੀਲ ਕੀਤੀ ਕਿ ਉਹ ਬਾਦਲਾਂ ਦਾ ਸਾਥ ਛੱਡ ਕੇ ਪੰਥਕ ਸੋਚ ਵਾਲੇ ਆਗੂਆਂ ਦਾ ਸਾਥ ਦੇਣ। ਇਸ ਮੌਕੇ ਸਤਨਾਮ ਸਿੰਘ ਮਨਾਵਾਂ ਬਹਾਦਰ ਸਿੰਘ ਰਾਹੋਂ, ਗੁਰਨਾਮ ਸਿੰਘ ਸਿੱਧੂ, ਗੁਰਮੀਤ ਸਿੰਘ ਬੱਜੋਆਣਾ, ਡਾ. ਅਨਵਰ ਅਹਿਮਦ, ਦਵਿੰਦਰ ਸਿੰਘ ਬਟਾਲਾ ਹਾਜ਼ਰ ਸਨ।




# ਕਾਮਾਗਾਟਾਮਾਰੂ ਮੁਸਾਫ਼ਰਾਂ ਨੂੰ 'ਸਿੱਖ ਨਹੀਂ' ਕਰਾਰ ਦੇਣ ਵਾਲੇ ਹੁਕਮਨਾਮੇ 'ਤੇ ਹੋਵੇਗਾ ਮੁੜ ਵਿਚਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਸਮੇਤ ਪੰਜ ਤਖ਼ਤਾਂ ਦੇ ਜਥੇਦਾਰ 102 ਸਾਲ ਪਹਿਲਾਂ (6 ਅਕਤੂਬਰ 1914) ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ 'ਸਿੱਖ ਨਹੀਂ' ਕਰਾਰ ਦੇਣ ਵਾਲੇ ਹੁਕਮਨਾਮੇ ਉਪਰ ਮੁੜ ਵਿਚਾਰ ਕਰਨਗੇ। ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਕੈਨੇਡਾ ਦੇ ਪ੍ਰਧਾਨ ਸਾਹਿਬ ਸਿੰਘ ਥਿੰਦ ਵੱਲੋਂ ਇਹ ਮੁੱਦਾ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਅੱਗੇ ਉਠਾਉਣ ਬਾਅਦ ਇਸ 'ਤੇ ਮੁੜ ਵਿਚਾਰ ਕਰਨ ਦਾ ਫੈਸਲਾ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਇਹ ਫਾਊਂਡੇਸ਼ਨ ਕਾਮਾਗਾਟਾਮਾਰੂ ਕਾਂਡ ਉਪਰ ਕੈਨੇਡੀਅਨ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲੋਂ ਸੰਸਦ ਵਿੱਚ ਮੁਆਫ਼ੀ ਮੰਗਵਾ ਚੁੱਕੀ ਹੈ। ਜਥੇਦਾਰ ਗੁਰਬਚਨ ਸਿੰਘ ਨੇ ਦੱਸਿਆ ਕਿ ਇਹ ਮੁੱਦਾ ਉਨ੍ਹਾਂ ਦੇ ਵਿਚਾਰ ਅਧੀਨ ਹੈ। ਇਸ ਮੁੱਦੇ ਉਤੇ ਜਥੇਦਾਰਾਂ ਦੀ ਮੀਟਿੰਗ ਵਿਚ ਵਿਚਾਰ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਸ੍ਰੀ ਥਿੰਦ ਵੱਲੋਂ ਜਥੇਦਾਰ ਗੁਰਬਚਨ ਸਿੰਘ ਨੂੰ ਦਿੱਤੇ ਮੈਮੋਰੰਡਮ ਵਿੱਚ ਕਿਹਾ ਗਿਆ ਹੈ ਕਿ ਖਾਸ ਕਰਕੇ ਉੱਤਰੀ ਅਮਰੀਕਾ ਵਿੱਚ ਸਥਾਪਤ ਹੋਈ ਗ਼ਦਰ ਪਾਰਟੀ ਅਤੇ ਗ਼ਦਰ ਲਹਿਰ ਵਿੱਚ ਸਿੱਖਾਂ ਦੀ ਭੂਮਿਕਾ ਇਤਿਹਾਸਕ ਰਹੀ ਹੈ। ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਸਾਲ 1914 ਵਿੱਚ ਅਕਾਲ ਤਖਤ ਦੇ ਜਥੇਦਾਰ ਅਰੂੜ ਸਿੰਘ ਵੱਲੋਂ ਜਾਰੀ ਕੀਤਾ ਫ਼ਰਮਾਨ ਇਸ ਲਹਿਰ ਦੇ ਸ਼ਹੀਦਾਂ ਖਾਸ ਕਰਕੇ ਸਿੱਖਾਂ ਲਈ ਅਫਸੋਸਨਾਕ ਤੱਥ ਬਣ ਗਿਆ ਹੈ। ਉਨ੍ਹਾਂ ਮੈਮੋਰੰਡਮ ਰਾਹੀਂ ਜਾਣਕਾਰੀ ਦਿੱਤੀ ਕਿ ਤਤਕਾਲੀ ਜਥੇਦਾਰ ਅਰੂੜ ਸਿੰਘ ਨੇ 6 ਅਕਤੂਬਰ, 1914 ਨੂੰ ਕਾਮਾਗਾਟਾਮਾਰੂ ਜਹਾਜ਼ ਦੇ ਸਾਰੇ ਮੁਸਾਫਰਾਂ ਨੂੰ 'ਸਿੱਖ ਨਹੀਂ' ਕਰਾਰ ਦਿੱਤਾ ਸੀ ਅਤੇ ਗ਼ਦਰੀਆਂ ਬਾਰੇ ਗਲਤ ਸ਼ਬਦਾਵਲੀ ਵਰਤ ਕੇ ਇਨ੍ਹਾਂ ਤੋਂ ਦੂਰ ਰਹਿਣ ਦੀਆਂ ਹਦਾਇਤਾਂ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਕੀਤਾ ਇਹ ਫੈਸਲਾ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਕਾਮਾਗਾਟਾਮਾਰੂ ਅਤੇ ਗ਼ਦਰ ਲਹਿਰ ਵਿੱਚ ਸਿੱਖਾਂ ਵੱਲੋਂ ਪਾਏ ਯੋਗਦਾਨ ਦੀ ਬੇਕਦਰੀ ਕਰਨ ਵਾਲਾ ਹੈ। ਇਸ ਨਾਲ ਖਾਸ ਕਰ ਕੇ ਕੈਨੇਡਾ ਵਸਦੇ ਸਿੱਖਾਂ ਦੇ ਹਿਰਦੇ ਵਲੂੰਧਰੇ ਪਏ ਹਨ। ਫਾਊਂਡੇਸ਼ਨ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲੋਂ ਮੰਗ ਕੀਤੀ ਹੈ ਕਿ ਇਸ ਫੈਸਲੇ ਉਪਰ ਮੁੜ ਵਿਚਾਰ ਕਰਕੇ ਆਜ਼ਾਦੀ ਸੰਗਰਾਮ ਲਈ ਉਠੀਆਂ ਲਹਿਰਾਂ ਵਿੱਚ ਹਿੱਸਾ ਲੈਣ ਵਾਲੇ ਸਿੱਖਾਂ ਦਾ ਸਤਿਕਾਰ ਤੇ ਗੌਰਵ ਬਹਾਲ ਕੀਤਾ ਜਾਵੇ। ਉਨ੍ਹਾਂ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਮੁੱਦਾ ਵੀ ਅਕਾਲ ਤਖ਼ਤ ਸਾਹਿਬ ਕੋਲ ਉਠਾਇਆ ਹੈ। ਉਨ੍ਹਾਂ ਜਥੇਦਾਰ ਦੇ ਧਿਆਨ ਵਿੱਚ ਲਿਆਂਦਾ ਕਿ ਕੈਨੇਡਾ ਵਿੱਚ ਵਸਦੇ ਸਿੱਖਾਂ ਤੇ ਪੰਜਾਬੀ ਭਾਈਚਾਰੇ ਦੇ ਹਿੱਤਾਂ ਲਈ ਸੰਘਰਸ਼ ਕਰਦਿਆਂ ਭਾਈ ਮੇਵਾ ਸਿੰਘ ਲੋਪੋਕੇ ਨੇ 11 ਜਨਵਰੀ, 1915 ਨੂੰ ਵੈਨਕੂਵਰ ਵਿਖੇ ਫਾਂਸੀ ਦਾ ਰੱਸਾ ਚੁੰਮਿਆ ਸੀ। ਇਸ ਸ਼ਹੀਦ ਦਾ ਨਾਂ ਅੱਜ ਵੀ ਕੈਨੇਡਾ ਸਰਕਾਰ ਦੇ ਕਾਨੂੰਨੀ ਤੇ ਇਤਿਹਾਸਕ ਰਿਕਾਰਡ ਵਿਚ ਅਪਰਾਧੀਆਂ ਵਾਲੀ ਸੂਚੀ ਵਿਚ ਦਰਜ ਹੈ। ਸ੍ਰੀ ਥਿੰਦ ਨੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਭਾਈ ਲੋਪੋਕੇ ਦੇ ਨਾਂ ਅੱਗੇ ਦਰਜ ਅਪਰਾਧੀ ਸ਼ਬਦ ਨੂੰ ਦਰੁਸਤ ਕਰਨ ਲਈ ਕੈਨੇਡਾ ਸਰਕਾਰ ਨੂੰ ਵਿਸ਼ੇਸ਼ ਅਪੀਲ ਕੀਤੀ ਜਾਵੇ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਵੀ ਮੈਮੋਰੰਡਮ ਦੇ ਕੇ ਇਸ ਮੁੱਦੇ ਬਾਰੇ ਕੈਨੇਡਾ ਸਰਕਾਰ ਕੋਲ ਪਹੁੰਚ ਕਰਨ ਦੀ ਮੰਗ ਕੀਤੀ ਹੈ।



ਸਾਹਿਬ ਸਿੰਘ ਥਿੰਦ

## ਸ਼੍ਰੋਮਣੀ ਕਮੇਟੀ ਅਨੁਸਾਰ ਇਹ ਹੁਕਮਨਾਮਾ 1920 'ਚ ਜਾਰੀ ਹੋ ਚੁੱਕੈ

**ਅੰਮ੍ਰਿਤਸਰ :** ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਕਾਮਾਗਾਟਾਮਾਰੂ ਜਹਾਜ਼ ਦੇ ਸਿੱਖ ਮੁਸਾਫ਼ਿਰਾਂ ਬਾਰੇ 1914 ਵਿੱਚ ਉਸ ਵੇਲੇ ਦੇ ਅਕਾਲ ਤਖ਼ਤ ਦੇ ਜਥੇਦਾਰ ਅਰੂੜ ਸਿੰਘ ਵਲੋਂ ਜਾਰੀ ਕੀਤੇ ਹੁਕਮਨਾਮੇ ਨੂੰ ਅਕਤੂਬਰ 1920 ਵਿੱਚ ਰੱਦ ਕਰਕੇ ਸਿੱਖ ਮੁਸਾਫਰਾਂ ਦੇ ਹੱਕ ਵਿੱਚ ਹੁਕਮਨਾਮਾ ਜਾਰੀ ਹੋ ਚੁੱਕਾ ਹੈ। ਡਾ. ਰੂਪ ਸਿੰਘ ਨੇ ਕਿਹਾ ਕਿ ਇਹ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 12 ਅਕਤੂਬਰ 1920 ਨੂੰ ਜਾਰੀ ਹੋਇਆ ਸੀ। ਉਨ੍ਹਾਂ ਵੱਲੋਂ ਸੰਪਾਦਿਤ ਪੁਸਤਕ 'ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ' ਵਿੱਚ ਪੰਨਾ ਨੰਬਰ 64 ਉੱਤੇ ਇਹ ਹੁਕਮਨਾਮਾ ਦਰਜ ਹੈ। ਇਸ ਪੁਸਤਕ ਵਿੱਚ ਦਿੱਤੇ ਹਵਾਲੇ ਬਾਰੇ ਡਾ. ਰੂਪ ਸਿੰਘ ਨੇ ਨੋਟ ਲਿਖਿਆ ਹੈ ਕਿ 'ਇਸ ਡਰ ਤੋਂ ਕਿ ਪੰਜਾਬ ਦੇ ਸਿੱਖ "ਬਜ-ਬਜ ਘਾਟ ਦੇ ਹਾਦਸੇ ਤੋਂ ਭੜਕ ਨਾ ਉੱਠਣ', ਸਰਕਾਰ ਏ ਪੰਜਾਬ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ ਅਰੂੜ ਸਿੰਘ ਪਾਸੋਂ ਸਿੱਖਾਂ ਦੇ ਸ਼੍ਰੋਮਣੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਹੁਕਮਨਾਮਾ ਜਾਰੀ ਕਰਵਾਇਆ ਕਿ 'ਬਜ-ਬਜ ਘਾਟ ਉੱਤੇ ਮਾਰੇ ਗਏ ਪੰਜਾਬੀ ਸਿੱਖ ਨਹੀਂ ਹਨ।' ਉਨ੍ਹਾਂ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਥੇਦਾਰ ਅਰੂੜ ਸਿੰਘ ਵੱਲੋਂ ਜਾਰੀ ਕੀਤੇ ਹੁਕਮਨਾਮੇ ਦੇ ਖਿਲਾਫ਼ 12 ਅਕਤੂਬਰ 1920 ਨੂੰ ਨਵਾਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਅਰੂੜ ਸਿੰਘ ਨੂੰ ਗੁਰੂ ਦਾ ਸਿੱਖ ਨਹੀਂ ਹੈ, ਆਖਿਆ ਗਿਆ ਸੀ ਅਤੇ ਜਿਨ੍ਹਾਂ ਸਿੱਖਾਂ ਨੇ ਬਜ-ਬਜ ਘਾਟ ਉੱਤੇ ਅੰਗਰੇਜ਼ਾਂ ਦੀਆਂ ਗੋਲੀਆਂ ਦਾ ਸਾਹਮਣਾ ਕੀਤਾ, ਉਨ੍ਹਾਂ ਨੂੰ ਗੁਰੂ ਦੇ ਅਨਿਨ ਸਿੱਖ ਦੱਸਿਆ ਗਿਆ ਸੀ। ਉਨ੍ਹਾਂ ਕਿਹਾ ਕਿ ਪੁਸਤਕ ਵਿੱਚ ਇਹ ਹੁਕਮਨਾਮਾ ਉਸੇ ਸ਼ਬਦਾਵਲੀ ਸਹਿਤ ਦਰਜ ਹੈ।

## ਸਿੱਧੂ ਦੀਆਂ ਟਿੱਪਣੀਆਂ 'ਤੇ ਸ਼੍ਰੋਮਣੀ ਕਮੇਟੀ ਹੋਈ ਸਖ਼ਤ

**ਅੰਮ੍ਰਿਤਸਰ :** 'ਜਬ ਤਕ ਸੂਬੇ ਮੇਂ ਕਾਂਗਰਸ ਕੀ ਸਰਕਾਰ ਬਹਾਲ ਨਾ ਕਰ ਲੂੰ, ਤਬ ਤਕ ਸਿੱਧੂ ਨਾਮ ਨਾ ਕਹਾਊਂ" ਦਾ ਮਾਮਲਾ ਜਲਦੀ ਹੀ ਅਕਾਲ ਤਖ਼ਤ 'ਤੇ ਪੁੱਜੇਗਾ। ਸ਼੍ਰੋਮਣੀ ਕਮੇਟੀ ਵੱਲੋਂ ਇਹ ਮਾਮਲਾ ਅਕਾਲ ਤਖ਼ਤ ਦੇ ਜਥੇਦਾਰ ਕੋਲ ਕਾਰਵਾਈ ਲਈ ਭੇਜਿਆ ਜਾ ਰਿਹਾ ਹੈ।' ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਬਸੀ ਪਠਾਣਾਂ ਵਿੱਚ ਕੁਝ ਕਾਂਗਰਸੀ ਆਗੂਆਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ 'ਮਰਦ ਅਗੰਮੜਾ' ਕਰਾਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਨਵਜੋਤ ਸਿੱਧੂ ਵੱਲੋਂ ਆਪਣੀ ਇੱਕ ਰੈਲੀ ਦੌਰਾਨ 'ਜਬ ਤਕ ਸੂਬੇ ਮੇਂ ਕਾਂਗਰਸ ਕੀ ਸਰਕਾਰ ਬਹਾਲ ਨਾ ਕਰ ਲੂੰ, ਤਬ ਤਕ ਸਿੱਧੂ ਨਾਮ ਨਾ ਕਹਾਊਂ" ਸ਼ਬਦ ਵਰਤੇ ਗਏ ਹਨ ਜੋ ਕਿ ਦਸਵੇਂ ਗੁਰੂ ਨਾਲ ਸਬੰਧਤ ਹਨ। ਉਨ੍ਹਾਂ ਆਖਿਆ ਕਿ ਕਾਂਗਰਸੀ ਆਗੂਆਂ ਵੱਲੋਂ ਸਿੱਖ ਸ਼ਬਦਾਵਲੀ ਮਰਿਆਦਾ ਅਤੇ ਸਿਧਾਂਤ ਨੂੰ ਆਪਣੇ ਨਾਲ ਜੋੜ ਕੇ ਅਜਿਹੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਜੋ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਪਹਿਲਾਂ ਵੀ ਸਿੱਖੀ ਨਾਲ ਸਬੰਧਤ ਵਿਵਾਦਤ ਬਿਆਨ ਦੇ ਚੁੱਕੇ ਹਨ ਤੇ ਹੁਣ ਦੂਜੀ ਵਾਰ ਉਨ੍ਹਾਂ ਵੱਲੋਂ ਅਜਿਹੀ ਟਿੱਪਣੀ ਕਰ ਕੇ ਸਿੱਖੀ ਨੂੰ ਢਾਹ ਲਾਉਣ ਦਾ ਯਤਨ ਕੀਤਾ ਗਿਆ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਇਨ੍ਹਾਂ ਦੋਵੇਂ ਵਿਵਾਦਤ ਬਿਆਨਾਂ ਸਬੰਧੀ ਅਗਲੀ ਕਾਰਵਾਈ ਲਈ ਮਾਮਲਾ ਅਕਾਲ ਤਖ਼ਤ ਦੇ ਜਥੇਦਾਰ ਕੋਲ ਭੇਜਿਆ ਜਾਵੇਗਾ। ਜ਼ਿਕਰਯੋਗ ਹੈ ਕਿ ਸ੍ਰੀ ਸਿੱਧੂ ਵੱਲੋਂ ਇਹ ਸ਼ਬਦ ਬੀਤੇ ਦਿਨ ਕੈਪਟਨ ਅਮਰਿੰਦਰ ਸਿੰਘ ਦੇ ਕੋਰਟ ਰੋਡ ਸਥਿਤ ਦਫ਼ਤਰ ਵਿੱਚ ਕਾਂਗਰਸੀ ਵਰਕਰਾਂ ਨਾਲ ਕੀਤੀ ਰੈਲੀ ਸਮੇਂ ਵਰਤੇ ਗਏ ਸਨ ਜਿਸ ਨੂੰ ਇੱਕ ਚੈਨਲ ਵੱਲੋਂ ਵੱਡੇ ਪੱਧਰ 'ਤੇ ਪ੍ਰਚਾਰਿਆ ਵੀ ਜਾ ਰਿਹਾ ਹੈ।

# ਭਾਈ ਦਿਲਬਾਗ ਸਿੰਘ ਬੱਲ ਕਲਾਂ (ਅੰਮ੍ਰਿਤਸਰ) ਲੁਧਿਆਣਾ ਦੀ ਇਕ ਅਦਾਲਤ ਵਲੋਂ ਬਰੀ

**ਲੁਧਿਆਣਾ/ ਸਿੱਖ ਸਿਆਸਤ ਬਿਊਰੋ:**
ਲੁਧਿਆਣਾ ਦੀ ਇੱਕ ਅਦਾਲਤ ਨੇ ਭਾਈ ਦਿਲਬਾਗ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਬੱਲ ਕਲਾਂ, ਥਾਣਾ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਨੂੰ ਮੁਕੱਦਮਾ ਨੰ: 271/18-07-2007 ਵਿਚੋਂ 17 ਜਨਵਰੀ ਨੂੰ ਬਰੀ ਕਰ ਦਿੱਤਾ ਹੈ। ਦਿਲਬਾਗ ਸਿੰਘ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਦਿਲਬਾਗ ਸਿੰਘ 'ਤੇ ਥਾਣਾ ਸਿੱਧਵਾਂ ਬੇਟ ਦੀ ਪੁਲਿਸ ਨੇ ਧਾਰਾ 25 ਅਸਲਾ ਐਕਟ ਤਹਿਤ 2007 'ਚ ਮੁਕੱਦਮਾ ਦਰਜ ਕੀਤਾ ਸੀ।

ਜ਼ਿਕਰਯੋਗ ਹੈ ਕਿ ਭਾਈ ਦਿਲਬਾਗ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਸੀ ਤੇ ਉਸਨੂੰ ਦਰਬਾਰ ਸਾਹਿਬ ਤੋਂ 12/12/2007 ਨੂੰ ਪੁਲਿਸ ਨੇ ਚੁੱਕ ਕੇ ਮੌਜੂਦਾ ਅਤੇ ਇਕ ਹੋਰ ਕੇਸ ਪਾ ਦਿੱਤਾ ਸੀ। ਪਹਿਲੇ ਕੇਸ 'ਚੋਂ 26/11/12 ਨੂੰ ਦਰਬਾਰੀ ਲਾਲ ਐਡੀਸ਼ਨਲ ਸੈਸ਼ਨ ਜੱਜ ਲੁਧਿਆਣਾ


ਭਾਈ ਦਿਲਬਾਗ ਸਿੰਘ ਬੱਲ ਕਲਾਂ ਅਤੇ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਕੇਸ ਬਰੀ ਹੋਣ ਤੋਂ ਬਾਅਦ

ਵਲੋਂ ਬਰੀ ਕਰ ਦਿੱਤਾ ਗਿਆ ਸੀ। ਦੂਜੇ ਕੇਸ ਵਿਚੋਂ ਵੀ 17/1/2017) ਨੂੰ ਬਰੀ ਕਰ ਦਿੱਤਾ ਗਿਆ। ਇਸ ਕੇਸ ਵਿਚ ਪਹਿਲਾਂ ਸੁਪਰੀਤ ਕੌਰ ਜੁਡੀਸ਼ਲ ਮੈਜਿਸਟ੍ਰੇਟ ਵਲੋਂ 22/12/2014 ਨੂੰ ਇਕ ਸਾਲ ਦੀ ਸਜ਼ਾ ਸੁਣਾਈ ਗਈ ਸੀ।

## ਐਡਵੋਕੇਟ ਮੰਝਪੁਰ ਨੇ ਪ੍ਰੋ: ਭੁੱਲਰ ਦੀ ਪੱਕੀ ਰਿਹਾਈ ਜਾਂ ਪੱਕੀ ਰਿਹਾਈ ਦੇ ਫੈਸਲੇ ਤਕ ਪੱਕੀ ਜ਼ਮਾਨਤ ਲਈ ਕੇਜਰੀਵਾਲ ਨੂੰ ਸੌਂਪਿਆ ਮੰਗ-ਪੱਤਰ

**ਲੁਧਿਆਣਾ/ ਸਿੱਖ ਸਿਆਸਤ ਬਿਊਰੋ:**
ਐਡਵੋਕੇਟ ਜਸਪਾਲ ਸਿੰਘ ਮੰਝਪੁਰ ਵਲੋਂ ਬੀਤੇ ਦਿਨੀਂ ਲੁਧਿਆਣਾ ਕਚਹਿਰੀਆਂ ਵਿਖੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਨੂੰ ਪੱਕੀ ਰਿਹਾਈ ਜਾਂ ਪੱਕੀ ਰਿਹਾਈ ਦੇ ਫੈਸਲੇ ਤਕ ਪੱਕੀ ਜ਼ਮਾਨਤ ਦੇਣ ਦੇ ਸਬੰਧ 'ਚ ਮੰਗ-ਪੱਤਰ ਸੌਂਪਿਆ ਗਿਆ। ਇਸ ਮੌਕੇ ਕੇਜਰੀਵਾਲ ਨਾਲ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਅਤੇ ਸੁਖਦੇਵ ਸਿੰਘ ਭੌਰ ਵੀ ਮੌਜੂਦ ਸਨ।

# ਦਲ ਖਾਲਸਾ ਵਲੋਂ ਸਿੱਖਾਂ ਨੂੰ 26 ਜਨਵਰੀ ਦੇ ਬਾਈਕਾਟ ਕਰਨ ਦਾ ਸੱਦਾ ਅਤੇ ਜ਼ੀਰਾ ਵਿਖੇ ਰੋਸ ਪ੍ਰਦਰਸ਼ਨ

**ਮੋਗਾ/ ਸਿੱਖ ਸਿਆਸਤ ਬਿਊਰੋ:** ਦਲ ਖਾਲਸਾ ਨੇ ਭਾਰਤੀ "ਗਣਤੰਤਰ ਦਿਵਸ" ਨੂੰ ਸਿੱਖਾਂ ਲਈ ਵਿਸ਼ਵਾਸਘਾਤ ਦਿਹਾੜਾ ਦਸਦਿਆਂ 26 ਜਨਵਰੀ ਨੂੰ ਸੰਵਿਧਾਨਕ ਗੁਲਾਮੀ, ਬੇਇਨਸਾਫੀਆਂ ਅਤੇ ਵਿਤਕਰਿਆਂ ਵਿਰੁੱਧ ਜ਼ੀਰਾ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। 26 ਜਨਵਰੀ ਨੂੰ ਵਿਸਾਹਘਾਤ ਦਿਵਸ ਵਜੋਂ ਮਨਾਉਣ ਦਾ ਸੱਦਾ ਦਿੰਦਿਆਂ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਸਿੱਖ ਇਸ ਮੁਲਕ ਵਿੱਚ ਗੁਲਾਮੀ ਵਾਲੀ ਜ਼ਿੰਦਗੀ ਭੋਗ ਰਹੇ ਹਨ ਅਤੇ ਭਾਰਤ ਅੰਦਰ ਜਮਹੂਰੀਅਤ ਕੇਵਲ ਨਾਂ ਦੀ ਹੀ ਹੈ। ਇਸੇ ਤਰ੍ਹਾਂ ਦਲ ਖ਼ਾਲਸਾ ਨੇ 24 ਜਨਵਰੀ ਨੂੰ ਅੰਮ੍ਰਿਤਸਰ ਵਿਖੇ ਭਾਰਤੀ ਸੰਵਿਧਾਨ, ਵੋਟ-ਪ੍ਰਣਾਲੀ ਅਤੇ ਸਵੈ-ਨਿਰਣੇ ਦੇ ਅਧਿਕਾਰ ਬਾਰੇ ਇਕ ਕਨਵੈਨਸ਼ਨ ਕਰਨ ਦਾ ਫੈਸਲਾ ਵੀ ਕੀਤਾ ਹੈ।


ਦਲ ਖਾਲਸਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ 26 ਜਨਵਰੀ ਦੇ ਬਾਈਕਾਟ ਸਬੰਧੀ ਜਾਰੀ ਇਸ਼ਤਿਹਾਰ ਮੀਡੀਆ ਨੂੰ ਦਿਖਾਉਂਦੇ ਹੋਏ

ਦਲ ਖਾਲਸਾ ਦੇ ਇਸ ਪ੍ਰੋਗਰਾਮ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਏਕ ਨੂਰ ਖਾਲਸਾ ਫੌਜ, ਦਸ਼ਮੇਸ਼ ਗੁਰਮਤਿ ਲਹਿਰ ਅਤੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ (ਧੱਲੇਕੇ) ਦੀ ਹਮਾਇਤ ਹਾਸਿਲ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਅਤੇ ਸੁਰਜੀਤ ਸਿੰਘ ਖਾਲਿਸਤਾਨੀ, ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਅਤੇ ਫੈਡਰੇਸ਼ਨ ਪ੍ਰਧਾਨ ਕਰਨੈਲ ਸਿੰਘ ਪੀਰਮੁੰਹਮਦ ਨੇ ਕਿਹਾ ਕਿ ਪਿਛਲੇ 68 ਸਾਲਾਂ ਤੋਂ ਸਿੱਖਾਂ ਦੇ ਹੱਕ ਖੋਹੇ ਗਏ ਹਨ ਅਤੇ ਸੰਵਿਧਾਨ ਦੀਆਂ ਕਈ ਮੱਦਾਂ ਉਹਨਾਂ ਨੂੰ ਠਿੱਠ ਕਰ ਰਹੀਆਂ ਹਨ।

ਉਹਨਾਂ ਕਿਹਾ ਕਿ 26 ਜਨਵਰੀ ਦਾ ਦਿਨ ਸਿੱਖਾਂ ਲਈ ਸੰਵਿਧਾਨ ਦੀ ਛੱਤਰ-ਛਾਇਆ ਹੇਠ ਅਤੇ ਪ੍ਰਵਾਨਗੀ ਨਾਲ ਜੋ ਕੁਝ ਸਿੱਖਾਂ ਨਾਲ ਵਾਪਰਿਆ ਉਸ ਦੀ ਨਿਰਪੱਖ ਅਤੇ ਬਿਨਾਂ ਭੈਅ ਤੋਂ ਸਵੈ-ਪੜਚੋਲ ਕਰਨ ਦਾ ਦਿਨ ਹੈ। ਉਹਨਾਂ ਕਿਹਾ ਕਿ ਪਿਛਲੇ ਕਈ ਦਹਾਕੇ ਸਿੱਖਾਂ ਨੇ ਦੁਖਾਂ-ਤਕਲੀਫਾਂ ਭਰੇ ਬਿਤਾਏ ਹਨ ਅਤੇ ਭਾਰਤੀ ਸੰਵਿਧਾਨ, ਸਿੱਖਾਂ ਦੀਆਂ ਇਛਾਵਾਂ ਅਤੇ ਭਾਵਨਾਵਾਂ ਦੀ ਸੰਤੁਸ਼ਟੀ ਅਤੇ ਤਰਜਮਾਨੀ ਕਰਨ ਵਿੱਚ ਨਾ-ਕਾਮਯਾਬ ਅਤੇ ਅਸਫਲ ਰਿਹਾ ਹੈ।

ਉਹਨਾਂ ਕਿਹਾ ਕਿ 67 ਸਾਲ ਬਾਅਦ ਵੀ ਸਿੱਖ ਭਾਰਤੀ ਸੰਵਿਧਾਨ ਦੀ ਧਾਰਾ 25 (ਬੀ) (2) ਅਨੁਸਾਰ "ਹਿੰਦੂ" ਹੀ ਹਨ। ਕਾਨੂੰਨੀ ਤੌਰ 'ਤੇ ਅੱਜ ਵੀ ਸਿੱਖਾਂ ਨੂੰ ਹਿੰਦੂ ਧਰਮਾਂ ਦੇ ਰਹੁਰੀਤਾਂ ਅਤੇ ਰੀਤੀ-ਰਿਵਾਜ ਤਹਿਤ ਕਾਰ-ਵਿਹਾਰ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਦਲ ਖਾਲਸਾ ਆਗੂਆਂ ਨੇ ਕਿਹਾ ਕਿ ਸੰਵਿਧਾਨ ਨੂੰ ਛਿੱਕੇ-ਟੰਗ ਕੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਹੋ ਰਹੀ ਲੁੱਟ, ਸਿੱਖ ਕੌਮ ਦੀਆਂ ਰਾਜਸੀ ਇੱਛਾਵਾਂ ਨੂੰ ਕੁਚਲਣ, ਭਾਰਤੀ ਸਭਿਆਚਾਰ ਨੂੰ ਘੱਟ-ਗਿਣਤੀ ਕੌਮਾਂ ਉਤੇ ਜਬਰੀ ਥੋਪਣ, ਅਦਾਲਤਾਂ ਵਲੋਂ ਲੋਕਾਂ ਉਤੇ ਅਖੌਤੀ "ਰਾਸ਼ਟਰੀ ਗੀਤ ਜਨ ਗਨ ਮਨ" ਨੂੰ ਜਬਰੀ ਥੋਪਣ ਅਤੇ ਸਿੱਖ ਧਰਮ ਦੇ ਸਿਧਾਂਤਾਂ ਦੇ ਲਗਾਤਾਰ ਕੀਤੇ ਅਪਮਾਨ ਅਤੇ ਪਿਛਲੇ 3 ਦਹਾਕਿਆਂ ਤੋਂ ਸਿੱਖ ਨੌਜਵਾਨਾਂ ਦੇ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਵਿਰੁੱਧ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਉਹਨਾਂ ਦਸਿਆ ਕਿ ਇਹ ਰੋਸ ਪ੍ਰਦਰਸ਼ਨ ਬਸ ਸਟੈਂਡ ਨੇੜੇ ਮੇਨ ਚੌਕ ਵਿੱਚ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਕੀਤਾ ਜਾਵੇਗਾ। ਉਹਨਾਂ ਸਪੱਸ਼ਟ ਕੀਤਾ ਕਿ ਆਵਾਜਾਈ ਨਹੀਂ ਰੋਕੀ ਜਾਵੇਗੀ।

ਉਹਨਾਂ ਕਿਹਾ ਕਿ ਇਹਨਾਂ ਪ੍ਰੋਗਰਾਮ ਵਿੱਚ ਨੌਜਵਾਨ ਕਾਰਜਕਰਤਾ ਕਾਲੇ ਝੰਡੇ ਲੈ ਕੇ ਭਾਰਤੀ ਗਣਤੰਤਰਤਾ ਵਿਰੁੱਧ ਸ਼ਾਂਤਮਈ ਤਰੀਕੇ ਨਾਲ ਆਪਣਾ ਰੋਸ ਜਤਾਉਣਗੇ। ਉਹਨਾਂ ਸਮੂੰਹ ਸਿੱਖਾਂ ਨੂੰ 26 ਜਨਵਰੀ ਦੇ ਜਸ਼ਨਾਂ ਦਾ ਬਾਈਕਾਟ ਕਰਨ ਅਤੇ ਵਿਸ਼ੇਸ਼ ਕਰਕੇ ਅਧਿਆਪਕ ਅਤੇ ਵਿਦਿਆਰਥੀ ਵਰਗ ਨੂੰ ਸਰਕਾਰੀ ਜਾਂ ਗੈਰ-ਸਰਕਾਰੀ ਜਸ਼ਨਾਂ ਵਿੱਚ ਹਿੱਸਾ ਨਾ ਲੈਣ ਦੀ ਅਪੀਲ ਕੀਤੀ।

ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਸਿੱਖਾਂ ਲਈ ਭਾਰਤੀ ਗਣਤੰਤਰ ਦਿਵਸ ਦੇ ਕੋਈ ਅਰਥ ਨਹੀਂ ਹਨ ਅਤੇ ਇਹ ਦਿਨ ਖੁਸ਼ੀ ਜਾਂ ਜਸ਼ਨ ਮਨਾਉਣ ਦੇ ਨਹੀਂ ਸਗੋਂ ਗੁਲਾਮੀ ਗਲੋਂ ਲਾਉਣ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਦਾ ਹੈ। ਇਸ ਮੌਕੇ ਉਨਾਂ ਨਾਲ ਗੁਰਮੁਖ ਸਿੰਘ, ਡਾ. ਕਾਰਜ ਸਿੰਘ, ਜਗਜੀਤ ਸਿੰਘ ਖੋਸਾ, ਬਲਬੀਰ ਸਿੰਘ ਅਤੇ ਸਿੱਖ ਯੂਥ ਆਫ ਪੰਜਾਬ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਨਵਦੀਪ ਸਿੰਘ ਸਨ।

# ਗਿਆਨੀ ਗੁਰਬਚਨ ਸਿੰਘ ਨੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਪਿੱਛੇ ਆਭਾ ਚੱਕਰ ਨਾ ਦਿਖਾਉਣ 'ਤੇ ਇਤਰਾਜ਼ ਪ੍ਰਗਟਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਕ ਪਾਸੇ ਕੈਲੰਡਰਾਂ 'ਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਛਾਪਣ ਨੂੰ ਮਨਮਤ ਆਖਿਆ ਅਤੇ ਦੂਜੇ ਪਾਸੇ ਇਨ੍ਹਾਂ ਤਸਵੀਰਾਂ ਵਿੱਚ ਗੁਰੂ ਸਾਹਿਬ ਦੇ ਪਿੱਛੇ ਆਭਾ ਚੱਕਰ ਨਾ ਦਿਖਾਉਣ 'ਤੇ ਇਤਰਾਜ਼ ਪ੍ਰਗਟਾਇਆ। ਇੱਥੇ ਜਾਰੀ ਇਕ ਬਿਆਨ ਵਿੱਚ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਦੇਸ਼-ਵਿਦੇਸ਼ ਤੋਂ ਸ਼ਿਕਾਇਤਾਂ ਆ ਰਹੀਆਂ ਹਨ ਕਿ ਕੁਝ ਤਸਵੀਰਾਂ ਵਿੱਚ ਗੁਰੂ ਸਾਹਿਬਾਨ ਦੇ ਸੀਸ ਪਿੱਛੇ ਆਭਾ ਚੱਕਰ ਨਹੀਂ ਦਿਖਾਇਆ ਗਿਆ, ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਸਿਰਫ਼ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ ਹੈ ਪਰ ਕੁਝ ਲੋਕ ਇਸ ਤੋਂ ਗੁੰਮਰਾਹ ਹੋ ਕੇ ਗੁਰੂ ਸਾਹਿਬ ਦੀਆਂ ਤਸਵੀਰਾਂ ਛਾਪਦੇ ਹਨ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਹੀਂ ਛਾਪਣੀਆਂ ਚਾਹੀਦੀਆਂ। ਪਿਛਲੇ ਕੁਝ ਸਮੇਂ ਵਿੱਚ ਚਿੱਤਰਕਾਰਾਂ ਨੇ ਆਪਣੀ ਕਲਾ ਰਾਹੀਂ ਗੁਰੂਆਂ ਦੀਆਂ ਸ਼ਖ਼ਸੀਅਤਾਂ ਦਾ ਭਾਵਪੂਰਤ ਢੰਗ ਰਾਹੀਂ ਚਿਤਰਨ ਕਰਨ ਦਾ ਯਤਨ ਕੀਤਾ ਹੈ, ਜਿਸ ਨੂੰ ਲੋਕਾਂ ਨੇ ਪਸੰਦ ਕਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਤਸਵੀਰਾਂ ਵਿੱਚ ਗੁਰੂ ਸਾਹਿਬ ਦੇ ਸੀਸ ਦੁਆਲੇ ਅਧਿਆਤਮਕ ਆਭਾ ਚੱਕਰ ਦਿਖਾਇਆ ਗਿਆ ਸੀ, ਜਿਸ ਨਾਲ ਇਹ ਤਸਵੀਰਾਂ ਵੱਖ ਦਿਖਾਈ ਦਿੰਦੀਆਂ ਹਨ। ਉਨ੍ਹਾਂ ਆਖਿਆ ਕਿ ਕੁਝ ਤਸਵੀਰਾਂ ਵਿੱਚ ਇਹ ਆਭਾ ਚੱਕਰ ਨਹੀਂ ਦਿਖਾਇਆ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਸ ਦੌਰਾਨ ਇਕ ਵੱਖਰੇ ਬਿਆਨ ਵਿੱਚ ਗਿਆਨੀ ਗੁਰਬਚਨ ਸਿੰਘ ਨੇ ਆਸਟਰੇਲੀਆ ਦੇ ਵਿੱਦਿਅਕ ਅਦਾਰਿਆਂ ਵਿੱਚ ਸਿੱਖਾਂ ਨਾਲ ਵਿਤਕਰਾ ਕਰਨ 'ਤੇ ਇਤਰਾਜ਼ ਪ੍ਰਗਟਾਇਆ। ਉਨ੍ਹਾਂ ਆਖਿਆ ਕਿ ਆਸਟਰੇਲੀਆ ਦੇ ਇਕ ਸਕੂਲ ਵਿੱਚ ਸਿੱਖ ਵਿਦਿਆਰਥੀ ਨੂੰ ਪਟਕਾ ਬੰਨ੍ਹ ਕੇ ਜਾਣ ਤੋਂ ਰੋਕ ਦਿੱਤਾ ਗਿਆ ਹੈ। ਉਨ੍ਹਾਂ ਆਸਟਰੇਲੀਆ ਦੀਆਂ ਸਿੱਖ ਜਥੇਬੰਦੀਆਂ ਨੂੰ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕਰਨ ਲਈ ਆਖਿਆ ਹੈ।



# ਖਾਲੜਾ ਕੇਸ ਦੇ ਗਵਾਹ ਰੰਧਾਵਾ ਨੂੰ ਮਿਲਣਗੇ ਮੁਆਵਜ਼ੇ ਵਜੋਂ 49 ਲੱਖ ਰੁਪਏ

*ਬਲਾਤਕਾਰ ਕੇਸ ਵਿੱਚ ਫਸਾਉਣ ਵਾਲੇ ਪੁਲੀਸ ਅਧਿਕਾਰੀ ਪੱਲਿਓਂ ਦੇਣਗੇ ਰਕਮ*

**ਪਟਿਆਲਾ/ਬਿਊਰੋ ਨਿਊਜ਼ :** ਮਨੁੱਖੀ ਅਧਿਕਾਰਾਂ ਦੇ ਹਾਮੀ ਰਹੇ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਕੇ 'ਖਪਾਉਣ' ਦੇ ਕੇਸ ਵਿਚ ਗਵਾਹ ਰਹੇ ਕਿਰਪਾਲ ਸਿੰਘ ਰੰਧਾਵਾ ਨੂੰ 14 ਸਾਲ ਪਹਿਲਾਂ ਬਲਾਤਕਾਰ ਦੇ ਝੂਠੇ ਕੇਸ ਵਿੱਚ ਫਸਾਏ ਜਾਣ ਲਈ 49 ਲੱਖ ਰੁਪਏ ਮੁਆਵਜ਼ਾ ਮਿਲੇਗਾ। ਪਟਿਆਲਾ ਦੇ ਜੁਡੀਸ਼ੀਅਲ ਮੈਜਿਸਟਰੇਟ ਸੁਖਵਿੰਦਰ ਸਿੰਘ ਦੀ ਅਦਾਲਤ ਵੱਲੋਂ ਜਾਰੀ ਹੁਕਮਾਂ ਮੁਤਾਬਕ ਇਸ ਰਕਮ ਦੀ ਅਦਾਇਗੀ ਪੰਜ ਪੁਲੀਸ ਅਧਿਕਾਰੀਆਂ ਸਮੇਤ ਸੱਤ ਜਣਿਆਂ ਨੂੰ ਦੋ ਮਹੀਨੇ ਅੰਦਰ ਕਰਨੀ ਹੋਵੇਗੀ। ਇਨ੍ਹਾਂ ਸੱਤ ਜਣਿਆਂ ਵਿੱਚੋਂ ਏਡੀਜੀਪੀ ਰਾਜਿੰਦਰ ਸਿੰਘ ਅਤੇ ਇੰਸਪੈਕਟਰ ਸ਼ਮਸ਼ੇਰ ਸਿੰਘ ਗੁੱਡੂ ਰਿਟਾਇਰ ਹੋ ਚੁੱਕੇ ਹਨ। ਬਾਕੀ ਤਿੰਨ ਪੁਲੀਸ ਵਾਲਿਆਂ ਵਿਚ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਤੇ ਦੋ ਹੋਰ ਅਧਿਕਾਰੀ ਸਰਬਜੀਤ ਸਿੰਘ ਚੀਮਾ ਤੇ ਜੈਪਾਲ ਸਿੰਘ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਝੂਠੀ ਸ਼ਿਕਾਇਤ ਕਰਨ ਵਾਲੀ ਗੁਰਮੀਤ ਕੌਰ ਤੇ ਇਕ ਹੋਰ ਵਿਅਕਤੀ ਪ੍ਰਵੀਨ ਕੋਮਲ ਨੂੰ ਵੀ ਸੱਤ-ਸੱਤ ਲੱਖ ਰੁਪਏ ਦਾ ਭੁਗਤਾਨ ਕਰਨਾ ਹੋਵੇਗਾ।

ਗੌਰਤਲਬ ਹੈ ਕਿ ਇਥੇ ਵਿਸ਼ੇਸ਼ ਸੀਬੀਆਈ ਅਦਾਲਤ ਵਿਚ ਚੱਲੇ ਖਾਲੜਾ ਕਤਲ ਕੇਸ ਵਿਚ ਗਵਾਹ ਵਜੋਂ 28 ਜੁਲਾਈ, 2003 ਨੂੰ ਕਿਰਪਾਲ ਸਿੰਘ ਰੰਧਾਵਾ ਜਦੋਂ ਪਟਿਆਲਾ ਆਏ ਹੋਏ ਸਨ ਤਾਂ ਗੁਰਮੀਤ ਕੌਰ ਦੀ ਸ਼ਿਕਾਇਤ 'ਤੇ ਥਾਣਾ ਸਦਰ ਪਟਿਆਲਾ ਵਿਖੇ ਉਨ੍ਹਾਂ ਖ਼ਿਲਾਫ਼ ਬਲਾਤਕਾਰ ਦਾ ਕੇਸ ਦਰਜ ਕੀਤਾ ਗਿਆ ਸੀ, ਪਰ ਦੋਸ਼ ਸਾਬਤ ਨਾ ਹੋਣ 'ਤੇ ਉਨ੍ਹਾਂ ਨੂੰ ਅਦਾਲਤ ਨੇ 22 ਦਸੰਬਰ, 2007 ਨੂੰ ਬਰੀ ਕਰ ਦਿੱਤਾ ਸੀ। ਸਰਕਾਰੀ ਧਿਰ ਵੱਲੋਂ ਹਾਈ ਕੋਰਟ ਵਿਚ ਦਾਇਰ ਕੀਤੀ ਅਪੀਲ ਵੀ ਖਾਰਜ ਹੋ ਗਈ ਸੀ। ਇਸ ਤੋਂ ਬਾਅਦ ਸ੍ਰੀ ਰੰਧਾਵਾ ਨੇ ਆਪਣੀ ਖੱਜਲ ਖੁਆਰੀ ਅਤੇ ਬਦਨਾਮੀ ਬਦਲੇ 50 ਲੱਖ ਰੁਪਏ ਮੁਆਵਜ਼ੇ ਦੀ ਮੰਗ ਕੀਤੀ ਸੀ।

## ਸਾਬਕਾ ਪੁਲਿਸ ਮੁਖੀ ਸਮੇਤ 6 ਹੋਰਨਾਂ ਨੂੰ ਅਦਾਲਤ ਵਲੋਂ ਜੁਰਮਾਨਾ ਕਰਨ ਨਾਲ ਝੂਠੇ ਮੁਕਾਬਲੇ ਬਣਾਉਣ ਵਾਲੇ ਬੇਨਕਾਬ: ਖਾਲੜਾ ਮਿਸ਼ਨ

**ਤਰਨਤਾਰਨ ਸਿੱਖ ਸਿਆਸਤ ਬਿਊਰੋ:** ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੀ ਸਰਪ੍ਰਸਤ ਬੀਬੀ ਪਰਮਜੀਤ ਕੌਰ ਖਾਲੜਾ, ਕੇਂਦਰੀ ਕਮੇਟੀ ਮੈਂਬਰ ਭਾਈ ਸਤਵੰਤ ਸਿੰਘ ਮਾਣਕ ਅਤੇ ਪ੍ਰਚਾਰ ਸਕੱਤਰ ਪ੍ਰਵੀਨ ਕੁਮਾਰ ਨੇ ਇਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਕ੍ਰਿਪਾਲ ਸਿੰਘ ਰੰਧਾਵਾ ਡਿਪਟੀ ਚੇਅਰਮੈਨ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਅਤੇ ਖਾਲੜਾ ਕੇਸ ਦੇ ਗਵਾਹ ਦੀਂ ਸ਼ਕਾਇਤ 'ਤੇ ਸਾਬਕਾ ਡੀ.ਜੀ.ਪੀ. ਰਜਿੰਦਰ ਸਿੰਘ ਆਈ.ਜੀ. ਪਰਮ ਰਾਜ ਉਮਰਾਨੰਗਲ ਅਤੇ ਹੋਰਨਾਂ ਨੂੰ ਪਟਿਆਲਾ ਅਦਾਲਤ ਵਲੋਂ 49 ਲੱਖ ਰੁਪਏ ਦਾ ਜੁਰਮਾਨਾ ਲਾਉਣ ਦਾ ਫੈਸਲਾ ਸ਼ਲਾਘਾਯੋਗ ਹੈ। ਵਰਨਣਯੋਗ ਹੈ ਕਿ ਕ੍ਰਿਪਾਲ ਸਿੰਘ ਰੰਧਾਵਾ ਨੂੰ ਭਾਈ ਜਸਵੰਤ ਸਿੰਘ ਖਾਲੜਾ ਕੇਸ ਵਿੱਚ ਗਵਾਹੀ ਤੋਂ ਰੋਕਣ ਲਈ ਦੋਸ਼ੀ ਪੁਲਿਸ ਅਧਿਕਾਰੀਆਂ ਵੱਲੋਂ ਬਲਾਤਕਾਰ ਦੇ ਝੂਠੇ ਕੇਸ ਵਿੱਚ ਫਸਾਇਆ ਗਿਆ ਸੀ। ਜਿਨ੍ਹਾਂ ਨੂੰ ਅਦਾਲਤ ਨੇ ਬਾਅਦ ਵਿੱਚ ਬਰੀ ਕਰ ਦਿੱਤਾ ਸੀ। ਉਨ੍ਹਾਂ ਵੱਲੋਂ ਅਦਾਲਤ ਕੋਲ 50 ਲੱਖ ਰੁਪਏ ਦਾ ਮਾਨਹਾਨੀ ਦਾ ਕੇਸ ਦਰਜ ਕਰਵਾਇਆ ਗਿਆ ਸੀ। ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ (ਕੇ.ਐਮ.ਓ.) ਨੇ ਮੰਗ ਕੀਤੀ ਕਿ ਇਸ ਫੈਸਲੇ ਤੋਂ ਬਾਅਦ ਦੋਸ਼ੀ ਪੁਲਿਸ ਅਧਿਕਾਰੀਆਂ 'ਤੇ ਫੌਜਦਾਰੀ ਕੇਸ ਦਰਜ ਹੋਣਾ ਚਾਹੀਦਾ ਹੈ ਅਤੇ ਨੌਕਰੀਆਂ ਵੀ ਖਤਮ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ 1997 ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਪੜਤਾਲ ਦਾ ਚੋਣ ਵਾਅਦਾ ਕੀਤਾ ਸੀ। ਪਰ 15 ਸਾਲ ਮੁੱਖ ਮੰਤਰੀ ਰਹਿਣ ਦੇ ਬਾਵਜੂਦ ਉਸਨੂੰ ਇੱਕ ਵੀ ਝੂਠਾ ਮੁਕਾਬਲਾ ਨਜ਼ਰ ਨਹੀਂ ਆਇਆ। ਉਨ੍ਹਾਂ ਕਿਹਾ ਕਿ ਦਿੱਲੀ 'ਚ ਬੈਠੇ ਆਪਣੇ ਆਕਾਵਾਂ ਦਾ ਬਣਕੇ ਬਾਦਲਕਿਆਂ ਨੇ ਪੰਜਾਬ ਨੂੰ ਲੁੱਟਣ ਦਾ ਕੰਮ ਕੀਤਾ ਅਤੇ ਕੁੱਲਨਾਸ਼ 'ਤੇ ਪਰਦਾ ਪਾਇਆ। ਸਿੱਖ ਕੌਮ ਦੇ ਘਾਣ 'ਤੇ ਪਰਦਾ ਪਾਉਣ ਲਈ ਪੰਜਾਬ ਦੀ ਜਵਾਨੀ ਵੀ ਨਸ਼ਿਆਂ 'ਚ ਗਰਕ ਕਰ ਦਿੱਤੀ। ਅੱਜ ਵੀ ਚੋਣਾਂ ਵਿੱਚ ਬਾਦਲ, ਕੈਪਟਨ, ਕੇਜਰੀਵਾਲ ਸਿੱਖ ਕੌਮ ਦੇ ਘਾਣ 'ਤੇ ਪਰਦਾ ਪਾ ਕੇ ਮਹਾਂ ਪਾਪ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੁੱਟ ਅਤੇ ਕੁੱਟ ਦੀ ਪੜਤਾਲ ਲਈ ਮੁਕੰਮਲ ਕਮਿਸ਼ਨ ਬਣਨਾ ਚਾਹੀਦਾ ਹੈ ਅਤੇ ਕਾਤਿਲਾਂ ਲੁਟੇਰਿਆਂ ਦੇ ਨਾਰਕੋ ਟੈਸਟ ਹੋਣੇ ਚਾਹੀਦੇ ਹਨ।

## ਸਾਬਕਾ ਵਿਧਾਇਕ ਮੱਖਣ ਸਿੰਘ ਦਾ ਦੇਹਾਂਤ

**ਬਠਿੰਡਾ/ਬਿਊਰੋ ਨਿਊਜ਼ :** ਬਠਿੰਡਾ ਦਿਹਾਤੀ ਤੋਂ ਦੋ ਵਾਰ ਵਿਧਾਇਕ ਰਹੇ 63 ਸਾਲਾ ਮੱਖਣ ਸਿੰਘ ਦਾ ਬਿਮਾਰੀ ਕਾਰਨ ਦੇਹਾਂਤ ਹੋ ਗਿਆ। ਉਨ੍ਹਾਂ ਦਾ ਸਸਕਾਰ ਇੱਥੋਂ ਦੇ ਦਾਣਾ ਮੰਡੀ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ। ਇਸ ਦੌਰਾਨ ਰਾਜਨੀਤਕ, ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ, ਜਦੋਂ ਕਿ ਪ੍ਰਸ਼ਾਸਨ ਵੱਲੋਂ ਕੋਈ ਅਧਿਕਾਰੀ ਨਾ ਪਹੁੰਚਿਆ। ਮੱਖਣ ਸਿੰਘ ਲੰਬਾ ਸਮਾਂ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਰਹੇ। ਸਾਲ 2002 ਵਿੱਚ ਉਹ ਅਕਾਲੀ ਦਲ ਵੱਲੋਂ ਚੋਣ ਲੜ ਕੇ ਵਿਧਾਇਕ ਬਣੇ, ਜਦੋਂ ਕਿ 2007 ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਕੇ ਬਠਿੰਡਾ ਦਿਹਾਤੀ ਤੋਂ ਦੂਜੀ ਵਾਰ ਵਿਧਾਇਕ ਚੁਣੇ ਗਏ।

ਮੱਖਣ ਸਿੰਘ ਨੂੰ ਅੰਤਿਮ ਵਿਦਾਇਗੀ ਦੇਣ ਵਾਲਿਆਂ ਵਿੱਚ ਬਠਿੰਡਾ ਸ਼ਹਿਰੀ ਤੋਂ ਕਾਂਗਰਸ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ, ਸਾਬਕਾ ਵਿਧਾਇਕ ਅਜੈਬ ਸਿੰਘ ਭੱਟੀ, ਆਲ ਇੰਡੀਆ ਜਾਟ ਮਹਾਂ ਸਭਾ ਦੇ ਸੂਬਾਈ ਸਕੱਤਰ ਗੁਰਵਿੰਦਰ ਸਿੰਘ ਢਿੱਲੋਂ, ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਤੋਂ ਕਾਂਗਰਸੀ ਉਮੀਦਵਾਰ ਹਰਵਿੰਦਰ ਲਾਡੀ, ਆਪਣਾ ਪੰਜਾਬ ਪਾਰਟੀ ਦੇ ਉਮੀਦਵਾਰ ਜਤਿੰਦਰ ਰਾਏ ਖੱਟੜ ਵੀ ਮੌਜੂਦ ਸਨ।

ਅੰਮ੍ਰਿਤਸਰ ਟਾਈਮਜ਼ AMRITSAR TIMES

25 ਜਨਵਰੀ 2017 ਤੋਂ 31 ਜਨਵਰੀ 2017

## ਟਰੰਪ ਦੀ ਜਿੱਤ, ਜਮਹੂਰੀਅਤ ਦੀ ਹਾਰ

ਅਮਰੀਕੀ ਇਤਿਹਾਸ ਵਿਚ ਇਹ ਸ਼ਾਇਦ ਪਹਿਲੀ ਵਾਰ ਵਾਪਰਿਆ ਕਿ ਕਿਸੇ ਰਾਸ਼ਟਰਪਤੀ ਦੇ ਸਹੁੰ ਚੁੱਕ ਜਸ਼ਨਾਂ ਦੀ ਚਾਸ਼ਨੀ ਵਿਚ ਵਿਰੋਧ ਦੀ ਕੁੜੱਤਣ ਘੁਲੀ ਹੋਵੇ। ਡੌਨਲ ਟਰੰਪ ਦੇ ਵਿਰੋਧ ਵਿਚ ਸਿਰਫ਼ ਅਮਰੀਕਾ ਵਿਚ ਹੀ ਨਹੀਂ ਸਗੋਂ ਦੁਨੀਆ ਭਰ ਵਿਚ 10 ਲੱਖ ਤੋਂ ਵੀ ਜ਼ਿਆਦਾ ਲੋਕਾਂ ਨੇ ਰੋਸ ਵਿਖਾਵੇ ਕੀਤੇ। ਉਧਰ ਮੀਡੀਆ ਨੇ ਵੀ ਇਹ ਕਹਿ ਕੇ ਟਰੰਪ ਦੀ ਨਾਰਾਜ਼ਗੀ ਸਹੇੜ ਲਈ ਕਿ ਬਰਾਕ ਓਬਾਮਾ ਦੇ ਮੁਕਾਬਲੇ, ਟਰੰਪ ਦੇ ਸਹੁੰ ਚੁੱਕ ਸਮਾਰੋਹ ਵਿਚ ਸ਼ਾਮਲ ਲੋਕਾਂ ਦੀ ਸੰਖਿਆ ਕਾਫ਼ੀ ਘੱਟ ਸੀ। ਮੀਡੀਆ ਮੁਤਾਬਕ ਓਬਾਮਾ ਦੇ ਸਮਾਰੋਹ ਵਿਚ 18 ਲੱਖ ਤੋਂ ਜ਼ਿਆਦਾ ਲੋਕ ਸਨ ਤੇ ਟਰੰਪ ਦੇ ਸਮਾਰੋਹ ਵਿਚ ਸਿਰਫ਼ ਢਾਈ ਲੱਖ ਲੋਕ ਸ਼ਾਮਲ ਹੋਏ। ਇਥੋਂ ਤਕ ਕਿਹਾ ਗਿਆ ਕਿ ਟਰੰਪ ਦੇ ਵਿਰੋਧ ਵਿਚ ਔਰਤਾਂ ਵਲੋਂ ਕੀਤੀਆਂ ਗਈਆਂ ਰੈਲੀਆਂ ਵਿਚ ਵੀ ਜੋ ਭੀੜ ਇਕੱਤਰ ਹੋਈ, ਉਹ ਸਹੁੰ ਚੁੱਕ ਸਮਾਰੋਹ ਨਾਲੋਂ ਤਿੰਨ ਗੁਣਾ ਜ਼ਿਆਦਾ ਸੀ। ਇਸ ਦੇ ਨਾਲ ਹੀ ਟਰੰਪ ਤੇ ਅਮਰੀਕੀ ਮੀਡੀਆ ਵਿਚਾਲੇ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਅਮਰੀਕੀ ਜਨਤਾ ਨੂੰ ਟਰੰਪ ਦੇ ਰੂਪ ਵਿੱਚ ਅਜਿਹਾ ਸਦਮਾ' ਲੱਗਾ ਹੈ, ਜਿਸ ਲਈ ਉਹ ਦਿਲ-ਦਿਮਾਗ਼ ਤੋਂ ਤਿਆਰ ਨਹੀਂ ਸੀ। ਦਰਅਸਲ, ਅਮਰੀਕਾ ਦੇ ਉਦਾਰਵਾਦੀ ਤੇ ਮਾਨਵਤਾਵਾਦੀ ਖੇਤਰ ਟਰੰਪ ਦੀ ਜਿੱਤ ਨੂੰ ਹਜ਼ਮ ਨਹੀਂ ਕਰ ਪਾ ਰਹੇ। 8 ਨਵੰਬਰ ਨੂੰ ਜਿਵੇਂ ਹੀ ਟਰੰਪ ਦੀ ਜਿੱਤ ਦੀ ਖ਼ਬਰ ਆਈ ਸੀ, ਅਮਰੀਕਾ ਵਿਚ ਬੇਚੈਨੀ ਵੀ ਨਾਲ ਨਾਲ ਵਧਣ ਲੱਗੀ। ਦੇਸ਼ ਭਰ ਵਿਚ ਟਰੰਪ ਵਿਰੋਧ ਦੀ ਲਹਿਰ ਫੈਲਣ ਲੱਗੀ, ਲਗਭਗ ਸਾਰੇ ਮਹਾਂਨਗਰਾਂ (ਨਿਊ ਯਾਰਕ, ਵਾਸ਼ਿੰਗਟਨ, ਬੋਸਟਨ, ਪੋਰਟਲੈਂਡ, ਲਾਸ ਏਂਜਲਸ, ਸਾਨ ਫਰਾਂਸਿਸਕੋ, ਫਿਲਾਡੈਲਫਿਆ, ਐਟਲਾਂਟਾ, ਮਿਸ਼ੀਗਨ, ਮਿਆਮੀ) ਵਿਚ ਟਰੰਪ ਵਿਰੁੱਧ ਪ੍ਰਦਰਸ਼ਨ ਹੋਏ। ਲੋਕ ਸੜਕਾਂ-ਗਲੀਆਂ ਵਿਚ ਉਤਰੇ, ਦੰਗੇ ਹੋਏ, ਭੰਨ-ਤੋੜ ਹੋਈ। ਟਰੰਪ ਵਿਰੋਧੀ ਜ਼ਬਰਦਸਤ ਨਾਅਰੇ ਗੂੰਜੇ। ਇਸ ਤੋਂ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਅਮਰੀਕੀ ਸਮਾਜ ਬੁਰੀ ਤਰ੍ਹਾਂ ਵੰਡਿਆ ਹੋਇਆ ਤੇ ਧਰੁਵੀਕ੍ਰਿਤ ਹੋ ਗਿਆ ਹੈ।

ਇਸ ਵਰਤਾਰੇ ਨੂੰ ਸਹਿਜੇ ਹੀ ਨਹੀਂ ਲਿਆ ਜਾ ਸਕਦਾ। ਅਮਰੀਕਾ ਦੀ ਮੌਜੂਦਾ ਸਥਿਤੀ ਨੂੰ ਭਾਰਤ ਵਿਚ ਵਾਪਰੀਆਂ ਘਟਨਾਵਾਂ ਨਾਲ ਵੀ ਸਮਝਿਆ ਜਾ ਸਕਦਾ ਹੈ। ਜਿਸ ਤਰ੍ਹਾਂ ਡਾ. ਮਨਮੋਹਨ ਸਿੰਘ ਦਾ ਗੁਣਗਾਣ ਕਰਨ ਵਾਲੇ ਕਾਰਪੋਰੇਟ ਜਗਤ ਨੇ ਆਪਣੇ ਮਨ-ਮੁਆਫ਼ਕ ਨਾ ਹੋਣ ਕਾਰਨ ਉਨ੍ਹਾਂ ਨੂੰ ਸਭ ਤੋਂ ਸੁਸਤ ਪ੍ਰਧਾਨ ਮੰਤਰੀ ਗਰਦਾਨਣਾ ਸ਼ੁਰੂ ਕੀਤਾ ਤੇ ਆਪਣੀ ਲਾਲਸਾ ਮੋਦੀ ਦੇ ਉਭਾਰ ਵਿਚ ਪੂਰੀ ਹੁੰਦੀ ਦੇਖੀ, ਉਸੇ ਤਰ੍ਹਾਂ ਸਭ ਤੋਂ ਵੱਧ ਹਰਮਨਪਿਆਰੀ ਰਹਿਣ ਦੇ ਬਾਵਜੂਦ ਹਿਲੇਰੀ ਕਲਿੰਟਨ ਅਮਰੀਕੀ ਇਲੈਕਟੋਰਲ ਢਾਂਚੇ ਤਹਿਤ ਹਾਰ ਗਈ ਤੇ ਟਰੰਪ ਦੀ ਜਿੱਤ ਹੋ ਗਈ। ਇਸ ਪੂਰੇ ਵਰਤਾਰੇ ਦੇ ਨਾਲ ਨਾਲ ਰਾਸ਼ਟਰਵਾਦੀ ਸਿਆਸਤ ਦਾ ਵੀ ਉਭਾਰ ਹੋਇਆ ਹੈ, ਜਿਸ ਨੇ ਪੂਰੀ ਦੁਨੀਆ ਵਿਚ ਵੰਡ ਦੀ ਲਕੀਰ ਖਿੱਚ ਦਿੱਤੀ ਹੈ।

ਅਮਰੀਕਾ ਅਤੇ ਯੂਰਪੀ ਰਾਸ਼ਟਰਾਂ ਵਿਚ ਰਾਸ਼ਟਰਵਾਦੀ ਸਿਆਸਤ ਦੀ ਲਹਿਰ ਖ਼ਤਰਨਾਕ ਰੂਪ ਲੈ ਚੁੱਕੀ ਹੈ ਅਤੇ ਸੂਚਨਾ-ਸੰਚਾਰ-ਡਿਜੀਟਲ ਮੀਡੀਆ ਕਰਾਂਤੀ ਕਾਰਨ ਝੂਠ ਸੱਚ ਦਾ ਰੂਪ ਲੈ ਰਿਹਾ ਹੈ। ਠੀਕ ਉਸੇ ਤਰ੍ਹਾਂ ਜਿਵੇਂ ਹਿਟਲਰ ਦੀ ਅਗਵਾਈ ਵਿਚ ਸੱਚ ਦਾ ਚੋਲਾ ਪਾ ਕੇ ਹੀ ਫਾਸੀਵਾਦ-ਨਾਜੀਵਾਦ ਆਇਆ ਸੀ, ਤੇ ਕੱਟੜ ਰਾਸ਼ਟਰਵਾਦ-ਨਸਲਵਾਦ-ਰਕਤ ਸ਼ੁੱਧਤਾ ਦੇ ਨਾਂ 'ਤੇ ਲੱਖਾਂ ਲੋਕਾਂ ਦਾ ਕਤਲੇਆਮ ਹੋਇਆ ਸੀ। ਪਿਛਲੇ ਕੁਝ ਵਰ੍ਹਿਆਂ ਤੋਂ ਭਾਰਤ ਸਮੇਤ ਕਈ ਰਾਸ਼ਟਰਾਂ ਵਿਚ ਇਸ ਦਾ ਨਵੇਂ ਨਵੇਂ ਰੂਪਾਂ ਵਿਚ ਉਭਾਰ ਹੋ ਰਿਹਾ ਹੈ ਕਿਉਂਕਿ ਅਮਰੀਕੀ ਟਰੰਪ ਨਸਲੀ ਨ਼ਫਰਤ, ਇਸਲਾਮ ਡਰ, ਮੁਸਲਿਮ ਨ਼ਫਰਤ, ਪਰਵਾਸੀਆਂ ਖ਼ਿਲਾਫ਼ ਨ਼ਫਰਤ, ਔਰਤਾਂ ਪ੍ਰਤੀ ਨ਼ਫਰਤ ਵਰਗੀਆਂ ਨ਼ਫਰਤਾਂ ਦੇ ਜ਼ੋਰ 'ਤੇ ਵ੍ਹਾਈਟ ਹਾਊਸ ਵਿਚ ਚਾਰ ਸਾਲ ਤਕ ਅਹਿਮ ਸ਼ਕਤੀਆਂ ਨਾਲ ਲੈਸ ਰਹਿਣਗੇ। ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਇਕ ਵਪਾਰੀ ਤੇ ਕੈਸੀਨੋ ਮਾਲਕ ਉਮੀਦਵਾਰ ਨੇ ਖੁੱਲ੍ਹ ਕੇ ਨ਼ਫਰਤ ਦੀ ਸਿਆਸਤ' ਅਤੇ ਪਛਾਣ ਦੀ ਸਿਆਸਤ' ਦਾ ਸਹਾਰਾ ਲਿਆ। ਇਸ ਨ਼ਫਰਤ ਖਾਸ ਤੌਰ 'ਤੇ ਸਿਆਹਫਾਮ ਮਾਰੂ ਸਿਧਾਂਤ ਦਾ ਉਭਾਰ ਅਚਾਨਕ ਨਹੀਂ ਹੋਇਆ, ਬਲਕਿ ਟਰੰਪ ਦੇ ਸਮਰਥਕਾਂ ਨੇ ਬਾਕਾਇਦਾ ਯੋਜਨਾਬੱਧ ਤਰੀਕੇ ਨਾਲ ਇਹ ਜ਼ਮੀਨ ਤਿਆਰ ਕੀਤੀ। ਕਰੀਬ ਡੇਢ ਸਾਲ ਤੋਂ ਬੜੇ ਮਹੀਨ ਤਰੀਕੇ ਨਾਲ ਰਕਤ-ਨਸਲ ਦੀ ਜ਼ਮੀਨ ਸਿੰਜੀ ਜਾ ਰਹੀ ਸੀ।

ਠੀਕ ਇਸੇ ਤਰ੍ਹਾਂ ਭਾਰਤ ਵਿਚ ਸੰਘ ਪਰਿਵਾਰ ਇਸਲਾਮ ਨੂੰ ਧਰਮ ਨਹੀਂ, ਸਿਆਸੀ ਵਿਚਾਰਧਾਰਾ ਮੰਨਦਾ ਹੈ। ਜਿਵੇਂ ਟਰੰਪ ਦੀ ਜਿੱਤ ਦੇ ਐਲਾਨ ਮਗਰੋਂ ਹੀ ਕੱਟੜ ਗੋਰਿਆਂ ਨੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਪ੍ਰਦਰਸ਼ਨ ਕੀਤੇ। ਅਮਰੀਕਾ ਦੇ ਮਸ਼ਹੂਰ ਨਸਲਵਾਦੀ ਤੇ ਨਵ-ਫਾਸੀਵਾਦੀ ਸੰਗਠਨ ਕੁਕਲੁਕਸ ਕਲਾਨ' (ਕੇ.ਕੇ.ਕੇ.) ਨੇ ਕਈ ਥਾਈਂ ਘਰਾਂ-ਦੁਕਾਨਾਂ 'ਤੇ ਨਸਲਵਾਦੀ ਨਾਅਰੇ ਲਿਖੇ, ਪੋਸਟਰ ਲਾਏ, ਕਈ ਸਿੱਖਿਆ ਸੰਸਥਾਵਾਂ ਵਿਚ ਗੋਰੇ ਨੌਜਵਾਨਾਂ ਨੇ ਜਲੂਸ ਕੱਢੇ, ਭਾਰਤ ਵਿਚ ਵੀ ਮੋਦੀ-ਸ਼ਾਸਨ ਦੌਰਾਨ ਲਵ-ਜਹਾਦ', ਗਊ-ਹੱਤਿਆ, ਮੁਸਲਿਮ ਅੱਤਵਾਦ, ਅਸਹਿਣਸ਼ੀਲਤਾ ਵਰਗੀਆਂ ਘਟਨਾਵਾਂ ਦੀ ਗਰਮ ਹਵਾ ਚਲੀ ਜੋ ਅੱਜ ਵੀ ਚੱਲ ਰਹੀ ਹੈ। ਜਿਸ ਤਰ੍ਹਾਂ ਧਰਮ-ਸੰਸਕ੍ਰਿਤੀ ਦੇ ਨਾਂ 'ਤੇ ਭਾਰਤੀ ਸਮਾਜ ਦਾ ਧਰੁਵੀਕਰਨ ਕੀਤਾ ਜਾ ਰਿਹਾ ਹੈ, ਉਵੇਂ ਹੀ ਅਮਰੀਕਾ ਵਿਚ ਵੀ ਟਰੰਪ ਉਭਾਰ ਨਾਲ ਸਾਹਮਣੇ ਆ ਰਿਹਾ ਹੈ। ਟਰੰਪ ਨੇ ਖ਼ੁਦ ਚੋਣ ਮੁਹਿੰਮ ਦੌਰਾਨ ਨਿਊ ਜਰਸੀ ਇਲਾਕੇ ਵਿਚ ਹਿੰਦੂਆਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਸੀ, ਅਮਰੀਕਾ ਹਿੰਦੂਆਂ ਨੂੰ ਪਿਆਰ ਕਰਦਾ ਹੈ-ਅਮਰੀਕਾ ਇੰਡੀਆ ਨੂੰ ਪਸੰਦ ਕਰਦਾ ਹੈ। ਭਵਿੱਖ ਵਿਚ ਭਾਰਤੀਆਂ ਨੂੰ ਵ੍ਹਾਈਟ ਹਾਊਸ ਵਿਚ ਸੱਚਾ ਦੋਸਤ ਮਿਲੇਗਾ।' ਟਰੰਪ ਨੇ ਆਪਣੇ ਭਾਸ਼ਣ ਵਿਚ ਮੁਸਲਮਾਨ, ਸਿੱਖ, ਇਸਾਈ, ਬੋਧ, ਜੈਨ ਵਰਗੇ ਧਾਰਮਿਕ ਭਾਈਚਾਰਿਆਂ ਦਾ ਬਿਲਕੁਲ ਜ਼ਿਕਰ ਨਹੀਂ ਕੀਤਾ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਭਾਰਤ ਵਿਚ ਕਰੀਬ 24-25 ਕਰੋੜ ਗੈਰ ਹਿੰਦੂ ਵੀ ਵਸਦੇ ਹਨ। ਇਨ੍ਹਾਂ ਸਾਰੇ ਭਾਈਚਾਰਿਆਂ ਨਾਲ ਭਾਰਤ ਬਣਿਆ ਹੈ, ਨਾ ਕਿ ਇਕੱਲੇ ਹਿੰਦੂਆਂ ਨਾਲ। ਪਰ ਟਰੰਪ ਦੀਆਂ ਨਜ਼ਰਾਂ ਹਿੰਦੂਆਂ 'ਤੇ ਹੀ ਟਿਕੀਆਂ ਰਹੀਆਂ ਤੇ ਇਸ ਦਾ ਲਾਭ ਵੀ ਉਨ੍ਹਾਂ ਨੂੰ ਹੋਇਆ। ਉਨ੍ਹਾਂ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਵੀ ਕੀਤੀ ਅਤੇ ਪਰਵਾਸੀ ਭਾਰਤੀ ਹਿੰਦੂਵਾਦੀਆਂ ਵਿਚ ਉਨ੍ਹਾਂ ਦਾ ਜੰਮ ਕੇ ਸਮਰਥਨ ਕੀਤਾ। ਹਿੰਦੂ ਰਿਪਬਲਿਕਨ ਕੋਲੀਸ਼ਨ ਦੇ ਮੈਂਬਰ ਟਰੰਪ ਦੇ ਪ੍ਰਚਾਰ ਵਿਚ ਉਤਰੇ। ਟਰੰਪ ਦੀ ਚੋਣ ਮੁਹਿੰਮ ਦੀ ਰਣਨੀਤੀ ਅਮਰੀਕੀ ਸਮਾਜ ਦੇ ਵੰਡ ਦੀ ਰਹੀ, ਨਾ ਕਿ ਬਰਾਬਰਤਾ ਦੀ। ਅਮਰੀਕਾ ਪੂਰੀ ਦੁਨੀਆ ਦੀ ਅਗਵਾਈ ਵੀ ਕਰਦਾ ਹੈ ਤੇ ਵੱਡੇ ਜਮਹੂਰੀ ਢਾਂਚੇ ਦੀ ਤਸਵੀਰ ਵੀ ਪੇਸ਼ ਕਰਦਾ ਰਿਹਾ ਹੈ। ਪਰ ਲੋਕਤੰਤਰ ਦੇ ਸਹੀ ਨਤੀਜੇ ਨਾ ਨਿਕਲੇ ਤਾਂ ਭਿਆਨਕ ਬਦਲਾਅ ਵੀ ਆ ਸਕਦੇ ਹਨ। ਟਰੰਪ ਦੀ ਜਿੱਤ ਨਾਲ ਉਨ੍ਹਾਂ ਸ਼ਕਤੀਆਂ ਦੇ ਹੌਸਲੇ ਵਧੇ ਹਨ, ਜੋ ਜਮਹੂਰੀ ਤੇ ਰਾਜ ਵਿਵਸਥਾ ਨੂੰ ਪੂਰੀ ਤਰ੍ਹਾਂ ਨਾਲ ਕਾਰਪੋਰੇਟੀਕਰਨ ਕਰਨ 'ਤੇ ਉਤਾਰੂ ਹਨ। ਜਮਹੂਰੀ ਢਾਂਚੇ ਵਿਚਲੀਆਂ ਜੜ੍ਹਾਂ ਨੂੰ ਹੀ ਉਨ੍ਹਾਂ ਦੇ ਮੁੱਢ ਮਿੱਧ ਕੇ ਫੈਲ ਰਹੀਆਂ ਟਾਹਣੀਆਂ ਨੂੰ ਛਾਂਗਣਾ ਪਏਗਾ।

# ਤਖਤ ਬਹੈ ਤਖਤੇ ਕੇ ਲਾਇਕ

**ਇਹ ਗੱਲ ਸਹੀ ਹੈ ਕਿ ਜੁਝਾਰੂ ਲਹਿਰਾਂ ਦਾ ਅੰਤਮ ਨਿਸ਼ਾਨਾ ਵੀ ਆਪਣਾਂ ਅਜ਼ਾਦ ਮੁਲਕ ਸਿਰਜਣਾ ਹੁੰਦਾ ਹੈ ਅਤੇ ਫਾਸ਼ੀਵਾਦੀ ਲੋਕ ਵੀ ਸਟੇਟ ਹਥਿਆਉਂਣੀ ਚਾਹੁੰਦੇ ਹਨ। ਪਰ ਇੱਥੇ ਫਰਕ ਦੋਵਾਂ ਦੇ ਨਿਸ਼ਾਨਿਆਂ ਅਤੇ ਕਿਰਦਾਰਾਂ ਦਾ ਹੈ। ਜੁਝਾਰੂਆਂ ਲਈ ਉਨ੍ਹਾਂ ਦਾ ਕੌਮੀ ਸਰੂਪ ਅਜਿਹੇ ਲੋਕਾਂ ਤੋਂ ਹੁੰਦਾ ਹੈ ਜੋ ਹੋਰਨਾ ਕੌਮਾਂ ਤੋਂ ਆਪਣੇ ਨਿਆਰੇ ਇਤਿਹਾਸ, ਧਰਮ ਅਤੇ ਬੋਲੀ ਦੇ ਨਿਆਰੇਪਣ ਕਾਰਨ ਵੱਖਰੇ ਹੁੰਦੇ ਹਨ। ਜੁਝਾਰੂਆਂ ਲਈ ਹੋਮਲੈਂਡ ਦਾ ਭਾਵ ਅਜਿਹੇ ਖਿੱਤੇ ਤੋਂ ਹੁੰਦਾ ਹੈ ਜਿੱਥੇ ਰਹਿਣ ਵਾਲੇ ਲੋਕ ਸੰਪੂਰਨ ਤੌਰ ਤੇ ਅਜ਼ਾਦ ਹੋਣ, ਸਾਰਿਆਂ ਨੂੰ ਬਰਾਬਰ ਦੇ ਹੱਕ ਹੋਣ। ਸਾਰੇ ਆਪਣੇ ਹੱਕਾਂ ਅਤੇ ਜਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਆਦਰਸ਼ਕ ਮਨੁੱਖ ਬਣਨ ਵੱਲ ਵਧਣ। ਜੁਝਾਰੂਆਂ ਲਈ ਹੋਮਲੈਂਡ ਦਾ ਰਾਹ ਸਿਰਫ ਸੱਤਾ ਹਾਸਲ ਕਰਕੇ ਹੀ ਨਹੀ ਮੁੱਕ ਜਾਂਦਾ ਬਲਕਿ ਉਨ੍ਹਾਂ ਨੇ ਤਾਂ ਇੱਕ ਅਜਿਹਾ ਆਦਰਸ਼ਕ ਮਨੁੱਖ ਸਿਰਜਣਾ ਹੁੰਦਾ ਹੈ ਜੋ ਵਾਹਿਗੁਰੂ ਵੱਲੋਂ ਸਿਰਜੇ ਵਿਸ਼ੇਸ਼ ਲੋਕਾਂ ਦੀ ਨਿਆਰੀ ਪਹਿਚਾਣ ਨੂੰ ਕਾਇਮ ਰੱਖ ਸਕੇ। ਜੁਝਾਰੂਆਂ ਦੇ ਹੋਮਲੈਂਡ ਦਾ ਮਤਲਬ ਭਾਈਚਾਰੇ ਦੀ ਭਾਵਨਾ ਨੂੰ ਮਜਬੂਤ ਕਰਕੇ ਸਮਾਜ ਨੂੰ ਇੱਕਜੁਟਤਾ ਅਤੇ ਅਜ਼ਾਦੀ ਦੀ ਭਾਵਨਾ ਨਾਲ ਸਰਸ਼ਾਰ ਕਰਨ ਦਾ ਹੁੰਦਾ ਹੈ।**

**ਅਵਤਾਰ ਸਿੰਘ**
ਸੀਨੀਅਰ ਪੱਤਰਕਾਰ ਯੂ. ਕੇ.

ਗੰਭੀਰ ਸਿੱਖ ਹਲਕਿਆਂ ਵਿੱਚ ਇਨ੍ਹੀ ਦਿਨੀ ਨੇਸ਼ਨ ਸਟੇਟ ਅਤੇ ਸਿੱਖ ਨੇਸ਼ਨ ਸਟੇਟ ਬਾਰੇ ਵਿਚਾਰ ਚਰਚਾ ਚੱਲ ਰਹੀ ਹੈ। ਕਿਸੇ ਸੱਜਣ



ਦੀ ਇੱਕ ਮੁਲਾਕਾਤ ਅਤੇ ਉਸ ਮੁਲਾਕਾਤ ਦੀ ਚੀਰਫਾੜ ਕਰਦਿਆਂ ਲਿਖੇ ਲੇਖ ਨੇ ਨੇਸ਼ਨ ਸਟੇਟ ਅਤੇ ਸਿੱਖ ਨੇਸ਼ਨ ਸਟੇਟ ਖਾਲਿਸਤਾਨ ਬਾਰੇ ਸੰਵਾਦ ਛੇੜ ਦਿੱਤਾ ਹੈ। ਦੁਖਦਾਈ ਗੱਲ ਇਹ ਹੈ ਕਿ ਏਨਾ ਗੰਭੀਰ ਮਸਲਾ ਫਿਰ ਉਸੇ ਨੀਵੇਂ ਦਰਜੇ ਦੀ ਇਲਜ਼ਾਮਤਰਾਸ਼ੀ ਅਤੇ ਪਰਤਵੀਂ ਇਲਜ਼ਾਮਤਰਾਸ਼ੀ ਨਾਲ ਛਿੜ ਗਿਆ ਹੈ। ਦੋ ਧਿਰਾਂ ਫਿਰ ਆਹਮੋ ਸਾਹਮਣੇ ਸ਼ਬਦਾਂ ਦੀਆਂ ਤਿੱਖੀਆਂ ਤਲਵਾਰਾਂ ਕੱਢ ਕੇ ਆਣ ਖਲੋਈਆਂ ਹਨ, ਜੋ ਦੁਖਦਾਈ ਹੀ ਨਹੀ ਬਲਕਿ ਰੂਹ ਨੂੰ ਪੱਛ ਰਹੀਆਂ ਹਨ। ਇਸ ਸੰਵਾਦ ਵਿੱਚ ਅਸੀਂ ਫਿਰ ਹੋਇ ਇਕਤ੍ਰ ਦੀ ਭਾਵਨਾ ਤੋਂ ਪੱਲਾ ਛੁਡਾ ਰਹੇ ਮਹਿਸੂਸ ਹੋ ਰਹੇ ਹਾਂ।

ਖੈਰ ਸਾਡਾ ਮਕਸਦ ਕਿਸੇ ਵੀ ਧਿਰ ਦਾ ਪੱਖ ਲੈਣਾ ਨਹੀ ਹੈ। ਅਸੀਂ ਨੇਸ਼ਨ ਸਟੇਟ ਬਾਰੇ ਕੌਮਾਂਤਰੀ ਇਤਿਹਾਸਕਾਰੀ ਦੇ ਸੰਦਰਭ ਵਿੱਚੋਂ ਸਿੱਖ ਸਟੇਟ ਦੀ ਸੰਭਾਵਨਾ ਬਾਰੇ ਵਿਚਾਰ ਚਰਚਾ ਕਰਨ ਦਾ ਯਤਨ ਕਰਾਂਗੇ। ਅਸੀਂ ਇਹ ਗੱਲ ਪਹਿਲੋਂ ਹੀ ਮੰਨ ਰਹੇ ਹਾਂ ਕਿ ਅਸੀਂ ਇਸ ਵਿਸ਼ੇ ਦੀ ਕੋਈ ਅੰਤਿਮ ਅਥਾਰਟੀ ਨਹੀ ਹਾਂ। ਸਾਡੀਆਂ ਵੀ ਬੌਧਿਕ ਸੀਮਤਾਈਆਂ ਅਤੇ ਕਮਜ਼ੋਰੀਆਂ ਹਨ ਪਰ ਆਪਣੀ ਤੁਛ ਬੁਧੀ ਅਨੁਸਾਰ ਅਸੀਂ ਯਤਨ ਕਰਾਂਗੇ ਕਿ ਕੁਝ ਸਾਰਥਕ ਨਿਕਲ ਆਵੇ।

ਅਸਲ ਵਿੱਚ ਪੇਸ਼ ਮਸਲੇ ਦੇ ਸੰਦਰਭ ਵਿੱਚ ਜੋ ਸਾਨੂੰ ਸਮਝ ਆਇਆ ਹੈ ਉਹ ਇਹ ਹੈ ਕਿ ਨੇਸ਼ਨ ਸਟੇਟ ਦਾ ਸੰਕਲਪ ਏਨਾ ਖਤਰਨਾਕ ਨਹੀ ਹੈ ਜਿੰਨਾ ਇਸ ਨੂੰ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਵੀ ਸਵਾਲ ਉਠਾਇਆ ਜਾ ਰਿਹਾ ਹੈ ਕਿ ਜੇ ਸਿੱਖਾਂ ਦੀਆਂ ਸਾਰੀਆਂ ਸਮੱਸਿਆਵਾਂ ਅਤੇ ਦੁਸ਼ਵਾਰੀਆਂ ਦਾ ਸਭ ਤੋਂ ਵੱਡਾ ਕਾਰਨ ਭਾਰਤ ਨੂੰ ਇੱਕ ਨੇਸ਼ਨ ਸਟੇਟ ਬਣਾਉਣ ਦੇ ਯਤਨ ਹੀ ਹਨ ਤਾਂ ਫਿਰ ਭਵਿੱਖ ਵਿੱਚ ਜਦੋਂ ਸਿੱਖਾਂ ਨੇ ਆਪਣੀ ਨੇਸ਼ਨ ਸਟੇਟ ਸਿਰਜਣੀ ਹੈ ਤਾਂ ਅਸੀਂ ਕਿਸ ਮੂੰਹ ਨਾਲ ਉਸਨੂੰ ਸਹੀ ਠਹਿਰਾਵਾਂਗੇ। ਜਾਂ ਅਸੀਂ ਕਿਸ ਮੂੰਹ ਨਾਲ ਆਪਣੀ ਭਵਿੱਖ ਦੀ ਪੀੜ੍ਹੀ ਨੂੰ ਆਪਣੀ ਨੇਸ਼ਨ ਸਟੇਟ ਸਿਰਜਣ ਲਈ ਹੌਸਲਾ ਅਤੇ ਅਗਵਾਈ ਦੇ ਸਕਾਂਗੇ। ਇਤਰਾਜ਼ ਕਰਨ ਵਾਲੇ ਸੱਜਣਾਂ ਦਾ ਕਹਿਣਾ ਹੈ ਕਿ ਨੇਸ਼ਨ ਸਟੇਟ ਦੀ ਨਫਰਤ ਭਰੀ ਵਿਆਖਿਆ ਕਰ ਕਰ ਕੇ ਕੁਝ ਸਿੱਖ ਵਿਦਵਾਨਾਂ ਨੇ ਸਿੱਖ ਨੇਸ਼ਨ ਸਟੇਟ ਦੇ ਰਾਹ ਰੋਕ ਲਏ ਹਨ।

ਜਦੋਂ ਤੁਸੀਂ ਨੈਸ਼ਨਲਇਜ਼ਮ ਅਤੇ ਨੇਸ਼ਨ ਸਟੇਟ ਦੇ ਵਰਤਾਰੇ ਦਾ ਅਧਿਐਨ ਕਰਦੇ ਹੋਂ ਤਾਂ ਇਹ ਸਵਾਲ ਸਹਿਜੇ ਹੀ ਹਰ ਜੁਝਾਰੂ (ਨੈਸ਼ਨਲਿਸਟ) ਦੇ ਮਨ ਵਿੱਚ ਆਉਂਦੇ ਹਨ। ਜਿਨ੍ਹਾਂ ਨੇ ਕਿਸੇ ਮਕਸਦ ਲਈ ਆਪਣਾ ਲਹੂ ਡੋਲ੍ਹਿਆ ਹੁੰਦਾ ਹੈ ਉਨ੍ਹਾਂ ਦੇ ਮਨ ਵਿੱਚ ਇਹ ਸਵਾਲ ਅਕਸਰ ਆਉਂਦਾ ਹੈ ਕਿ ਜੇ ਨੇਸ਼ਨ ਸਟੇਟ ਏਨੀ ਹੀ ਮਾੜੀ ਹੈ ਤਾਂ ਫਿਰ ਅਸੀਂ ਕਾਹਦੇ ਲਈ ਲੜ-ਮਰ ਰਹੇ ਹਾਂ?

ਇੱਕ ਪਾਸੇ ਕੌਮਵਾਦ ਦਾ ਧੁਨੰਤਰ ਵਿਦਵਾਨ ਐਨਥਨੀ ਸਮਿੱਥ ਇਹ ਆਖਦਾ ਹੈ ਕਿ ਦੁਨੀਆਂ ਭਰ ਦੀਆਂ ਸਿਆਸੀ ਫਿਲਾਸਫੀਆਂ, ਦ੍ਰਿਸਟੀਆਂ ਅਤੇ ਵਿਸ਼ਵਾਸ਼ਾਂ ਵਿੱਚੋਂ ਜੇ ਕਿਸੇ ਵਿਚਾਰ ਨੇ ਸਭ ਤੋਂ ਜਿਆਦਾ ਵਫਾਦਾਰੀ ਹਾਸਲ ਕੀਤੀ ਹੈ ਤਾਂ ਉਹ ਕੌਮਵਾਦ ਦਾ ਫਲਸਫਾ ਹੀ ਹੈ। ਹੋਰਨਾ ਵਿਸ਼ਵਾਸ਼ਾਂ ਨੇ ਬੇਸ਼ੱਕ ਦੁਨੀਆਂ ਭਰ ਦੇ ਲੋਕਾਂ ਨੂੰ ਬਹੁਤ ਵੱਡੇ ਕਾਰਨਾਮੇ ਕਰਨ ਲਈ ਪ੍ਰੇਰਿਤ ਕੀਤਾ ਹੋਵੇ ਪਰ ਕੌਮੀ ਅਜ਼ਾਦੀ ਦੇ ਸੁਪਨੇ ਨਾਲ ਪ੍ਰਣਾਏ ਹੋਏ ਜੁਝਾਰਵਾਦ ਦੇ ਵਿਚਾਰ ਨੇ ਹੀ ਦੁਨੀਆਂ ਭਰ ਵਿੱਚ ਅਣਗਿਣਤ ਲੋਕਾਂ ਨੂੰ ਆਪਣੀ ਜਾਨ ਅਤੇ ਆਪਣਾ ਸਭ ਕੁਝ ਕੁਰਬਾਨ ਕਰ ਦੇਣ ਲਈ ਪ੍ਰੇਰਿਤ ਕੀਤਾ ਹੈ। ਅੱਜ ਵੀ ਦੁਨੀਆਂ ਭਰ ਦੇ ਕਰੋੜਾਂ ਲੋਕ ਆਪਣੀ ਅਜ਼ਾਦੀ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਲਈ ਤਿਆਰ ਬੈਠੇ ਹਨ।

ਫਿਰ ਇਸ ਸਥਿਤੀ ਵਿੱਚ ਨੇਸ਼ਨ ਸਟੇਟ ਨੂੰ ਭੰਡੀ ਜਾਣਾ ਅਤੇ ਉਸਨੂੰ ਏਨਾ ਖ਼ਤਰਨਾਕ ਬਣਾਕੇ ਪੇਸ਼ ਕਰਨਾ ਕਿੱਧਰ ਦੀ ਸਿਆਣਪ ਹੈ? ਇਹ ਸਵਾਲ ਹਰ ਕੌਮਵਾਦੀ ਦੇ ਮਨ ਵਿੱਚ ਉੱਠਣਾਂ ਸੁਭਾਵਿਕ ਹੈ।

ਇੱਥੇ ਆਬਕੇ ਇੱਕ ਬੌਧਿਕ ਅਤੇ ਫਲਸਫਈ ਤੋੜ-ਵਿਛੋੜੇ ਦੀ ਅਤੇ ਡੂੰਘੀ ਵਿਆਖਿਆ ਦੀ ਲੋੜ ਹੁੰਦੀ ਹੈ ਜੋ ਹਾਲੇ ਸ਼ਾਇਦ ਸਾਡੇ ਤੋਂ ਥੋੜੀ ਦੂਰ ਚੱਲ ਰਹੀ ਹੈ।

ਅਸੀਂ ਹਾਲ ਦੀ ਘੜੀ ਨੇਸ਼ਨ-ਸਟੇਟ ਅਤੇ ਨੈਸ਼ਨਲ ਸਟੇਟ ਦਰਮਿਆਨ ਫਰਕ ਨੂੰ ਸਮਝ ਨਹੀ ਸਕੇ। ਅਰਜੁਨ ਅੱਪਾਦੁਰਾਈ ਆਖਦਾ ਹੈ ਕਿ ਜਦੋਂ ਕੋਈ ਬਹੁ-ਗਿਣਤੀ ਇੱਕੋਂ ਦੇਸ਼ ਵਿੱਚ ਵਸਣ ਵਾਲੀਆਂ ਬਹੁਤੀਆਂ ਕੌਮਾਂ ਨੂੰ ਇੱਕੋ ਰੱਸੇ ਨਾਲ ਬੰਨ੍ਹ ਕੇ ਉਨ੍ਹਾਂ ਦਾ ਭਾਰਤੀਕਰਨ, ਇੰਡੋਨੇਸ਼ੀਆਈਕਰਨ ਜਾਂ ਬਰਤਾਨਵੀਕਰਨ ਕਰਨ ਦੀ ਜਿੱਦ ਕਰਨ ਲੱਗਦੀ ਹੈ ਤਾਂ ਛੋਟੀਆਂ ਕੌਮਾਂ ਵਿੱਚ ਵਿਦਰੋਹ ਪੈਦਾ ਹੋਣੇ ਲਾਜ਼ਮੀ ਹਨ। ਜਦੋਂ ਛੋਟੀਆਂ ਕੌਮਾਂ ਵਿਦਰੋਹ ਕਰਦੀਆਂ ਹਨ ਤਾਂ ਫਿਰ ਭਾਰੂ ਬਹੁ-ਗਿਣਤੀ ਆਪਣੀ ਫੌਜੀ ਤਾਕਤ, ਅਫਸਰਸ਼ਾਹੀ ਅਤੇ ਕੌਮਾਂਤਰੀ ਡਿਪਲੋਮੇਸੀ ਦਾ ਸਹਾਰਾ ਲੈ ਕੇ ਉਨ੍ਹਾਂ ਛੋਟੀਆਂ ਕੌਮਾਂ ਨੂੰ ਤਬਾਹ ਕਰਨ ਦੇ ਰਾਹ ਪੈਂਦੀ ਹੈ। ਉਹ ਆਖਦਾ ਹੈ ਕਿ ਜਦੋਂ ਬਹੁ-ਕੌਮੀ ਦੇਸ਼ ਨੂੰ ਇੱਕ ਕੌਮੀ, ਨੇਸ਼ਨ-ਸਟੇਟ ਵਿੱਚ ਤਬਦੀਲ ਕਰਨ ਦੇ ਯਤਨ ਹੁੰਦੇ ਹਨ। ਜਦੋਂ ਛੋਟੀਆਂ ਕੌਮਾਂ ਇਨ੍ਹਾਂ ਮਾਰੂ ਯਤਨਾਂ ਦਾ ਵਿਰੋਧ ਕਰਦੀਆਂ ਹਨ ਤਾਂ ਉਨ੍ਹਾਂ ਕੌਮਾਂ ਦੇ ਬੱਚਿਆਂ, ਬੀਬੀਆਂ ਅਤੇ ਬਜ਼ੁਰਗਾਂ ਦੇ ਅੱਧ-ਕਟੇ ਅਤੇ ਅੱਧ-ਜਲੇ ਅੰਗ ਸੜਕਾਂ ਤੇ ਖਿਲਾਰ ਦਿੱਤੇ ਜਾਂਦੇ ਹਨ। (Arjun Appadurai-Fear of Small Numbers)

ਹੁਣ ਦਰਪੇਸ਼ ਮਸਲੇ ਦੇ ਸੰਦਰਭ ਵਿੱਚ ਅਸੀਂ ਇਹ ਆਖਣਾ ਚਾਹੁੰਦੇ ਹਾਂ ਕਿ ਦੁਨੀਆਂ ਭਰ ਦੇ ਸਾਰੇ ਮੁਲਕਾਂ ਵਿੱਚੋਂ ਸਿਰਫ 15-16 ਮੁਲਕ ਹੀ ਨੇਸ਼ਨ ਸਟੇਟ ਅਖਵਾਉਣ ਦੇ ਹੱਕਦਾਰ ਹਨ, ਕਿਉਂਕਿ ਉੱਥੇ ਰਾਜ ਕਰਨ ਵਾਲੇ ਲੋਕਾਂ ਦੀ ਕੌਮ ਹੀ ਵਸਦੀ ਹੈ। ਦੁਨੀਆਂ ਦੇ ਬਾਕੀ ਸਾਰੇ ਮੁਲਕ ਨੇਸ਼ਨ-ਸਟੇਟ ਦੀ ਪਰਿਭਾਸ਼ਾ ਅਧੀਨ ਨਹੀ ਆਉਂਦੇ ਬਲਕਿ ਉਹ ਨੈਸ਼ਨਲ-ਸਟੇਟ ਦੀ ਪਰਿਭਾਸ਼ਾ ਅਧੀਨ ਆਉਂਦੇ ਹਨ। ਜਿੱਥੇ ਬਹੁਤ ਸਾਰੀਆਂ ਕੌਮਾਂ ਇੱਕੋ ਥਾਂ ਤੇ ਵਸਦੀਆਂ ਹਨ। ਜਦੋਂ ਨੈਸ਼ਨਲ-ਸਟੇਟ ਨੂੰ ਨੇਸ਼ਨ ਸਟੇਟ ਬਣਾਉਣ ਦੇ ਯਤਨ ਜਬਰ ਰਾਹੀਂ ਹੁੰਦੇ ਹਨ ਤਾਂ ਨੇਸ਼ਨ-ਸਟੇਟ ਇੱਕ ਫਾਸ਼ੀ ਸਟੇਟ ਬਣ ਜਾਂਦੀ ਹੈ।

ਇਸ ਲੇਖ ਵਿੱਚ ਜਦੋਂ ਅਸੀਂ ਫਾਸ਼ੀ ਸਟੇਟ ਸ਼ਬਦ ਦੀ ਵਰਤੋਂ ਕਰਾਂਗੇ ਤਾਂ ਇਸਨੂੰ ਭਾਰਤੀ ਹਿੰਦੂ ਸਟੇਟ ਦੇ ਸੰਦਰਭ ਵਿੱਚ ਹੀ ਸਮਝਿਆ ਜਾਵੇ।

ਹਰ ਫਾਸ਼ੀ ਰਾਜਨੀਤੀਵਾਨ ਜਾਂ ਨੀਤੀਵਾਨ ਨੇਸ਼ਨ-ਸਟੇਟ' (ਇੱਕੋ ਕੌਮ ਦੀ ਨਿਰਕੁੰਸ਼ ਚੌਧਰ) ਸਥਾਪਤ ਕਰਨ ਦੀ ਕੋਸ਼ਿਸ ਕਰਦਾ ਹੈ ਪਰ ਹਰ ਜੁਝਾਰੂ ਅਜਿਹੀ ਨੈਸ਼ਨਲ ਸਟੇਟ ਸਿਰਜਣ ਲਈ ਯਤਨਸ਼ੀਲ ਹੁੰਦਾ ਹੈ ਜਿੱਥੇ ਨਗਰਿਕਾਂ ਦੀ ਮੁਢਲੀ ਅਜ਼ਾਦੀ (Citizen Autonomy) ਖੇਤਰੀ ਏਕਤਾ (Territorial Unity) ਅਤੇ ਇਤਿਹਾਸਕ ਪਹਿਚਾਣ (Historical Identity) ਸਟੇਟ ਦੇ ਪ੍ਰਮੁੱਖ ਨਿਸ਼ਾਨੇ ਹੁੰਦੇ ਹਨ।

ਨਾਗਰਿਕਾਂ ਦੀ ਮੁਢਲੀ ਅਜ਼ਾਦੀ ਦਾ ਮਤਲਬ ਹੈ ਕਿ ਹਰ ਮੁਲਕ ਵਿੱਚ ਵਸਦਾ ਹਰ ਨਾਗਰਿਕ ਬਰਾਬਰ ਹੈ ਅਤੇ ਜਿਸਨੂੰ ਸਵੈ-ਸ਼ਾਸ਼ਨ ਅਤੇ ਹਰ ਕਿਸਮ ਦੀ ਅਜ਼ਾਦੀ ਦਾ ਹੱਕ ਹਾਸਲ ਹੈ। ਦੇਸ਼ ਵਿੱਚ ਵਸਦੇ ਸਾਰੇ ਸਮੂਹ ਅਤੇ ਕੌਮਾਂ ਆਪਣੀ ਲੋੜ ਅਨੁਸਾਰ ਸਵੈ-ਸ਼ਾਸ਼ਨ ਦੇ ਕਨੂੰਨ ਘੜਦੇ ਹਨ ਅਤੇ ਬਿਨਾ ਕਿਸੇ ਬਾਹਰੀ ਦਬਾਅ ਤੋਂ ਸਵੈ-ਪ੍ਰਗਟਾਵੇ ਅਤੇ ਅਜ਼ਾਦੀ ਨੂੰ ਮਹਿਸੂਸ ਕਰ ਸਕਦੇ ਹਨ।

ਹੁਣ ਜੇ ਇੱਥੇ ਜੁਝਾਰੂਆਂ ਦੀ ਸਿਆਸੀ ਲੀਡਰਸ਼ਿੱਪ ਵੀ ਆਦਰਸ਼ਕ ਨਾ ਹੋਵੇ ਅਤੇ ਉਹ ਕੋਈ ਮਾੜਾ ਮੋਟਾ ਸਿਆਸੀ ਵਿਰੋਧ ਵੀ ਬਰਦਾਸ਼ਤ ਨਾ ਕਰ ਸਕੇ ਤਾਂ ਉਹ ਸਟੇਟ ਵੀ ਉਨ੍ਹਾਂ ਜੁਝਾਰੂਆਂ ਦੇ ਆਸ਼ੇ ਤੋਂ ਥਿੜਕ ਗਈ ਮੰਨੀ ਜਾਵੇਗੀ ਜਿਨ੍ਹਾਂ ਨੇ ਸਟੇਟ ਨੂੰ ਉਸਾਰਨ ਲਈ ਆਪਣਾ ਖ਼ੂਨ ਵਹਾਇਆ।

ਖ਼ੇਤਰੀ ਏਕਤਾ ਸਮੂਹ ਦੇ ਮੈਂਬਰਾਂ ਨੂੰ ਆਪਣੇ ਪਿਆਰੇ ਹੋਮਲੈਂਡ ਵਿੱਚ ਇਕੱਠੇ ਰਹਿਣ ਦੀ ਇੱਕ ਰੀਝ ਹੈ, ਜੋ ਬਹੁਤ ਘਾਲਣਾਵਾਂ ਤੋਂ ਬਾਅਦ ਪ੍ਰਾਪਤ ਹੋਈ ਹੁੰਦੀ ਹੈ।

ਇਤਿਹਾਸਕ ਪਹਿਚਾਣ ਉਸ ਹੋਮਲੈਂਡ ਵਿੱਚ ਰਹਿ ਰਹੇ ਲੋਕਾਂ ਨੂੰ ਸਮਝਣ ਦੀ ਕਸਰਤ ਹੈ ਜਿਸ ਅਧੀਨ ਬਿਲਕੁਲ ਖਾਤਮੇ ਦੀ ਹੱਦ ਤੋਂ ਮੁੜੇ ਕਾਫਲੇ ਦੇ ਇਤਿਹਾਸਕ ਅਨੁਭਵ ਨੂੰ ਉਨ੍ਹਾਂ ਦੇ ਸਾਂਝੇ ਇਤਿਹਾਸ, ਸੱਭਿਆਚਾਰ ਅਤੇ ਸਾਂਝੀਆਂ ਕੌਮੀ ਯਾਦਾਂ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕੀਤਾ ਜਾਂਦਾ ਹੈ।

ਐਨਥਨੀ ਸਮਿੱਥ ਆਖਦਾ ਹੈ ਕਿ ਜੁਝਾਰੂਆਂ ਲਈ ਉਨਾਂ ਦੀ ਸਟੇਟ ਜਾਂ ਹੋਮਲੈਂਡ ਇੱਕ ਸੁਰੱਖਿਅਤ ਪਨਾਹਗਾਹ (Secured Location), ਇੱਕ ਪਰਵਾਨਤ ਨਖਲਿਸਤਾਨ (Recognised Oasis) ਦੇ ਤੌਰ ਤੇ ਹੁੰਦੇ ਹਨ ਜਿੱਥੇ ਉਹ ਰਾਸ਼ਟਰੀਅਤਾ ਨਾਲ ਆਪਣੇ ਸਬੰਧ ਹੋਰ ਮਜਬੂਤ ਕਰ ਸਕਦੇ ਹਨ। ਬੇਸ਼ੱਕ ਹਰ ਜੁਝਾਰੂ ਆਪਣਾ ਅਜ਼ਾਦ ਮੁਲਕ ਸਿਰਜਣ ਦਾ ਸੁਪਨਾ ਲੈ ਕੇ ਮੈਦਾਨ ਵਿੱਚ ਨਿੱਤਰਦਾ ਹੈ ਪਰ ਜੁਝਾਰੂਆਂ ਲਈ ਸਟੇਟ ਦਾ ਮਤਲਬ ਸਵੈ-ਸ਼ਾਸ਼ਨ ਹੁੰਦਾ ਹੈ ਨਾ ਕਿ ਸਰਕਾਰੀ ਮਸੀਨਰੀ ਦੀ ਵਰਤੋਂ ਕਰਕੇ ਜੁਲਮ ਦੀ ਹਨੇਰੀ ਚਲਾਉਣੀ ਅਤੇ ਘੱਟ-ਗਿਣਤੀਆਂ ਨੂੰ ਜਬਰ ਨਾਲ ਅਧੀਨ ਕਰਨਾ।

ਇਹ ਫਾਸ਼ੀਵਾਸਦੀਆਂ ਅਤੇ ਉਨ੍ਹਾਂ ਦੀ ਨੇਸ਼ਨ-ਸਟੇਟ' ਨਾਲੋਂ ਬਿਲਕੁਲ ਵੱਖਰਾ ਵਿਚਾਰ ਹੁੰਦਾ ਹੈ, ਜਿਨ੍ਹਾਂ (ਫਾਸ਼ੀਵਾਦੀਆਂ) ਦਾ ਪ੍ਰਮੁੱਖ ਨਿਸ਼ਾਨਾ ਹੀ ਸਟੇਟ ਉਤੇ ਕਿਸੇ ਵੀ ਹੀਲੇ ਕਬਜਾ ਕਰਕੇ ਇਸਨੂੰ ਫਿਰ ਇੱਕ ਗੁੰਡਾ ਗਰੋਹ (Cult of Violence) ਵਿੱਚ ਤਬਦੀਲ ਕਰਨ

ਬਾਕੀ ਸ.ਫਾ 32 'ਤੇ

# ਬੰਦੀ ਸਿੰਘਾਂ ਦੀ ਰਿਹਾਈ ਬਨਾਮ ਵੋਟ ਰਾਜਨੀਤੀ

**ਜਸਪਾਲ ਸਿੰਘ ਮੰਝਪੁਰ**
(ਸੰਪਰਕ: +91-98554-01)843
ਜਿਲ੍ਹਾ ਕਚਹਿਰੀਆਂ, ਲੁਧਿਆਣਾ।



ਲੰਬੇ ਸਮੇਂ ਤੋਂ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਪਿਛਲੇ ਕਾਫੀ ਸਮੇਂ ਤੋਂ ਚਰਚਾ ਵਿਚ ਹੈ ਅਤੇ ਅੱਜ ਦੀ ਤਰੀਕ ਵਿਚ ਹਰ ਮਨੁੱਖੀ ਅਧਿਕਾਰਾਂ ਨੂੰ ਪਿਆਰ ਕਰਨ ਵਾਲਾ ਮਨੁੱਖ ਇਹ ਚਾਹੁੰਦਾ ਹੈ ਕਿ ਇਹਨਾਂ ਨੂੰ ਪੱਕੀ ਰਿਹਾਈ ਦੇ ਦੇਣੀ ਚਾਹੀਦੀ ਹੈ ਪਰ ਇਹਨਾਂ ਦੀ ਰਿਹਾਈ ਲਈ ਸਿਆਸੀ ਇੱਛਾ ਸ਼ਕਤੀ ਜਰੂਰੀ ਹੈ ਅਤੇ ਸਿਆਸੀ ਇੱਛਾ ਸ਼ਕਤੀ ਦੀ ਅਣਹੋਂਦ ਜਾਂ ਫੈਸਲੇ ਲੈਣ ਵਿਚ ਦੇਰੀ ਹੋਣ ਕਾਰਨ ਬੰਦੀ ਸਿੰਘਾਂ ਦੀ ਰਿਹਾਈ ਹੋਰ ਅੱਗੇ ਪੈ ਰਹੀ ਹੈ। ਹੁਣ ਰਿਹਾਈਆਂ ਦੇ ਫੈਸਲੇ ਵਿਚ ਦੇਰੀ ਪੰਜਾਬ ਵਿਧਾਨ ਚੋਣਾਂ ਨੂੰ ਦੱਸਿਆ ਜਾ ਰਿਹਾ ਹੈ ਕਿਉਂਕਿ ਸਭ ਸਬੰਧਤ ਪਾਰਟੀਆਂ ਦਾ ਕਹਿਣਾ ਹੈ ਕਿ ਜੇ ਬੰਦੀ ਸਿੰਘ ਰਿਹਾਅ ਕਰ ਦਿੱਤੇ ਤਾਂ ਬਹੁਗਿਣਤੀ ਵਾਲਿਆਂ ਭਾਵ ਹਿੰਦੂਆਂ ਦੀ ਵੋਟ ਨਰਾਜ਼ ਹੋ ਜਾਵੇਗੀ। ਆਮ ਕੈਦੀਆਂ ਨਾਲੋਂ ਜਿਆਦਾ ਸਜ਼ਾ ਕੱਟਣ ਤੋਂ ਬਾਅਦ ਹੋਣ ਵਾਲੀਆਂ ਰਿਹਾਈਆਂ ਤੋਂ ਬਹੁਗਿਣਤੀ ਵਾਲਿਆਂ ਨੂੰ ਕੀ ਤਕਲੀਫ ਹੋ ਸਕਦੀ ਹੈ? ਅਸਲ ਵਿਚ ਤਕਲੀਫ ਸਾਰੇ ਬਹੁਗਿਣਤੀ ਭਾਈਚਾਰੇ ਨੂੰ ਨਹੀਂ ਸਗੋਂ ਮੁਲਖ ਦੇ ਪ੍ਰਬੰਧ ਵਿਚ ਬੈਠੀ ਸਿੱਖ ਦੁਸ਼ਮਣ ਸੋਚ ਨੂੰ ਹੈ। ਇਹ ਗੱਲ ਵੀ ਬੜੀ ਅਹਿਮ ਹੈ ਕਿ ਉਹ ਜਿੰਮੇਵਾਰ ਹਿੱਸਾ ਕਿਸੇ ਇਕ ਰਾਜਸੀ ਪਾਰਟੀ ਜਾਂ ਧਰਮ ਨਾਲ ਸਬੰਧਤ ਨਹੀਂ ਸਗੋਂ ਹਰ ਉਸ ਪਾਰਟੀ ਵਿਚ ਹੈ ਜੋ ਸੱਤਾ ਹੰਢਾ ਰਹੇ ਹਨ ਜਾਂ ਸੱਤਾ ਹੰਢਾਉਂਣ ਲਈ ਕਾਹਲੇ ਹਨ।

ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਪ੍ਰੋਗਰਾਮਾਂ, ਕਾਨੂੰਨੀ ਤੇ ਸਿਆਸੀ ਚਾਰਾਜੋਈਆਂ, ਸਿਆਸੀ ਤੇ ਕੂਟਨੀਤਿਕ ਵਾਅਦਿਆਂ ਦੀ ਪੜਚੋਲ ਕੀਤਿਆਂ ਪਤਾ ਲੱਗਦਾ ਹੈ ਕਿ ਅੱਜ ਤੱਕ ਕੋਈ ਕੰਮ ਵੀ ਸਿਆਸੀ ਇੱਛਾ ਸ਼ਕਤੀ ਨਾਲ ਨਹੀਂ ਕੀਤਾ ਗਿਆ ਹੈ ਸਗੋਂ ਬੰਦੀ ਸਿੰਘਾਂ ਸਬੰਧੀ ਕੁਝ ਉਹ ਫੈਸਲੇ ਹੀ ਲਏ ਗਏ ਜਿਹਨਾਂ ਨੂੰ ਇਕ ਤਾਂ ਸਮੇਂ ਤੋਂ ਦੇਰੀ ਨਾਲ ਲਿਆ ਗਿਆ ਅਤੇ ਦੂਜਾ ਕਾਨੂੰਨੀ ਹੱਕ ਨੂੰ ਸਿੱਖ ਕੌਮ ਉਪਰ ਅਹਿਸਾਨ ਦਰਸਾਇਆ ਗਿਆ। ਸਭ ਤੋਂ ਪਹਿਲਾਂ ਇਕ ਗੱਲ ਸਪੱਸ਼ਟ ਹੈ ਕਿ ਬੰਦੀਆਂ ਦੀ ਰਿਹਾਈ ਵਿਚ ਉਮਰ ਕੈਦੀਆਂ ਦੀ ਰਿਹਾਈ ਸਿਆਸੀ ਇੱਛਾ ਸ਼ਕਤੀ ਉਪਰ ਨਿਰਭਰ ਕਰਦੀ ਹੈ ਬਾਕੀ ਮਿੱਥੀ ਸਜ਼ਾ ਵਾਲਿਆਂ ਨੂੰ ਤਾਂ ਜੇਲ੍ਹ ਅਧਿਕਾਰੀ ਹੀ ਸਮਾਂ ਪੂਰਾ ਹੋਣ ਤੇ ਛੱਡ ਦਿੰਦੇ ਹਨ। ਕਿਸੇ ਵਿਅਕਤੀ ਨੂੰ ਉਮਰ ਕੈਦ ਦਾ ਐਲਾਨ ਹੋਣ ਤੋਂ ਬਾਅਦ ਸਬੰਧਤ ਸਰਕਾਰ ਕਿਸੇ ਸਮੇਂ ਵੀ ਰਿਹਾਅ ਕਰ ਸਕਦੀ ਹੈ। ਭਾਰਤੀ ਢੰਡਾਵਲੀ ਸੰਹਿਤਾ ਦੀ ਧਾਰਾ 57 ਮੁਤਾਬਕ ਭਾਵੇਂ ਉਮਰ ਕੈਦ ਦਾ ਮਤਲਬ 20 ਸਾਲ ਦੀ ਕੈਦ ਹੈ ਪਰ ਸੁਪਰੀਮ ਕੋਰਟ ਨੇ ਕਈ ਫੈਸਲਿਆਂ ਵਿਚ ਉਮਰ ਕੈਦ ਦਾ ਮਤਲਬ ਸਾਰੀ ਉਮਰ ਦੀ ਕੈਦ ਹੀ ਕਿਹਾ ਹੈ ਜਦ ਤੱਕ ਕਿ ਉਮਰ ਕੈਦੀ ਦੀ ਰਿਹਾਈ ਦਾ ਫੈਸਲਾ ਸਬੰਧਤ ਸਰਕਾਰ ਨਹੀਂ ਕਰਦੀ ਭਾਵ ਉਮਰ ਕੈਦੀ ਦੀ ਰਿਹਾਈ ਸਰਕਾਰਾਂ ਹੱਥ ਅਤੇ ਸਰਕਾਰਾਂ ਦੇ ਫੈਸਲੇ ਅਕਸਰ ਪਾਰਟੀਆਂ ਵਲੋਂ ਵੋਟ ਰਾਜਨੀਤੀ ਨੂੰ ਧਿਆਨ ਵਿਚ ਰੱਖ ਕੇ ਕੀਤੇ ਜਾਂਦੇ ਹਨ। ਇਸ ਕਰਕੇ ਹੀ ਬੰਦੀ ਸਿੰਘਾਂ ਦੀ ਕਿਸੇ ਧਿਰ ਦਾ ਵੋਟ ਰਾਜਨੀਤੀ ਵਿਚ ਸਥਾਈ ਦਬਾਅ ਨਾ ਹੋਣ ਕਾਰਨ ਉਮਰ ਕੈਦੀ ਬੰਦੀ ਸਿੰਘਾਂ ਦੀ ਰਿਹਾਈ ਆਏ ਦਿਨ ਟਲ ਰਹੀਂ ਹੈ।

ਜ਼ਿਕਰਯੋਗ ਹੈ ਕਿ ਭਾਰਤੀ ਢੰਡਾਵਲੀ ਸੰਹਿਤਾ ਦੀ ਧਾਰਾ 57 ਦੀ 20 ਸਾਲ ਦੀ ਉਮਰ ਕੈਦ ਦੀ ਵਿਆਖਿਆ ਨੂੰ ਬਦਲਣ ਲਈ ਭਾਰਤੀ ਸੰਸਦ ਵਿਚ ਕੋਈ ਸੋਧ ਬਿੱਲ ਅਜੇ ਤੱਕ ਪੇਸ਼ ਜਾਂ ਪਾਸ ਨਹੀਂ ਹੋਇਆ ਪਰ ਫਿਰ ਵੀ ਇਸਨੂੰ ਮੰਨਣ ਤੋਂ ਭਾਰਤੀ ਤੰਤਰ ਤੇ ਅਦਾਲਤਾਂ ਇਨਕਾਰੀ ਹਨ। ਉਂਝ ਦੇਖਿਆ ਜਾਵੇ ਤਾਂ ਜੇਕਰ ਸਿਆਸੀ ਇੱਛਾ ਸ਼ਕਤੀ ਹੋਵੇ ਤਾਂ ਅਦਾਲਤਾਂ ਵਿਚ ਚੱਲਦੇ ਕੇਸਾਂ ਨੂੰ ਵੀ ਸਰਕਾਰਾਂ ਵਾਪਸ ਲੈ ਕੇ ਵਿਅਕਤੀਆਂ ਨੂੰ ਰਿਹਾਅ ਕਰ ਦਿੰਦੀਆਂ ਹਨ ਅਤੇ ਅਜਿਹਾ ਕਈ ਵਾਰ ਕੇਂਦਰੀ ਤੇ ਰਾਜ ਸਰਕਾਰਾਂ ਨੇ ਕੀਤਾ ਵੀ ਹੈ।

ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਭੁੱਖ ਹੜਤਾਲ ਕਾਰਨ ਜਿਆਦਾ ਭਖਿਆ ਜਿਸ ਕਾਰਨ ਮੁੱਦੇ ਉਪਰ ਕੌਮ ਦਾ ਧਿਆਨ ਵਧਿਆ ਪਰ ਇਸਦਾ ਕੋਈ ਸਾਰਥਕ ਸਿੱਟਾ ਨਾ ਨਿਕਲ ਸਕਿਆ ਤੇ ਕੌਮ ਵਿਚ ਨਿਰਾਸ਼ਾ ਦਾ ਹੀ ਵਾਧਾ ਹੋਇਆ। ਅਣਮਿਥੇ ਸਮੇਂ ਦੀ ਭੁੱਖ ਹੜਤਾਲ ਕਾਰਨ ਜਿਸ ਕਿਸਮ ਦੀਆਂ ਪ੍ਰਾਪਤੀਆਂ ਦਰਸਾਈਆਂ ਜਾ ਰਹੀਆਂ ਹਨ ਉਹ ਪਹਿਲਾਂ ਹੀ ਬੰਦੀ ਸਿੰਘਾਂ ਨੂੰ ਬਿਨਾਂ ਕੋਈ ਰੌਲਾ-ਰੱਪਾ ਪਾਇਆਂ ਕਾਨੂੰਨੀ ਚਾਰਾਜੋਈ ਤੋਂ ਬਿਨਾਂ ਜਾਂ ਕਾਨੂੰਨੀ ਚਾਰਾਜੋਈ ਨਾਲ ਮਿਲ ਰਹੀਆਂ ਸਨ, ਹਾਂ, ਇਹ ਗੱਲ ਜਰੂਰ ਹੈ ਕਿ ਉਹਨਾਂ ਆਮ ਪ੍ਰਾਪਤੀਆਂ ਨੂੰ



ਸਰਕਾਰਾਂ ਜਾਂ ਸਿਆਸੀ ਪਾਰਟੀਆਂ ਨੇ ਸਿੱਖਾਂ ਸਿਰ ਅਹਿਸਾਨ ਦਰਸਾ ਕੇ ਪੇਸ਼ ਕੀਤਾ।

ਪੰਜਾਬ ਸਰਕਾਰ ਨੇ ਹਮੇਸ਼ਾ ਹੀ ਬੰਦੀ ਸਿੰਘਾਂ ਲਈ ਕੁਝ ਕਰਨ ਦੀ ਹਾਲ-ਦੁਹਾਈ ਮਚਾਈ ਹੈ ਪਰ ਜਿੱਥੇ ਕੋਈ ਰਾਹ ਬਣਦਾ ਸੀ ਉਸਨੂੰ ਜਾਣ-ਬੁੱਝ ਕੇ ਬੰਦ ਕੀਤਾ ਹੈ, ਉਦਾਹਰਨ ਵਜੋਂ ਪੰਜਾਬ ਸਰਕਾਰ ਨੇ ਬੰਦੀ ਸਿੰਘਾਂ ਨੂੰ ਰਾਜਸਥਾਨ ਦੀ ਤਰਜ਼ ਉਪਰ ਪੱਕੀ ਪੈਰੋਲ ਦੀ ਗੱਲ ਤਾਂ ਕੀਤੀ ਪਰ ਬਾਅਦ ਵਿਚ ਟਾਲ-ਮਟੋਲ ਕਰਦਿਆਂ ਕਿਹਾ ਕਿ ਅਸੀਂ ਟਾਡਾ ਕੇਸ ਵਾਲਿਆਂ ਜਾਂ ਸੀ.ਬੀ.ਆਈ ਵਲੋਂ ਚਲਾਏ ਕੇਸਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਨੂੰ ਕੋਈ ਰਾਹਤ ਨਹੀਂ ਦੇ ਸਕਦੇ। ਅਸਲ ਵਿਚ ਉਹਨਾਂ ਨੂੰ ਲੱਗਦਾ ਹੈ ਕਿ ਸਿੱਖਾਂ ਦੀਆਂ ਵੋਟਾਂ ਤਾਂ ਸਾਨੂੰ ਵੰਡਵੇਂ ਰੂਪ ਵਿਚ ਹੀ ਪੈਣੀਆਂ ਹਨ, ਕਿਤੇ ਬਹੁਗਿਣਤੀ ਦੀਆਂ ਵੋਟਾਂ ਹੀ ਨਾ ਟੁੱਟ ਜਾਣ।

ਦਿੱਲੀ ਰਾਜ ਦੀ ਸਰਕਾਰ ਵਲੋਂ ਪ੍ਰੋ.ਦਵਿੰਦਰਪਾਲ ਸਿੰਘ ਭੁੱਲਰ ਨੂੰ ਸ੍ਰੀ ਅੰਮ੍ਰਿਤਸਰ ਤਬਦੀਲ ਕਰਨ ਦੀ ਆਮ ਕਾਨੂੰਨੀ ਕਾਰਵਾਈ ਨੂੰ ਵਧਾ-ਚੜ੍ਹਾ ਕੇ ਦਰਸਾਇਆ ਗਿਆ। ਪ੍ਰੋ.ਭੁੱਲਰ ਦੀ ਰਿਹਾਈ ਦਾ ਨਕਸ਼ਾ ਸ੍ਰੀ ਅੰਮ੍ਰਿਤਸਰ ਦੇ ਜੇਲ੍ਹ ਸੁਪਰਡੈਂਟ ਵਲੋਂ ਮਈ 2016 ਵਿਚ ਹੀ ਦਿੱਲੀ ਸਰਕਾਰ ਨੂੰ ਭੇਜ ਦਿੱਤਾ ਸੀ ਪਰ ਦਿੱਲੀ ਸਰਕਾਰ ਨੇ ਉਸ ਉਪਰ ਕੋਈ ਕਾਰਵਾਈ ਕਰਦਿਆਂ ਨਾ ਤਾਂ ਪੱਕੀ ਰਿਹਾਈ ਦੀ ਸਿਫਾਰਸ਼ ਕੀਤੀ ਅਤੇ ਨਾ ਹੀ ਪੱਕੀ ਰਿਹਾਈ ਦਾ ਫੈਸਲਾ ਹੋਣ ਤੱਕ ਪ੍ਰੋ. ਭੁੱਲਰ ਦੀ ਵਿਗੜ ਰਹੀ ਸਿਹਤ, 22 ਸਾਲ ਲੰਬੀ ਕੈਦ ਕੱਟ ਚੁਕਣ ਤੇ ਚੰਗੇ ਆਚਰਣ ਨੂੰ ਆਧਾਰ ਮੰਨ ਕੇ ਪੱਕੀ ਪੈਰੋਲ ਦਿੱਤੀ। ਉਹਨਾਂ ਨੂੰ ਵੀ ਸ਼ਾਇਦ ਉਹੀ ਖਦਸ਼ਾ ਹੋਵੇ ਕਿ ਸਿੱਖਾਂ ਦੀਆਂ ਵੋਟਾਂ ਤਾਂ ਪੈ ਹੀ ਰਹੀਆਂ ਹਨ ਤੇ ਕਿਤੇ ਹੋਰ ਪੱਕੀਆਂ ਕਰਦੇ-ਕਰਦੇ ਬਹੁਗਿਣਤੀਆਂ ਦੀਆਂ ਵੋਟਾਂ ਨਾਰਾਜ਼ ਨਾ ਹੋ ਜਾਣ।

ਕਾਂਗਰਸ ਪਾਰਟੀ ਵਾਲੇ ਵੀ ਬੰਦੀ ਸਿੰਘਾਂ ਦੀ ਰਿਹਾਈ ਦੀ ਦੱਬਵੀਂ ਆਵਾਜ਼ ਵਿਚ ਗੱਲ ਤਾਂ ਕਦੇ ਕਰਦੀ ਹੈ ਪਰ ਭਾਈ ਖੈੜਾ ਜੋ ਸੰਨ 1990 ਤੋਂ ਨਜ਼ਰਬੰਦ ਹਨ, ਦੀ ਰਿਹਾਈ ਦਾ ਕੇਸ ਕਰਨਾਟਕਾ ਦੀ ਕਾਂਗਰਸ ਸਰਕਾਰ ਨੇ ਹੀ ਵਿਚਾਰਣਾ ਹੈ । ਭਾਈ ਖੈੜਾ ਦੀ ਰਿਹਾਈ ਦਾ ਨਕਸ਼ਾ ਸ੍ਰੀ ਅੰਮ੍ਰਿਤਸਰ ਦੇ ਜੇਲ੍ਹ ਸੁਪਰਡੈਂਟ ਵਲੋਂ ਸਤੰਬਰ 2016 ਵਿਚ ਹੀ ਕਰਨਾਟਕਾ ਸਰਕਾਰ ਨੂੰ ਭੇਜ ਦਿੱਤਾ ਸੀ ਪਰ ਕਰਨਾਟਕਾ ਸਰਕਾਰ ਨੇ ਉਸ ਉਪਰ ਕੋਈ ਕਾਰਵਾਈ ਨਹੀਂ ਕੀਤੀ ਅਤੇ ਨਾ ਹੀ ਪੰਜਾਬ ਦੀ ਕਾਂਗਰਸ ਨੇ ਇਸ ਸਬੰਧੀ ਕੋਈ ਹਾਂ-ਪੱਖੀ ਹੁੰਗਾਰਾ ਭਰਿਆ। ਹਾਂ, ਐਨਾ ਜਰੂਰ ਕਿਹਾ ਕਿ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਆਉਂਣ ਤੋਂ ਬਾਅਦ ਬੰਦੀ ਸਿੰਘਾਂ ਦੀ ਰਿਹਾਈ ਨੂੰ ਪਹਿਲ ਦੇ ਆਧਾਰ ਉਪਰ ਵਿਚਾਰਿਆ ਜਾਵੇਗਾ।

ਅਸਲ ਵਿਚ ਸਭ ਬੰਦੀ ਸਿੰਘਾਂ ਦੀ ਪੱਕੀ ਰਿਹਾਈ ਕੇਂਦਰੀ ਸਰਕਾਰ ਵਲੋਂ ਹੀ ਇਸ਼ਾਰਾ ਮਿਲਣ ਨਾਲ ਸੰਭਵ ਹੋਣੀ ਹੈ ਕਿਉਂਕਿ ਕੇਂਦਰ ਦੀ ਭਾਜਪਾ ਸਰਕਾਰ ਸਿੱਖਾਂ ਵਿਚ ਆਪਣੀ ਸਿੱਧੀ ਪੈਂਠ ਬਣਾਉਣਾ ਚਾਹੁੰਦੀ ਹੈ ਕੁਝ ਵਿਦੇਸ਼ੀ ਸਿੱਖਾਂ ਦੇ ਦੱਸਣ ਮੁਤਾਬਕ ਪ੍ਰਧਾਨ ਮੰਤਰੀ ਦੀ ਇੰਗਲੈਂਡ ਫੇਰੀ ਤੋਂ ਬਾਅਦ ਬੰਦੀ ਸਿੰਘਾਂ ਦੀ ਰਿਹਾਈ ਨੂੰ ਆਧਾਰ ਬਣਾ ਕੇ ਸਿੱਖਾਂ ਨੂੰ ਇਕ ਧਿਰ ਮੰਨ ਕੇ 1984 ਦੇ ਘੱਲੂਘਾਰੇ ਤੋਂ ਬਾਅਦ ਉਪਜੇ ਹਾਲਾਤ ਉਪਰ ਗੱਲਬਾਤ ਕਰਨਾ ਚਾਹੁੰਦੀ ਹੈ ਪਰ ਇਸ ਵਿਚ ਸੁਹਿਰਦਤਾ ਕਿੰਨੀ ਹੈ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਅਸਲ ਵਿਚ ਕੇਂਦਰ ਦੀ ਭਾਜਪਾ ਸਰਕਾਰ ਵੀ ਬੰਦੀ ਸਿੰਘਾਂ ਦੀ ਰਿਹਾਈ ਦਾ ਸਿਹਰਾ ਆਪਣੇ ਸਿਰ ਹੀ ਬੰਨਣਾ ਚਾਹੁੰਦੀ ਹੈ, ਉਹ ਤਾਂ ਪੰਜਾਬ ਵਿਚ ਆਪਣੇ ਭਾਈਵਾਲ ਬਾਦਲ ਦਲ ਨੂੰ ਵੀ ਇਸਦਾ ਸਿਹਰਾ ਦੇਣ ਤੋਂ ਇਨਕਾਰੀ ਲੱਗਦੀ ਹੈ, ਕਿਉਂਕਿ ਭਾਈ ਲਾਲ ਸਿੰਘ ਦੀਆਂ ਸਾਰੀਆਂ ਰਿਪੋਰਟਾਂ ਸਹੀ ਹੋਣ ਦੇ ਬਾਵਜੂਦ ਵੀ ਕੇਂਦਰੀ ਗ੍ਰਹਿ ਮੰਤਰਾਲਾ ਉਹਨਾਂ ਦੀ ਰਿਹਾਈ ਦੇ ਫੈਸਲੇ ਦਾ ਐਲਾਨ ਨਹੀਂ ਕਰ ਰਿਹਾ।

ਵੱਖ-ਵੱਖ ਸਰਕਾਰਾਂ ਦੇ ਮੰਤਰੀਆਂ-ਸੰਤਰੀਆਂ ਨੂੰ ਬੰਦੀ ਸਿੰਘਾਂ ਦੀ ਪੱਕੀ ਰਿਹਾਈ ਜਾਂ ਪੱਕੀ ਰਿਹਾਈ ਹੋਣ ਤੱਕ ਪੱਕੀਆਂ ਪੈਰੋਲਾਂ ਲਈ ਕਈ ਵਾਰ ਯਾਦ-ਪੱਤਰ ਦਿੱਤੇ ਗਏ ਹਨ ਪਰ ਹੁਣ ਗੱਲ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਬਾਅਦ ਉੱਤੇ ਹੀ ਕੋਈ ਕਾਰਵਾਈ ਹੋਣ ਉੱਤੇ ਜਾ ਪਈ ਹੈ। ਵੈਸੇ ਤਾਂ ਸਭ ਪਾਰਟੀਆਂ ਵਲੋਂ ਸਿੱਖਾਂ ਤੇ ਪੰਜਾਬ ਨਾਲ ਸਬੰਧਤ ਸਭ ਮੁੱਦਿਆਂ ਨੂੰ ਪਿਛਾਂਹ ਸੁੱਟ ਕੇ ਇਕ-ਦੂਜੇ ਨੂੰ ਭ੍ਰਿਸ਼ਟ ਦਰਸਾਉਂਣ ਦਾ ਪ੍ਰਚਾਰ ਹੀ ਕੀਤਾ ਜਾ ਰਿਹਾ ਹੈ ਪਰ ਬੰਦੀ ਸਿੱਘਾਂ ਦੀ ਰਿਹਾਈ ਦੇ ਮੁੱਦੇ ਨੂੰ ਖਾਸ ਤੌਰ 'ਤੇ ਵਿਸਾਰ ਦਿੱਤਾ ਗਿਆ ਹੈ।

ਬੰਦੀ ਸਿੰਘਾਂ ਦੀ ਰਿਹਾਈ ਲਈ ਸਮੇਂ-ਸਮੇਂ ਆਵਾਜ਼ ਬੁਲੰਦ ਕਰਨ ਵਾਲੇ ਪੰਜਾਬ ਦੇ ਸਾਰੇ ਵੋਟਰਾਂ ਨੂੰ ਅਪੀਲ ਹੈ ਕਿ ਉਹ ਵੋਟਾਂ ਮੰਗਣ ਲਈ ਆਉਂਣ ਵਾਲੇ ਸਭ ਉਮੀਦਵਾਰਾਂ ਅਤੇ ਖਾਸ ਕਰ ਬਾਦਲ-ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਰੂਰ ਪੁੱਛਣ ਕਿ ਉਹਨਾਂ ਦੇ ਮੈਨੀਫੈਸਟੋਆਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਕੋਈ ਪ੍ਰੋਗਰਾਮ ਕਿਉਂ ਨਹੀਂ ਹੈ?

ਅਸਲ ਵਿਚ ਰਿਹਾਈਆਂ ਹੁਣ ਹੋਣੀਆਂ ਹੀ ਹਨ, ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਬਾਅਦ ਕੋਈ ਜਿਆਦਾ ਸਮਾਂ ਨਹੀਂ ਲੱਗਣਾ ਕਿਉਂਕਿ ਇਸ ਮੁੱਦੇ ਨੂੰ ਭਰਪੂਰ ਉਛਾਲ ਦਿੱਤਾ ਜਾ ਚੁੱਕਾ ਹੈ ਅਤੇ ਸਭ ਬੰਦੀ ਸਿੰਘ ਦੀ ਨਜ਼ਰਬੰਦੀ ਵੀ ਆਮ ਨਾਲੋਂ ਜਿਆਦਾ ਹੋ ਗਈ। ਬਸ! ਗੱਲ ਤਾਂ ਇਹ ਹੈ ਕਿ ਇਸਦਾ ਸਿਹਰਾ ਕੌਣ ਲਏਗਾ ਜਾਂ ਕਿਸਨੂੰ ਦਿੱਤਾ ਜਾਵੇਗਾ? ਕਲਗੀਧਰ ਪਿਤਾ ਆਪ ਸਹਾਈ ਹੋਵੇ।

# ਕੀ ਤਬਦੀਲੀ ਦਾ ਰੁਝਾਨ ਰਾਹਤਕਾਰੀ ਵੀ ਹੋਵੇਗਾ?

**ਅਕਾਲੀ-ਭਾਜਪਾ ਗਠਜੋੜ ਵਿਰੁੱਧ ਸਥਾਪਤੀ-ਵਿਰੋਧੀ ਭਾਰੀ ਲਹਿਰ ਪਾਈ ਜਾ ਰਹੀ ਹੈ। ਇਹ ਗਠਜੋੜ ਆਪਣੇ ਚੁਣਾਵੀ ਵਾਟਰਲੂ ਤੋਂ ਬਹੁਤਾ ਦੂਰ ਨਹੀਂ। ਦੂਜਾ, ਆਮ ਆਦਮੀ ਪਾਰਟੀ, ਜਿਹੜੀ ਛੇ ਕੁ ਮਹੀਨੇ ਪਹਿਲਾਂ ਸੱਤਾਧਾਰੀ ਗਠਜੋੜ ਦੇ ਮੁਕਾਬਲੇ ਸਭ ਤੋਂ ਅੱਗੇ ਵਿਖਾਈ ਦੇ ਰਹੀ ਸੀ, ਹੁਣ ਉਸ ਸਥਾਨ ਤੋਂ ਖਿਸਕ ਕੇ ਹੇਠਾਂ ਚਲੀ ਗਈ ਹੈ। ਸੀ.ਐੱਸ.ਡੀ.ਐੱਸ. ਦਾ ਸਰਵੇਖਣ ਦਰਸਾਉਂਦਾ ਹੈ ਕਿ ਇਸ ਨੂੰ ਕੇਵਲ ਪੰਜਾਬ ਦੇ ਮਾਲਵਾ ਖ਼ਿੱਤੇ ਦੇ ਕੇਂਦਰੀ ਜ਼ਿਲ੍ਹਿਆਂ ਵਿੱਚ ਹੀ ਵਧੇਰੇ ਹਮਾਇਤ ਮਿਲ ਰਹੀ ਹੈ, ਪੂਰਬੀ ਅਤੇ ਪੱਛਮੀ ਮਾਲਵਾ ਵਿੱਚ ਨਹੀਂ ਅਤੇ ਨਾ ਹੀ ਮਾਝੇ ਤੇ ਦੋਆਬੇ ਵਿੱਚ। ਤੀਜਾ, ਇਨ੍ਹਾਂ ਜ਼ਿਲ੍ਹਿਆਂ ਤੋਂ ਬਾਹਰ, ਕਾਂਗਰਸ ਹੀ ਸਭ ਤੋਂ ਅੱਗੇ ਵਿਖਾਈ ਦੇ ਰਹੀ ਹੈ।**

**ਯੋਗੇਂਦਰ ਯਾਦਵ**

ਕੀ ਪੰਜਾਬ ਵਿੱਚ ਉਹ ਤਬਦੀਲੀ ਆਵੇਗੀ, ਜਿਸ ਦੀ ਪਿਛਲੇ ਲੰਮੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਹੈ ਤੇ ਜਿਸ ਲਈ ਹੁਣ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ? ਇਸ ਵੇਲੇ ਇਹੋ ਵੱਡਾ ਸੁਆਲ ਹੈ, ਜੋ 4 ਫ਼ਰਵਰੀ ਨੂੰ ਪੰਜਾਬ ਵਿਧਾਨ ਸਭਾ ਦੀ ਚੋਣ ਲਈ ਪੈਣ ਵਾਲੀਆਂ ਵੋਟਾਂ ਤੋਂ ਪਹਿਲਾਂ ਪੁੱਛਿਆ ਜਾ ਰਿਹਾ ਹੈ। ਇਹ ਕੋਈ ਆਮ ਚੋਣਾਂ ਨਹੀਂ ਹਨ। ਜੇ ਵੱਧ ਨਹੀਂ ਤਾਂ ਪੰਜਾਬ ਵਿਚ ਰਹਿੰਦੇ ਅਤੇ ਪੰਜਾਬ ਤੋਂ ਬਾਹਰ ਵੱਸਦੇ ਸਮੂਹ ਪੰਜਾਬੀ ਇਨ੍ਹਾਂ ਚੋਣਾਂ ਦੀ ਉਡੀਕ ਘੱਟੋ-ਘੱਟ ਤਿੰਨ ਕੁ ਸਾਲਾਂ ਤੋਂ ਤਾਂ ਕਰ ਹੀ ਰਹੇ ਹਨ। ਉਨ੍ਹਾਂ ਨੇ ਇਨ੍ਹਾਂ ਚੋਣਾਂ ਨਾਲ ਆਪਣੀਆਂ ਵੱਡੀਆਂ ਆਸਾਂ ਜੋੜ ਲਈਆਂ ਹਨ। ਸਭ ਨੂੰ ਨਾ ਕੇਵਲ ਸਰਕਾਰ ਬਦਲਣ ਦਾ ਅਨੁਮਾਨ ਹੈ ਸਗੋਂ ਸਿਆਸਤ ਦੀ ਪ੍ਰਕਿਰਤੀ ਵਿੱਚ ਵੱਡੀ ਤਬਦੀਲੀ ਆਉਣ ਦੀਆਂ ਆਸਾਂ ਵੀ ਰੱਖੀਆਂ ਜਾ ਰਹੀਆਂ ਹਨ। ਭਾਵੇਂ ਸਮੂਹ ਪੰਜਾਬੀ ਇਸ ਸੁਆਲ ਦਾ ਜੁਆਬ ਆਉਂਦੀ 4 ਫ਼ਰਵਰੀ ਨੂੰ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਵਿੱਚ ਕੈਦ ਕਰ ਦੇਣਗੇ ਅਤੇ ਫਿਰ ਉਸ ਜੁਆਬ ਦੇ ਨਤੀਜੇ ਦੀ ਬਹੁਤ ਔਖੀ ਜਿਹੀ ਉਡੀਕ ਇੱਕ ਮਹੀਨਾ ਹੋਰ ਕਰਨੀ ਪਵੇਗੀ; ਫਿਰ ਵੀ ਹੁਣ ਸਾਰਾ ਦ੍ਰਿਸ਼ ਹੌਲੀ-ਹੌਲੀ ਪ੍ਰਤੱਖ ਹੋਣਾ ਸ਼ੁਰੂ ਹੋ ਗਿਆ ਹੈ।

ਨਵਜੋਤ ਸਿੰਘ ਸਿੱਧੂ ਆਖ਼ਰ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ ਅਤੇ ਸਾਰੇ ਉਮੀਦਵਾਰਾਂ ਦੀਆਂ ਸੂਚੀਆਂ ਵੀ ਜਾਰੀ ਹੋ ਗਈਆਂ ਹਨ। ਹੁਣ ਆਪਣਾ ਪ੍ਰਭਾਵ ਛੱਡਣ ਵਾਲਾ ਅਜਿਹਾ ਕੋਈ ਵੀ ਸੰਭਾਵੀ ਉਮੀਦਵਾਰ ਬਾਕੀ ਨਹੀਂ ਰਹਿ ਗਿਆ ਹੈ। ਇਨ੍ਹਾਂ ਚੋਣਾਂ ਲਈ ਸੀ.ਐੱਸ.ਡੀ.ਐੱਸ.-ਲੋਕਨੀਤੀ ਨੇ ਏ.ਬੀ.ਪੀ. ਨਿਊਜ਼ ਵਾਸਤੇ ਅਤੇ ਐਕਸਿਸ ਨੇ ਆਜ ਤੱਕ/ਇੰਡੀਆ ਟੂਡੇ ਹਿਤ ਲੋਕ-ਸਰਵੇਖਣ ਕੀਤੇ ਹਨ। ਇਹ ਦੋਵੇਂ ਹੀ ਏਜੰਸੀਆਂ ਬਹੁਤ ਜਾਣੀਆਂ-ਪਛਾਣੀਆਂ ਹਨ ਤੇ ਭਰੋਸੇਯੋਗ ਨਿਊਜ਼-ਸੰਗਠਨ ਹਨ। ਪਰ ਇਨ੍ਹਾਂ ਦੋਵੇਂ ਹੀ ਚੋਣ ਸਰਵੇਖਣਾਂ ਰਾਹੀਂ ਇੱਕ-ਦੂਜੇ ਤੋਂ ਬਿਲਕੁਲ ਉਲਟ ਅਨੁਮਾਨ ਸਾਹਮਣੇ ਆਏ ਹਨ।

ਦੋਵੇਂ ਹੀ ਚੋਣ ਸਰਵੇਖਣ ਇਸ ਮੁੱਦੇ 'ਤੇ ਤਾਂ ਸਹਿਮਤ ਹਨ ਕਿ ਇਸ ਵਾਰ ਮੁਕਾਬਲਾ ਤਿਕੋਣਾ ਹੈ, ਪਰ ਅਨੁਮਾਨਾਂ ਅਨੁਸਾਰ ਉਨ੍ਹਾਂ ਦੀ ਪੁਜ਼ੀਸ਼ਨ ਵਿਖਾਉਣ ਵਿੱਚ ਇਨ੍ਹਾਂ ਏਜੰਸੀਆਂ ਵਿਚਾਲੇ ਤਿੱਖੇ ਮਤਭੇਦ ਹਨ: ਸੀ.ਐੱਸ.ਡੀ.ਐੱਸ. ਨੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਗਠਜੋੜ ਨੂੰ ਸਿਖ਼ਰ 'ਤੇ ਰੱਖਿਆ ਹੈ, ਜਦੋਂਕਿ ਐਕਸਿਸ ਨੇ ਇਸ ਗਠਜੋੜ ਨੂੰ ਸਭ ਤੋਂ ਹੇਠਾਂ ਵਿਖਾਇਆ ਹੈ। ਉਂਜ ਦੋਵੇਂ ਹੀ ਸਰਵੇਖਣ ਇਹ ਆਖਦੇ ਹਨ ਕਿ ਕਾਂਗਰਸ ਇਸ ਵੇਲੇ ਸਪਸ਼ਟ ਤੌਰ 'ਤੇ ਆਮ ਆਦਮੀ ਪਾਰਟੀ ਤੋਂ ਅੱਗੇ ਚੱਲ ਰਹੀ ਹੈ; ਸੀ.ਐੱਸ.ਡੀ.ਐੱਸ. ਅਨੁਸਾਰ ਇਹ ਵਾਧਾ 10 ਫ਼ੀਸਦੀ ਅੰਕਾਂ ਦਾ ਹੈ, ਜਦੋਂਕਿ ਐਕਸਿਸ ਇਹ ਫ਼ਰਕ 6 ਅੰਕਾਂ ਦੀ ਦੱਸ ਰਿਹਾ ਹੈ। ਦੋਵਾਂ ਹੀ ਸਰਵੇਖਣਾਂ ਨੇ ਇੱਕ 'ਲਟਕਵੀਂ ਵਿਧਾਨ ਸਭਾ' ਦੀ ਭਵਿੱਖਬਾਣੀ ਕੀਤੀ ਹੈ। ਸੀ.ਐੱਸ.ਡੀ.ਐੱਸ. ਸਰਵੇਖਣ ਦਾ ਅਨੁਮਾਨ ਹੈ ਕਿ ਸੱਤਾਧਾਰੀ ਪਾਰਟੀ ਬਹੁਮਤ ਦੇ ਬਿਲਕੁਲ ਨੇੜੇ ਪੁੱਜ ਜਾਵੇਗੀ ਤੇ ਉਸ ਨੂੰ 50 ਤੋਂ 58 ਸੀਟਾਂ ਮਿਲਣਗੀਆਂ, ਉਸ ਤੋਂ ਬਾਅਦ ਕਾਂਗਰਸ ਨੂੰ 41 ਤੋਂ 49 ਸੀਟਾਂ ਮਿਲਣਗੀਆਂ ਤੇ ਉਹ ਬਹੁਮਤ ਤੋਂ 12 ਤੋਂ 18 ਸੀਟਾਂ ਪਿਛਾਂਹ ਰਹਿ ਜਾਵੇਗੀ। ਐਕਸਿਸ ਦਾ ਸਰਵੇਖਣ ਕਾਂਗਰਸ ਨੂੰ ਬਹੁਮਤ ਦੇ ਕੁਝ ਨੇੜੇ ਦੱਸਦਿਆਂ ਉਸ ਨੂੰ 49 ਤੋਂ 55 ਸੀਟਾਂ ਮਿਲਣ ਦਾ ਅਨੁਮਾਨ ਲਾ ਰਿਹਾ ਹੈ ਜਦੋਂਕਿ ਆਮ ਆਦਮੀ ਪਾਰਟੀ ਨੂੰ ਉਸ ਨੇ 42 ਤੋਂ 46 ਸੀਟਾਂ ਦਿੱਤੀਆਂ ਹਨ, ਪਰ ਅਕਾਲੀ-ਭਾਜਪਾ ਗਠਜੋੜ ਨੇ ਉਸ ਨੂੰ ਕੇਵਲ 17 ਤੋਂ 21 ਸੀਟਾਂ ਨਾਲ ਤੀਜੇ ਸਥਾਨ 'ਤੇ ਰੱਖਿਆ ਹੈ (ਨਾਲ ਦਿੱਤੀ ਸਾਰਣੀ ਵੇਖੋ)।

ਇਨ੍ਹਾਂ ਦੋਵੇਂ ਚੋਣ ਸਰਵੇਖਣਾਂ ਦੇ ਨਤੀਜੇ ਬਿਲਕਲ ਉਲਟ ਤਸਵੀਰ ਪੇਸ਼ ਕਰਦੇ ਹਨ। ਪਰ ਦਰਅਸਲ, ਇਹ ਦੋਵੇਂ ਹੀ ਸਰਵੇਖਣ ਦੋ ਵਿਭਿੰਨ ਚੀਜ਼ਾਂ ਕਰ ਰਹੇ ਹਨ ਅਤੇ ਉਹ ਇੱਕ-ਦੂਜੇ ਦੇ ਅਨੁਰੂਪ ਹਨ। ਸੀ.ਐੱਸ.ਡੀ.ਐੱਸ. ਨੇ ਤਾਂ ਸਪੱਸ਼ਟ ਰਿਪੋਰਟਿੰਗ ਕੀਤੀ ਹੈ, ਜਦੋਂਕਿ ਐਕਸਿਸ ਨੇ ਅੰਕੜਿਆਂ ਦੀ ਵਿਆਖਿਆ ਵੀ ਕੀਤੀ ਹੈ। ਐਕਸਿਸ-ਇੰਡੀਆ ਟੂਡੇ ਚੋਣ ਸਰਵੇਖਣ ਨੇ ਫ਼ਰਵਰੀ ਮਹੀਨੇ ਹੋਣ ਵਾਲੀਆਂ ਚੋਣਾਂ ਦੇ ਸੰਭਾਵੀ ਅਨੁਮਾਨ ਲਾਉਣ ਲਈ ਦਸੰਬਰ ਮਹੀਨੇ ਦੇ ਅੰਕੜਿਆਂ ਨੂੰ ਵਰਤਿਆ ਹੈ, ਜਦੋਂਕਿ ਸੀ.ਐੱਸ.ਡੀ.ਐੱਸ.-ਏ.ਬੀ.ਪੀ. ਨੇ ਕੇਵਲ ਦਸੰਬਰ ਮਹੀਨੇ ਦੌਰਾਨ ਵੋਟਰਾਂ ਦੇ ਇੱਛਤ ਰੁਝਾਨ ਦੀ ਰਿਪੋਰਟਿੰਗ ਕੀਤੀ ਹੈ।

ਬਾਕੀ ਸਫ਼ਾ 32 'ਤੇ



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

VISA IN ONE DAY



Indian Passport




India Visa in 1 Day



OCI



US Passport

Power of Attorney & Other Services

510.677.8440

| 40757, Grimmer Blvd. | 3810 Eau Claire Ave, Ceres, | 220 Bush St/Montgomery St, #445 |
|---|---|---|
| FREMONT | MODESTO/CERES | SAN FRANCISCO |
| CA-94538 | CA-95307 | (OPPOSITE INDIA VISA CENTER) |

RADIO GAL PUNJAB DI USA

# LISTEN & SUPPORT
# ਨਿਰਪੱਖ

## ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ ਧਾਰਮਿਕ, ਰਾਜਨੀਤਿਕ, ਸਮਾਜਿਕ

ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉਘੀਆਂ ਸਖ਼ਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

001-510-541-7344

galpunjabdi1@gmail.com

www.radiogalpunjabdiusa.com

Download App From

STAFF/PARTNERS
NEEDED AROUND THE WORLD

ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

Free announcements for Religious, Political, and Social Events

CHAAT BHAVAN RESTAURANT

# CHAAT BHAVAN®

## Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

| 5355 MOWRY AVENUE • FREMONT | 976 E. EL CAMINO REAL • SUNNYVALE | 4112 GRAFTON ST • DUBLIN |
|---|---|---|
| 510.795.1100 | 408.795.1100 | 925.829.1700 |

WWW.CHAATBHAVAN.COM

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ ॥

# ਅਮੈਰਕਿਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ ਜੀ ਪੀ ਸੀ)

## ਸਾਕਾ ਨਕੋਦਰ ਦੇ ਸ਼ਹੀਦਾਂ ਦੀ 31ਵੀਂ ਬਰਸੀ ਮੌਕੇ

## "ਸ੍ਰੀ ਗੁਰੂ ਗਰੰਥ ਸਾਹਿਬ ਦੇ ਬੇਅਦਬੀ ਅਤੇ ਸਿੱਖ ਪ੍ਰਤੀਕਰਮ 1986 -2017" ਵਿਸ਼ੇ 'ਤੇ ਸੈਮੀਨਾਰ


ਭਾਈ ਰਵਿੰਦਰ ਸਿੰਘ ਲਿੱਤਰਾਂ


ਭਾਈ ਹਰਮਿੰਦਰ ਸਿੰਘ ਚਲੁਪੁਰ


ਭਾਈ ਬਲਧੀਰ ਸਿੰਘ ਰਾਮਗੜ੍ਹ


ਭਾਈ ਝਿਲਮਣ ਸਿੰਘ ਗੋਰਸੀਆਂ

**ਮੁੱਖ ਬੁਲਾਰੇ**

ਸਿੱਖੀ ਵਿੱਚ ਸ਼ਹੀਦੀ ਦਾ ਸੰਕਲਪ
- ਡਾ. ਅਮਰਜੀਤ ਸਿੰਘ

ਸਾਕਾ ਨਕੋਦਰ ਦਿਹਾੜਾ
-ਡਾ.ਹਰਿੰਦਰ ਸਿੰਘ

ਮਿਤੀ 4 ਫਰਵਰੀ 2017, ਦਿਨ ਸ਼ਨਿਚਰਵਾਰ, ਸ਼ਾਮੀ 4:00 ਵਜੇ ਤੋਂ 6:00 ਵਜੇ ਤੱਕ

ਸਥਾਨ: ਗੁਰਦੁਆਰਾ ਸਿੰਘ ਸਭਾ ਬੇ-ਏਰੀਆ, 680 ਈਸਟ ਕੈਲਾਵੇਰਸ ਬੁਲੇਵਾਰਡ, ਮਿਲਪੀਟਸ, ਕੈਲੀਫੋਰਨੀਆ 95035

ਸਾਕਾ ਨਕੋਦਰ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਮਾਤਾ-ਪਿਤਾ ਜੀ ਬਾਪੂ ਬਲਦੇਵ ਸਿੰਘ ਅਤੇ ਮਾਤਾ ਬਲਦੀਪ ਕੌਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ - ਡਾ. ਹਰਿੰਦਰ ਸਿੰਘ ਫੋਨ ਨੰਬਰ : (408) 461-7071**

## ਵਲੋਂ : ਅਮੈਰਕਿਨ ਗੁਰਦੁਆਰਾ ਪ੍ਰਬੰਧਕ ਕਮੇਟੀ

ਸਤਿਗੁਰ ਆਗੇ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥

# ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ

**300 Gurdwara Road, Fremont, CA 94536, Phone : 510-790-0177**


ਭਾਈ ਰਵਿੰਦਰ ਸਿੰਘ ਲਿੱਤਰਾਂ


ਭਾਈ ਹਰਮਿੰਦਰ ਸਿੰਘ ਚਲੁਪੁਰ


ਭਾਈ ਬਲਧੀਰ ਸਿੰਘ ਰਾਮਗੜ੍ਹ


ਭਾਈ ਝਿਲਮਣ ਸਿੰਘ ਗੋਰਸੀਆਂ

ਸਾਕਾ ਨਕੋਦਰ ਦੇ ਸ਼ਹੀਦਾਂ ਦੀ ਪਾਵਨ ਯਾਦ 'ਚ

## 31ਵੀਂ ਸ਼ਹੀਦੀ ਕਾਨਫਰੰਸ

05 ਫਰਵਰੀ, 2017 ਦਿਨ ਐਤਵਾਰ

ਸਮਾਂ: ਸਵੇਰੇ 10:00 ਵਜੇ

## ਵਿਸ਼ੇਸ਼ ਸਨਮਾਨ

ਵਲੋਂ

**ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ.**

(ਸੰਚਾਲਕ ਖ਼ਾਲਿਸਤਾਨ ਅਫੇਰਜ਼ ਸੈਂਟਰ)

*ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਸ਼ਹੀਦੀ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਇਨ੍ਹਾਂ ਸੂਰਬੀਰ ਯੋਧਿਆਂ, ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਆਪਾ ਵਾਰਿਆ, ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ ਜੀ ।*

**ਬੇਨਤੀ ਕਰਤਾ : ਸਮੂਹ ਸਿੱਖ ਸੰਗਤ ਬੇ-ਏਰੀਆ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਕਮੇਟੀ**

# ਚਾਰ ਸਾਲਾਂ ਮਗਰੋਂ ਪੰਜਾਬ ਦੀ ਝਾਕੀ ਗਣਤੰਤਰ ਦਿਵਸ ਪਰੇਡ ਵਿਚ ਸ਼ਾਮਲ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਚਾਰ ਸਾਲ ਦੇ ਵਕਫ਼ੇ ਤੋਂ ਬਾਅਦ ਇਸ ਵਾਰ ਪੰਜਾਬ ਦੇ ਰਵਾਇਤੀ ਨਾਚ ਅਤੇ ਖੁਸ਼ੀਆਂ-ਖੇੜਿਆਂ ਦੀ ਝਲਕ ਗਣਤੰਤਰ ਦਿਵਸ ਦੀ ਪਰੇਡ ਦੇ ਮੌਕੇ ਵੇਖਣ ਨੂੰ ਮਿਲੇਗੀ।'ਜਾਗੋ ਆਈ ਆ' ਦੇ ਮੂਲ ਵਿਸ਼ੇ 'ਤੇ ਆਧਾਰਤ ਪੰਜਾਬ ਦੀ ਝਾਕੀ 26 ਜਨਵਰੀ ਨੂੰ ਪੰਜਾਬੀ ਸਭਿਆਚਾਰ ਦੀ ਨੁਮਾਇੰਦਗੀ ਕਰੇਗੀ। ਪੰਜਾਬੀ ਵਿਆਹਾਂ ਮੌਕੇ ਜਾਗੋ ਵਿਆਹ ਤੋਂ ਇਕ ਰਾਤ ਪਹਿਲਾਂ ਕੱਢੀ ਜਾਂਦੀ ਹੈ, ਜਿਸ ਵਿਚ ਲਾੜੇ ਜਾਂ ਵਹੁਟੀ ਦੇ ਰਿਸ਼ਤੇਦਾਰ ਅਤੇ ਦੋਸਤ ਪੂਰੇ ਪਿੰਡ ਵਿਚ ਸਿਰ 'ਤੇ ਇਕ ਜਗਦੇ ਦੀਵਿਆਂ ਵਾਲੀ ਗਾਗਰ ਚੁੱਕ ਕੇ ਲੋਕਾਂ ਨੂੰ ਆਪਣੀਆਂ ਖੁਸ਼ੀਆਂ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਨ। ਇਸ ਜਾਗੋ ਦੀ ਝਾਕੀ ਵਿਚ ਸਭ ਤੋਂ ਅੱਗੇ 4 ਔਰਤਾਂ ਰਵਾਇਤੀ ਪੰਜਾਬੀ ਪੁਸ਼ਾਕਾਂ ਵਿਚ ਜਾਗੋ ਸਿਰ 'ਤੇ ਰੱਖ ਕੇ ਨਾਚ ਕਰਦੀਆਂ ਨਜ਼ਰ ਆ ਰਹੀਆਂ ਹਨ। ਇਸ ਦੇ ਨਾਲ ਹੀ ਚਾਰ ਗਾਗਰਾਂ ਜਾਗੋ ਦੀ ਤਰਜ਼ 'ਤੇ ਸਜਾਈਆਂ ਗਈਆਂ ਹਨ। ਝਾਕੀ ਦੇ ਆਖ਼ਰ ਵਿਚ ਪਿੰਡ ਦੇ ਇਕ ਰਵਾਇਤੀ ਘਰ ਨੂੰ ਵਿਆਹ ਦੇ ਮਾਹੌਲ ਵਿਚ ਸਜਾਇਆ ਗਿਆ ਹੈ। ਘਰ ਦੀਆਂ ਕੰਧਾਂ ਨੂੰ ਵੀ ਪੰਜਾਬੀ ਕਲੇਵਰ ਵਿਚ ਰੰਗਿਆ ਗਿਆ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ 2012 ਵਿਚ ਪੰਜਾਬ ਦੀ ਝਾਕੀ ਗਣਤੰਤਰ ਦਿਵਸ ਦੀ ਪਰੇਡ ਵਿਚ ਸ਼ਾਮਲ ਹੋਈ ਸੀ। ਉਸ ਤੋਂ ਬਾਅਦ ਰਾਜ ਸਰਕਾਰ ਵੱਲੋਂ ਬਾਬਾ ਫ਼ਰੀਦ, ਵਿਸਾਖੀ, ਖ਼ਾਲਸਾ ਵਿਰਾਸਤ, ਮਾਈ ਭਾਗੋ, ਪ੍ਰਵਾਸੀ ਪੰਛੀਆਂ ਸਮੇਤ ਕਈ ਵਿਸ਼ਿਆਂ 'ਤੇ ਪੰਜਾਬ ਵੱਲੋਂ ਲਗਾਤਾਰ ਗਣਤੰਤਰ ਦਿਵਸ ਦਾ ਹਿੱਸਾ ਬਣਨ ਦੀ ਕੋਸ਼ਿਸ਼ ਕੀਤੀ ਗਈ ਸੀ। ਪੰਜਾਬ ਨੂੰ 2017 ਵਿਚ ਇਸ ਦੇ ਜਾਗੋ ਥੀਮ ਨੂੰ ਕੇਂਦਰ



ਵੱਲੋਂ ਹਰੀ ਝੰਡੀ ਮਿਲ ਗਈ ਹੈ। ਪੰਜਾਬ ਤੋਂ ਇਲਾਵਾ ਦਿੱਲੀ ਵੀ 3 ਸਾਲਾਂ ਦੇ ਵਕਫ਼ੇ ਤੋਂ ਬਾਅਦ ਗਣਤੰਤਰ ਦਿਵਸ ਦੀ ਪਰੇਡ ਦਾ ਹਿੱਸਾ ਬਣ ਰਹੀ ਹੈ। ਸਿੱਖਿਆ ਵਿਚ ਕ੍ਰਾਂਤੀਕਾਰੀ ਬਦਲਾਅ ਦਾ ਦਾਅਵਾ ਕਰਨ ਵਾਲੀ ਦਿੱਲੀ ਸਰਕਾਰ ਨੇ ਆਪਣੀ ਝਾਕੀ ਦਾ ਥੀਮ ਵੀ ਆਦਰਸ਼ ਸਕੂਲ ਹੀ ਰੱਖਿਆ ਹੈ। ਜਦਕਿ ਲਕਸ਼ਦੀਪ ਜੋ ਕਿ 23 ਸਾਲਾਂ ਬਾਅਦ ਪਰੇਡ ਵਿਚ ਸ਼ਾਮਲ ਹੋ ਰਿਹਾ ਹੈ, ਉਸ ਦੀ ਝਾਕੀ ਰਾਜ ਦੀ ਕੁਦਰਤੀ ਖ਼ੂਬਸੂਰਤੀ ਅਤੇ ਸੈਰ-ਸਪਾਟੇ 'ਤੇ ਆਧਾਰਤ ਹੈ। ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਤੋਂ ਇਲਾਵਾ ਓਡੀਸ਼ਾ, ਅਰੁਣਾਚਲ ਪ੍ਰਦੇਸ਼, ਮਹਾਂਰਾਸ਼ਟਰ, ਮਨੀਪੁਰ, ਗੁਜਰਾਤ, ਕਰਨਾਟਕ, ਪੱਛਮੀ ਬੰਗਾਲ, ਤਾਮਿਲਨਾਡੂ, ਗੋਆ, ਤ੍ਰਿਪੁਰਾ, ਜੰਮੂ-ਕਸ਼ਮੀਰ ਅਤੇ ਆਸਾਮ ਵੀ ਸ਼ਾਮਲ ਹਨ। ਰਾਜਾਂ ਤੋਂ ਇਲਾਵਾ ਪਰੇਡ ਵਿਚ ਸ਼ਿਰਕਤ ਕਰਨ ਵਾਲੇ ਮੰਤਰਾਲਿਆਂ ਵਿਚ ਆਬਕਾਰੀ ਅਤੇ ਮਹਿਸੂਲ ਬਾਰੇ ਕੇਂਦਰੀ ਬੋਰਡ, ਬਹੁਤ ਛੋਟੇ-ਛੋਟੇ ਅਤੇ ਦਰਮਿਆਨੇ ਇੰਟਰਪ੍ਰਾਈਜ਼ਜ਼ ਬਾਰੇ ਮੰਤਰਾਲਾ, ਸ਼ਹਿਰੀ ਮਕਾਨ ਉਸਾਰੀ ਤੇ ਗ਼ਰੀਬੀ ਨਿਵਾਰਣ ਮੰਤਰਾਲਾ ਕੇਂਦਰੀ ਜਨਤਕ ਕਾਰਜ ਵਿਭਾਗ ਅਤੇ ਹੁਨਰ ਵਿਕਾਸ ਬਾਰੇ ਮੰਤਰਾਲੇ ਸ਼ਾਮਲ ਹਨ।


ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ ਚੰਡੀਗੜ੍ਹ

ਰੋਗ ਨਿਵਾਰਨ ਕੈਂਪ



Founder president
S. Hardial Singh JI
IAS Retd.

ਕੈਂਪਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜੂਰੀ ਅੰਦਰ ਸੰਗਤੀ ਰੂਪ ਵਿਚ ਪਾਠ ਸ੍ਰੀ ਸੁਖਮਨੀ ਸਾਹਿਬ, ਰੋਗ ਨਵ੍ਰਿਤੀ ਸ਼ਬਦ ਜਾਪ, ਨਾਮ ਜਾਪ ਅਤੇ ਗੁਰਮਤਿ ਵੀਚਾਰਾਂ ਦੇ ਨਾਲ ਨਾਲ, ਰੋਗਾਂ ਦੇ ਮੂਲ ਕਾਰਨਾ ਦੀ ਵੀਚਾਰ ਵੀ ਹੁੰਦੀ ਹੈ।ਸਤਿਗੁਰੂ ਪਾਤਸ਼ਾਹ ਜੀ ਦੀ ਮਿਹਰ ਸਦਕਾ ਅਧਿਆਤਮਕ ਮਾਰਗ ਦੀ ਵਡਮੁੱਲੀ ਬਖਸ਼ਿਸ਼ ਪ੍ਰਾਪਤ ਗੁਰਮੁਖ ਸ. ਹਰਦਿਆਲ ਸਿੰਘ ਜੀ (IAS Retd.) ਦੀ ਪ੍ਰੇਰਣਾ ਸਦਕਾ 1983 ਤੋਂ ਭਾਰਤ ਅਤੇ 1995 ਤੋਂ ਵਿਦੇਸ਼ਾਂ ਵਿੱਚ ਲਗਦੇ ਕੈਂਪਾਂ ਵਿੱਚ ਹਾਜ਼ਰੀ ਭਰ ਕੇ ਹੁਣ ਤੱਕ ਅਨੇਕਾਂ ਪ੍ਰਾਣੀ ਸਾਧ/ਅਸਾਧ ਰੋਗਾਂ ਤੋਂ ਰਾਹਤ ਪ੍ਰਾਪਤ ਕਰ ਚੁੱਕੇ ਹਨ। ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਕੈਂਪਾਂ ਵਿਚ ਹਾਜ਼ਰੀ ਭਰ ਕੇ ਦੁੱਖਾਂ/ ਰੋਗਾਂ ਤੋਂ ਰਾਹਤ ਅਤੇ ਨਾਮ / ਗੁਰਬਾਣੀ ਦੀ ਸੋਝੀ ਪ੍ਰਾਪਤ ਕਰਨ ਦੇ ਅਮੁੱਲ ਅਵਸਰ ਦਾ ਲਾਹਾ ਪ੍ਰਾਪਤ ਕਰੋ ਜੀ।



Dr. Balwant Singh JI
Head of Ludhiana branch

ਨੋਟ: ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸਬੰਧੀ ਕੋਈ ਵੀ ਫੈਸਲਾ ਵੀਰ ਭੈਣ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰਨ।

DR. BALWANT SINGH JI WILL PARTICIPATE IN CAMP
DR. BALWAT SINGH JI 248-982-5942 EMAIL: info@gurunanakhealing.com

CAMPS IN SOUTHERN CALIFORNIA

1. SIKH TEMPLE OF BAKERSFIELD
2400 S P STREET, BAKERSFIELD, CA
BHAI HARBHAJAN SINGH 661-855-9039 BHAI MANDEEP SINGH 661-397-8651
FEBRUARY 1 TO 4 ,2017 TIME: 3:30 PM TO 8 PM

2. KHALSA CARE FOUNDATION
9989 LAUREL CANYON BLVD. PACOIMA,CA
BHAI VARINDER SINGH 818-527-0181 BHAI BALDEV SINGH 818-468-9595
FEBRUARY 5 TO 8,2017 TIME: 3:30 PM TO 8 PM

3. GURUDWARA SAHIB ROSEMEAD
9304 MISSION DR. ROSEMEAD,CA
BHAI RAM SINGH 714-883-9805
FEBRUARY 9 TO 12, 2017 TIME: 3:30 PM TO 8PM

INFORMATION FOR ALL CAMPS CONTACT:
BHAI RAM SINGH714-883-9805

SARAB ROG KA AUKHAD NAAM IPTV IS AVAILABLE ON ALL IP BOXES AND GURBANIHEALING.COM

HEAD OFFICE CANADA:
14 AUTOMATIC ROAD UNIT 50, BRAMPTON, ONTARIO L6S 5N5, PH: 647-527-1517
EMAIL: INFO@GURBANIHEALING.COM WWW.GURBANIHEALING .COM
INFO@GURUNANAKHEALING.COM WWW.GURUNANAKHEALING.COM
WWW.CURESBYGURBANI.COM


## ਜਗਦੇਵ ਸਿੰਘ ਧੰਜਲ ਦਾ ਨਵਾਂ ਗੀਤ "ਪੰਜਾਬ ਦਾ ਬੂਟਾ" ਲੋਕ ਅਰਪਨ




**ਫਰਿਜ਼ਨੋ/(ਨੀਟਾ ਮਾਛੀਕੇ/ਕੁਲਵੰਤ ਧਾਲੀਆ):** ਪੰਜਾਬ ਵਿੱਚ ਚੋਣਾਂ ਦੌਰਾਨ ਵੱਡੀ ਰਾਜਸੀ ਤਬਦੀਲੀ ਦਾ ਹੋਕਾ ਦੇਣ ਬਾਰੇ ਗ਼ਜ਼ਲਗੋ ਜਗਦੇਵ ਸਿੰਘ ਨੇ ਪੱਪੀ ਭਦੌੜ ਦੀ ਕਲਮ ਤੋਂ ਲਿਖਿਆ ਗੀਤ "ਪੰਜਾਬ ਦਾ ਬੂਟਾ" ਐਮ ਟਰੈਕ ਇੰਟਰਟੇਨਮੈਂਟ ਦੇ ਬੈਨਰ ਹੇਠ ਗੀਤਕਾਰ ਮੱਖਣ ਲੁਹਾਰ ਦੀ ਦੇਖ ਰੇਖ ਹੇਠ ਸ਼ਤੀਸ ਮਹਿਮੀ ਦੇ ਸੰਗੀਤ ਵਿੱਚ ਲੋਕ ਅਰਪਨ ਕੀਤਾ ਹੈ। ਇਹ ਗੀਤ ਇੱਕ ਸਾਦੇ ਸਮਾਗਮ ਦੌਰਾਨ ਫਰਿਜ਼ਨੋ ਵਿਖੇ ਰਿਲੀਜ਼ ਕੀਤਾ ਗਿਆ, ਗਾਇਕ ਜਗਦੇਵ ਸਿੰਘ ਨੇ ਕਿਹਾ ਕਿ ਇਹ ਗੀਤ ਇਕੱਲੇ ਮੇਰੇ ਦਿੱਲ ਦੀ ਹੂਕ ਨਹੀਂ ਬਲਕਿ ਹਰ ਓਸ ਪੰਜਾਬੀ ਦੇ ਦਿਲ ਦਾ ਦਰਦ ਹੈ ਜਿਹੜਾ ਪੰਜਾਬ ਨੂੰ ਪਿਆਰ ਕਰਦਾ ਹੈ। ਇਹ ਗੀਤ ਪੰਜਾਬੀਆਂ ਨੂੰ ਜਗਾਉਂਦਾ ਹੈ ਕਿ ਕਿਵੇਂ ਪਿਛਲੇ ਸਮੇਂ ਦੌਰਾਂਨ ਹੁਕਮਰਾਨਾਂ ਵੱਲੋਂ ਸਾਡੇ ਗੁਰੂ ਗ੍ਰੰਥ ਸਹਿਬ ਦੀ ਬੇਅਦਬੀ ਹੋਈ, ਨਸ਼ੇ ਵਿੱਚ ਜਵਾਨੀ ਗਰਕੀ, ਪੁਲਿਸ ਤਸ਼ੱਦਦ, ਧਰਤੀ ਮਾਂ ਨੂੰ ਇਨ੍ਹਾਂ ਲੀਡਰਾਂ ਨੇ ਰੋਗੀ ਕੀਤਾ ਪਿਆ ਹੈ, ਇਥੋਂ ਤੱਕ ਕਿ ਪੰਜ-ਆਬ ਦੀ ਧਰਤੀ ਦਾ ਪਾਣੀ ਵੀ ਜ਼ਹਿਰੀ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਇਹ ਗੀਤ ਪੰਜਾਬੀਆਂ ਨੂੰ ਝੰਜੋੜਨ ਲਈ ਹੈ ਕਿ ਵੋਟ ਪਾਉਣ ਲੱਗੇ ਇਹ ਜਰੂਰ ਸੋਚਿਓ ਕਿ ਕੀ ਅਸੀਂ ਖ਼ੂਨ ਚੂਸਣੇ ਲੀਡਰ ਸੱਤਾ ਤੇ ਬਿਠਾਉਣੇ ਹਨ ਜਾਂ ਆਮ ਲੋਕਾਂ ਦੀ ਸਰਕਾਰ ਬਣਾਉਣੀ ਹੈ। ਉਹਨਾਂ ਕਿਹਾ ਕਿ ਇਹ ਗੀਤ ਅਸੀਂ ਪੰਜਾਬੀਆਂ ਲਈ ਮੁਫ਼ਤ ਵਿੱਚ ਯੂ ਟਿਊਬ, ਆਈ ਟਿਊਂਨਜ਼ ਅਤੇ ਹੋਰ ਸ਼ੋਸ਼ਲ ਮੀਡੀਏ ਜਰੀਏ ਮੁਹੱਈਆ ਕਰਵਾਇਆ ਹੈ।

## ਕੌਮੀ ਮੁੱਕੇਬਾਜ਼ੀ ਚੈਂਪੀਅਨਸ਼ਿਪ 'ਚ ਪੰਜਾਬਣਾਂ ਛਾਈਆਂ

**ਪਟਿਆਲਾ/ਬਿਊਰੋ ਨਿਊਜ਼ :** ਕੌਮੀ ਯੂਥ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿਚ ਪੰਜਾਬ ਦੀਆਂ ਖਿਡਾਰਣਾਂ ਨੇ ਸ਼ਾਨਦਾਰ ਆਗਾਜ਼ ਕੀਤਾ ਹੈ। ਸੰਤੋਸ਼ ਦੱਤਾ, ਕੋਚ ਸੁਰਿੰਦਰ ਕੌਰ ਅਤੇ ਰੂਬਨਦੀਪ ਧਾਲੀਵਾਲ ਦੀ ਅਗਵਾਈ ਵਿਚ ਦਿੱਲੀ ਦੇ ਇੰਦਰਾ ਗਾਂਧੀ ਸਟੇਡੀਅਮ ਵਿਖੇ ਹੋਣ ਵਾਲੀ ਉਕਤ ਚੈਂਪੀਅਨਸ਼ਿਪ ਦੇ ਕੁਆਰਟਰਫਾਈਨਲ ਮੈਚਾਂ ਵਿਚ ਜਿੱਤ ਦਰਜ ਕਰਕੇ 9 ਖਿਡਾਰਣਾਂ ਨੇ ਕੁਆਰਟਰਫਾਈਨਲਜ਼ ਪੁੱਜਣ ਦਾ ਮਾਣ ਪ੍ਰਾਪਤ ਕੀਤਾ ਹੈ। ਜੋ ਖਿਡਾਰਣਾਂ ਆਖ਼ਰੀ ਅੱਠ ਵਿਚ ਪੁੱਜੀਆਂ ਹਨ, ਉਨ੍ਹਾਂ ਵਿਚ ਬਬੀਤਾ ਰਾਣੀ 48 ਕਿੱਲੋ, ਕਮਲਜੀਤ ਕੌਰ 51 ਕਿੱਲੋ, ਹਰਪ੍ਰੀਤ ਕੌਰ 54 ਕਿੱਲੋ, ਮਨਦੀਪ ਕੌਰ 57 ਕਿੱਲੋ, ਅਮਨਦੀਪ ਕੌਰ 60 ਕਿੱਲੋ, 64 ਰੁਪਿੰਦਰ ਕੌਰ, 69 ਕਿੱਲੋ ਅਰੁਨਦੀਪ ਕੌਰ, 75 ਕਿੱਲੋ ਅਵਨੀਤ ਕੌਰ, 81 ਕਿੱਲੋ ਪਰਵੀਨ ਕੌਰ ਅਤੇ 81 ਕਿੱਲੋ ਤੋਂ ਵੱਧ ਵਰਗ ਵਿਚ ਰੁਪਿੰਦਰ ਕੌਰ ਸ਼ਾਮਲ ਹਨ। ਲੜਕਿਆਂ ਦੇ ਵਰਗ ਵਿਚ 48 ਕਿੱਲੋ ਸ਼ੁਭਮ, 51 ਗੁਰਪ੍ਰੀਤ ਸਿੰਘ ਅਤੇ 91 ਤੋਂ ਵੱਧ ਵਰਗ ਵਿਚ ਜਸ਼ਨਦੀਪ ਸਿੰਘ ਵੀ ਕੁਆਰਟਰਫਾਈਨਲ ਵਿਚ ਪੁੱਜ ਗਏ ਹਨ।

# ਯੂ.ਕੇ. ਦੇ ਸਿੱਖ ਆਗੂ ਦਬਿੰਦਰਜੀਤ ਸਿੰਘ ਸਿੱਧੂ ਨੂੰ ਮਿਲ ਸਕਦੀ ਹੈ ਲਾਰਡ ਦੀ ਉਪਾਧੀ

**ਲੰਡਨ/ਬਿਊਰੋ ਨਿਊਜ਼ :**
ਯੂਕੇ ਵਿੱਚ ਖ਼ਾਲਿਸਤਾਨ ਪੱਖੀ ਆਗੂ ਦਬਿੰਦਰਜੀਤ ਸਿੰਘ ਸਿੱਧੂ ਨੂੰ ਲਾਰਡ ਦੀ ਉਪਾਧੀ ਮਿਲ ਸਕਦੀ ਹੈ ਪਰ ਭਾਰਤ ਇਸ ਤੋਂ ਨਾਖ਼ੁਸ਼ ਨਜ਼ਰ ਆ ਰਿਹਾ ਹੈ। ਜ਼ਿਕਰਯੋਗ ਹੈ ਕਿ ਲੇਬਰ ਪਾਰਟੀ ਹਮੇਸ਼ਾ ਸਿੱਖ ਭਾਈਚਾਰੇ ਦੀ ਕਰੀਬੀ ਰਹੀ ਹੈ। 2015 ਦੀਆਂ ਆਮ ਚੋਣਾਂ ਵਿੱਚ ਜਦੋਂ ਬਾਕੀ ਭਾਰਤੀ ਵਰਗਾਂ ਨੇ ਕੰਜ਼ਰਵੇਟਿਵ ਪਾਰਟੀ ਨੂੰ ਵੋਟਾਂ ਪਾਈਆਂ ਸਨ ਪਰ ਸਿੱਖ ਲੇਬਰ ਪਾਰਟੀ ਨਾਲ ਡਟ ਕੇ ਖੜ੍ਹੇ ਰਹੇ ਸਨ। ਸਿੱਖ ਭਾਈਚਾਰੇ ਨੂੰ ਖ਼ੁਸ਼ ਕਰਨ ਲਈ ਜੇਰੇਮੀ ਕੌਰਬਿਨ ਵੱਲੋਂ ਸਿੱਧੂ ਨੂੰ ਹਾਊਸ ਆਫ ਲਾਰਡਜ਼ ਲਈ ਨਾਮਜ਼ਦ ਕਰਨ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

ਸ੍ਰੀ ਸਿੱਧੂ ਨੈਸ਼ਨਲ ਆਡਿਟ ਆਫਿਸ (ਐਨਏਓ), ਜੋ ਭਾਰਤ ਦੇ ਕੈਗ ਬਰਾਬਰ ਹੈ, ਵਿੱਚ ਡਾਇਰੈਕਟਰ ਹਨ। ਉਹ ਪੰਜਾਬ ਵਿਚੋਂ ਸਿੱਖਾਂ ਲਈ ਵੱਖਰੇ ਦੇਸ਼ ਦੀ ਮੰਗ ਕਰਦੇ ਹਨ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਆਈਐਸਵਾਈਐਫ) ਦੇ ਕਾਰਕੁਨ ਰਹੇ ਹਨ। ਇਹ ਜਥੇਬੰਦੀ 'ਤੇ ਬਰਤਾਨਵੀ ਸਰਕਾਰ ਵੱਲੋਂ ਪਾਬੰਦੀ ਲਾਈ ਗਈ ਸੀ ਅਤੇ ਪਿਛਲੇ ਸਾਲ ਟੈਰੇਜ਼ਾ ਮੇਅ ਨੇ ਗ੍ਰਹਿ ਸਕੱਤਰ ਹੁੰਦਿਆਂ ਇਸ ਤੋਂ ਪਾਬੰਦੀ ਹਟਾਈ ਸੀ। ਪਾਬੰਦੀ ਲੱਗਣ ਬਾਅਦ ਆਈਐਸਵਾਈਐਫ ਦੀ ਜਾਨਸ਼ੀਨ ਜਥੇਬੰਦੀ ਸਿੱਖ ਫੈਡਰੇਸ਼ਨ ਯੂਕੇ (ਐਸਐਫਯੂਕੇ) ਤਿਆਰ ਕੀਤੀ ਗਈ। ਦੱਸਣਯੋਗ ਹੈ ਕਿ 2000 ਵਿੱਚ ਸ੍ਰੀ ਸਿੱਧੂ ਨੂੰ ਐਨਏਓ ਵਿੱਚ ਕੀਤੇ ਕੰਮਾਂ ਲਈ 'ਆਰਡਰ ਆਫ ਦਿ ਬ੍ਰਿਟਿਸ਼ ਅੰਪਾਇਰ' ਪੁਰਸਕਾਰ ਨਾਲ ਸਨਮਾਨਿਆ ਗਿਆ ਸੀ। 2008 ਵਿੱਚ ਲੰਡਨ ਦੇ ਮੇਅਰ ਕੇਨ ਲਿਵਿੰਗਸਟੋਨ ਨੇ ਉਨ੍ਹਾਂ ਨੂੰ ਸ਼ਹਿਰ ਦੇ ਬੋਰਡ ਆਫ ਟਰਾਂਸਪੋਰਟ ਦਾ ਡਾਇਰੈਕਟਰ ਨਿਯੁਕਤ ਕੀਤਾ ਸੀ।



ਲੰਡਨ ਵਿੱਚ ਵੱਡੇ ਪੱਧਰ 'ਤੇ ਪੜ੍ਹੇ ਜਾਂਦੇ ਅਖ਼ਬਾਰ 'ਸਟੈਂਡਰਡ' ਮੁਤਾਬਕ ਸਿੱਧੂ ਇਸ ਜਥੇਬੰਦੀ ਨਾਲ ਜੁੜੇ ਹੋਏ ਹਨ। ਸ੍ਰੀ ਸਿੱਧੂ ਨੇ ਇਸ ਅਖ਼ਬਾਰ ਨੂੰ ਦੱਸਿਆ, 'ਮੈਂ ਆਈਐਸਵਾਈਐਫ ਦਾ ਹਮਦਰਦ ਸਾਂ।' ਉਨ੍ਹਾਂ ਦਲੀਲ ਦਿੱਤੀ, 'ਜਦੋਂ ਕਿਸੇ ਜਥੇਬੰਦੀ 'ਤੇ ਰੋਕ ਲੱਗਦੀ ਹੈ ਤਾਂ ਇਹ ਜਥੇਬੰਦੀ ਲਈ ਹੁੰਦੀ ਹੈ ਨਾ ਕਿ ਵਿਅਕਤੀ ਵਿਸ਼ੇਸ਼ 'ਤੇ ਰੋਕ ਹੁੰਦੀ ਹੈ।' ਭਾਰਤੀ ਖ਼ੁਫ਼ੀਆ ਏਜੰਸੀ ਵੱਲੋਂ ਸਿੱਧੂ ਨੂੰ ਆਈਐਸਵਾਈਐਫ ਤੇ ਹੁਣ ਐਸਐਫਯੂਕੇ ਦਾ ਕੱਟੜ ਮੈਂਬਰ ਦੱਸਿਆ ਜਾ ਰਿਹਾ ਹੈ। ਇੰਟਰਨੈੱਟ 'ਤੇ ਪਈਆਂ ਵੀਡੀਓਜ਼ ਵਿੱਚ ਸਿੱਧੂ ਸਿੱਖਾਂ ਦੇ ਅਧਿਕਾਰਾਂ ਬਾਰੇ ਭਾਵੁਕ ਤਕਰੀਰ ਦੇ ਰਹੇ ਹਨ। ਕੁੱਝ ਸਾਲ ਪਹਿਲਾਂ ਸਿੱਧੂ ਨੇ ਟ੍ਰੈਫਾਲਗਰ ਸਕੁਏਅਰ ਵਿੱਚ ਮੁੱਖ ਰੈਲੀ ਨੂੰ ਸੰਬੋਧਨ ਕੀਤਾ ਸੀ। ਬਰਮਿੰਘਮ ਯੂਨੀਵਰਸਿਟੀ ਵਿੱਚ ਅਤਿਵਾਦ-ਵਿਰੋਧੀ ਕਾਨੂੰਨ ਦੇ ਮਾਹਰ ਐਡਰੀਅਨ ਹੰਟ ਨੇ ਦੱਸਿਆ, 'ਟੈਰਰਿਜ਼ਮ ਐਕਟ 2006 ਦੇ ਸੈਕਸ਼ਨ 1 ਤਹਿਤ

ਬਾਕੀ ਸਫ਼ਾ 33 'ਤੇ

## ਆਮ ਆਦਮੀ ਪਾਰਟੀ ਦੀ ਹਮਾਇਤ ਲਈ ਭਾਰੀ ਉਤਸ਼ਾਹ

**ਨਿਊਯਾਰਕ/ਬਿਊਰੋ ਨਿਊਜ਼:**
ਆਮ ਆਦਮੀ ਪਾਰਟੀ ਦੇ ਸਰਗਰਮ ਵਰਕਰ ਤੇ ਨਿਊਯਾਰਕ ਤੋਂ ਨੌਰਥ ਈਸਟ ਕੋਸਟ ਵਿੰਗ ਦੇ ਮੀਡੀਆ ਸਪੋਕਸਮੈਨ ਸੁਖਜਿੰਦਰ ਸਿੰਘ ਨਿੱਝਰ ਨੇ ਕਿਹਾ ਕਿ ਪੰਜਾਬ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਜਿਤਾਉਣ ਲਈ ਨਿਊਯਾਰਕ ਦੇ ਪਾਰਟੀ ਹਮਾਇਤੀਆਂ ਵਿਚ ਪਾਰਟੀ ਭਾਰੀ ਉਤਸ਼ਾਹ ਦੇਖਿਆ ਗਿਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੀਏ ਜਾ ਰਹ ਸਾਂਝੇ ਯਤਨਾਂ ਵਿਚ ਨੌਰਥ ਈਸਟ ਦੀਆਂ ਬਹੁਤ ਸਾਰੀਆਂ ਉੱਘੀਆਂ ਸ਼ਖ਼ਸ਼ੀਅਤਾਂ ਨੇ ਹਿੱਸਾ ਲਿਆ। ਉਨ੍ਹਾਂ ਨੇ ਤਨ, ਮਨ ਤੇ ਧਨ ਨਾਲ ਮਦਦ ਕਰਨ ਤੇ ਪਾਰਟੀ ਦੇ ਹੱਕ ਵਿਚ ਨਿਰਪੱਖ ਖੜ੍ਹੇ ਰਹਿਣ ਦਾ ਵਿਸ਼ਵਾਸ਼ ਦਿਵਾਇਆ। ਇਨ੍ਹਾਂ ਵਿਚੋਂ 20 ਤੋਂ ਵੱਧ ਹਮਾਇਤੀਆਂ ਦੀ ਡਿਊਟੀ ਲਗਾ ਕੇ ਪੰਜਾਬ ਭੇਜ ਦਿੱਤਾ ਜਾ ਚੁੱਕਾ ਹੈ ਅਤੇ ਬਹੁਤ ਸਾਰੇ ਆਉਣ ਵਾਲੇ ਦਿਨਾਂ ਵਿਚ ਚੋਣਾਂ ਤੋਂ ਪਹਿਲਾਂ ਪੰਜਾਬ ਪੁੱਜਣ ਦੀ ਤਿਆਰੀ ਵਿਚ ਹਨ।



# ਆਮ ਆਦਮੀ ਪਾਰਟੀ ਲਈ ਫੰਡ ਇਕੱਤਰਤਾ

**ਫਰਿਜ਼ਨੋ/(ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਜਿਥੇ ਵਿਧਾਨ ਸਭਾ ਚੋਣਾਂ ਕਰਕੇ ਪੰਜਾਬ ਅੰਦਰ ਚੋਣ ਅਖਾੜਾ ਪੂਰੀ ਤਰ੍ਹਾਂ ਨਾਲ ਭਖਿਆ ਹੋਇਆ ਹੈ, ਉਥੇ ਪੰਜਾਬ ਵਿੱਚ ਸਿਆਸੀ ਬਦਲਾਓ ਨੂੰ ਲੈਕੇ ਪ੍ਰਵਾਸੀ ਪੰਜਾਬੀ ਵੀ ਪੱਬਾਂ ਭਾਰ ਹਨ। ਇਸੇ ਕੜੀ ਤਹਿਤ ਆਖਰੀ ਹੱਲੇ ਦੇ ਤੌਰ ਤੇ ਬਹੁਤ ਸਾਰੇ ਪ੍ਰਵਾਸੀ ਪੰਜਾਬੀ ਆਪ ਪਾਰਟੀ ਦੇ ਪ੍ਰਚਾਰ ਲਈ ਪੰਜਾਬ ਵੱਲ ਨੂੰ ਕੂਚ ਕਰ ਗਏ ਹਨ, ਬਾਕੀ ਬਚਦੇ ਕਾਲਿੰਗ ਕੰਪੇਨ ਜ਼ਰੀਏ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਆਰਥਿਕ ਪੱਖੋਂ ਪਾਰਟੀ ਦੀ ਮੱਦਦ ਲਈ ਐਨ ਆਰ ਆਈ ਵੀਰ ਫੰਡ ਵੀ ਇਕੱਤਰ ਕਰ ਰਹੇ ਹਨ। ਇਸੇ ਸਬੰਧ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਫਰਿਜ਼ਨੋ ਇਕਾਈ ਵੱਲੋਂ ਇੱਕ ਪ੍ਰਭਾਵਸ਼ਾਲੀ ਸਾਦਾ ਸਮਾਗਮ ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿੱਚ ਰੱਖਿਆ ਗਿਆ। ਇਸ ਫੰਡ-ਰੇਜ਼ਿੰਗ ਪ੍ਰੋਗਰਾਮ ਦੌਰਾਨ ਸਥਾਨਕ ਪੰਜਾਬੀਆਂ ਦਾ ਹੁੰਗਾਰਾ ਬੇਮਿਸਾਲ ਰਿਹਾ ਅਤੇ ਆਪਣੇ ਪੰਜਾਬ ਨੂੰ ਕੰਗਲੇ ਤੋਂ ਰੰਗਲਾ ਬਣਾਉਣ ਲਈ ਦਿਲ ਖੋਲ੍ਹ ਕੇ ਦਾਨ ਦਿੱਤਾ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੀ ਤਾਰ ਕਿਸੇ ਨਾ ਕਿਸੇ ਤਰੀਕੇ ਨਾਲ ਪੰਜਾਬ ਨਾਲ ਜਰੂਰ ਜੁੜੀ ਹੋਈ ਹੈ ਸ਼ਾਇਦ ਇਸੇ ਕਰਕੇ ਜਦੋ ਵੀ ਕਦੇ ਉਥੇ ਚੋਣਾਂ ਦਾ ਵਿਗਲ ਵਜਦਾ ਹੈ ਤਾਂ ਪੰਜਾਬੀ ਫਿਕਰਮੰਦ ਹੋਏ ਪੰਜਾਬੀਆਂ ਦੇ ਚੰਗੇ ਭਵਿੱਖ ਲਈ ਲੋਕਾ ਨੂੰ ਜਾਗਰੂਕ ਕਰਨ ਲਈ ਉਪਰਾਲੇ ਕਰਦੇ ਰਹਿੰਦੇ ਹਨ । ਮੌਜੂਦਾ ਅਕਾਲੀ ਸਰਕਾਰ ਦੀਆਂ ਵਧੀਕੀਆਂ, ਰਾਜ ਦੀ ਲੁੱਟ ਤੇ ਨਸ਼ੇ ਦੀ ਪੰਜਾਬ ਵਿੱਚ ਵੱਧ ਰਹੀ ਆਮਦ ਦੇ ਮੱਦੇਨਜ਼ਰ ਉਹਨਾਂ ਸੱਤਾਧਾਰੀ ਪਾਰਟੀ ਨੂੰ ਲੰਮੇ ਹੱਥੀਂ ਲਿਆ। ਉਹਨਾਂ ਕਿਹਾ ਕਿਹਾ ਕਿ ਆਮ ਆਦਮੀ ਪਾਰਟੀ ਨੇ ਬਹੁਤ ਹੀ ਸਾਫ ਸੁਥਰੇ ਅਕਸ ਵਾਲੇ ਉਮੀਦਵਾਰ ਮੈਦਾਨ ਵਿੱਚ ਉਤਾਰੇ ਹਨ ਅਤੇ ਸਾਨੂੰ ਅਜਿਹੇ ਉਮੀਦਵਾਰਾਂ ਦੇ ਹੱਕ ਵਿੱਚ ਖੁਲ੍ਹ ਕੇ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਸ. ਗੁਰਨੇਕ ਸਿੰਘ ਬਾਗੜੀ ਨੇ ਇਸ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਸਭਨਾਂ ਦਾ ਤਹਿ ਦਿਲੋਂ ਸ਼ੁਕਰੀਆ ਕਰਦਿਆਂ ਕਿਹਾ ਕਿ ਤੁਹਾਡੇ ਸਾਥ ਬਿਨਾਂ ਇਹ ਕਾਮਯਾਬੀ ਸੰਭਵ ਨਹੀਂ ਸੀ।





## ਪਹਿਲੇ ਸਿੱਖ ਜੱਜ ਰਬਿੰਦਰ ਸਿੰਘ ਸਮੇਤ ਦੋ ਸੌ ਤੋਂ ਵੱਧ ਜੱਜਾਂ ਨੇ ਪੈਨਸ਼ਨ ਸਬੰਧੀ ਕੇਸ ਜਿੱਤਿਆ

**ਲੰਡਨ/ਬਿਊਰੋ ਨਿਊਜ਼ :**
ਬਰਤਾਨੀਆ ਦੇ 200 ਤੋਂ ਵੱਧ ਜੱਜਾਂ ਨੇ ਜਸਟਿਸ ਮਨਿਸਟਰੀ ਦੇ ਖਿਲਾਫ ਪੈਨਸ਼ਨ ਸਬੰਧੀ ਮਾਮਲੇ ਵਿਚ ਉਮਰ, ਲਿੰਗ ਅਤੇ ਨਸਲੀ ਵਿਤਕਰੇ ਸਬੰਧੀ ਦਾਅਵਿਆਂ ਦਾ ਕੇਸ ਜਿੱਤ ਲਿਆ ਜਿਨ੍ਹਾਂ ਵਿਚ ਸਰ ਰਬਿੰਦਰ ਸਿੰਘ ਸਮੇਤ ਹਾਈ ਕੋਰਟ ਦੇ ਛੇ ਜੱਜ ਵੀ ਸ਼ਾਮਿਲ ਹਨ। ਇਹ ਫੈਸਲਾ ਪਬਲਿਕ ਸੈਕਟਰ ਦੇ ਹੋਰਨਾਂ ਕਰਮੀਆਂ ਲਈ ਵੀ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ। ਇਹ ਮਾਮਲਾ ਹਾਈ ਕੋਰਟ ਦੇ ਛੇ



ਜੱਜਾਂ ਸਰ ਰਬਿੰਦਰ ਸਿੰਘ (52), ਸਰ ਨਿਕੋਲਸ ਮੌਸਟਿਨ (59), ਸਰ ਰੋਡਰਿੱਕ ਨਿਊਟਨ (58), ਸਰ ਫਿਲਿਪ ਮੂਰ (57), ਡੇਮ ਲੂਸੀ ਥੀਸ (55) ਅਤੇ ਸਰ ਰਿਚਰਡ ਆਰਨੋਲਡ (55) ਸਮੇਤ 204 ਕਰਾਊਨ ਕੋਰਟਾਂ ਦੇ ਜੱਜਾਂ, ਡਿਸਟ੍ਰਿਕਟ ਜੱਜਾਂ, ਸ਼ੈਰਿਫਾਂ ਅਤੇ ਟ੍ਰਿਬਿਊਨਲ ਜੱਜਾਂ ਵਲੋਂ ਮਨਿਸਟਰੀ ਆਫ ਜਸਟਿਸ ਦੇ ਖਿਲਾਫ ਇੰਪਲਾਇਮੈਂਟ ਟ੍ਰਿਬਿਊਨਲ ਵਿਚ ਲਿਆਂਦਾ ਗਿਆ ਸੀ। ਇਹ ਸਾਰੇ ਜੱਜ ਆਪਣੀਆਂ ਪੈਨਸ਼ਨਾਂ ਦੇ ਵਿਚ ਭਾਰੀ ਕਟੌਤੀਆਂ ਦੇ ਸ਼ਿਕਾਰ ਸਨ। ਇਨ੍ਹਾਂ ਨੇ ਦਾਅਵਾ ਕੀਤਾ ਸੀ ਕਿ 2012 ਵਿਚ ਲਾਗੂ ਕੀਤੀ ਨਵੀਂ ਨਿਆਂ ਪੈਨਸ਼ਨ ਸਕੀਮ, ਜਿਸ ਵਿਚ ਕਰਮੀਆਂ ਦਾ ਯੋਗਦਾਨ ਲੋੜੀਂਦਾ, ਤਹਿਤ ਉਮਰ ਦੇ ਹਿਸਾਬ ਨਾਲ ਪੱਖਪਾਤ ਕੀਤਾ ਗਿਆ। ਇਸੇ ਦੌਰਾਨ ਥੀਸ ਅਤੇ ਸਿੰਘ ਨੇ ਲਿੰਗ ਅਤੇ ਨਸਲੀ ਵਿਤਕਰਿਆਂ ਦਾ ਵੀ ਦਾਅਵਾ ਕੀਤਾ ਸੀ।

## ਨਾਜਾਇਜ਼ ਹਥਿਆਰ ਮਾਮਲੇ ਵਿਚੋਂ ਸਲਮਾਨ ਖ਼ਾਨ ਬਰੀ

**ਜੋਧਪੁਰ/ਬਿਊਰੋ ਨਿਊਜ਼ :** ਹਿੰਦੀ ਫਿਲਮ ਅਦਾਕਾਰ ਸਲਮਾਨ ਖ਼ਾਨ ਨੂੰ 18 ਸਾਲ ਪੁਰਾਣੇ ਅਸਲਾ ਐਕਟ ਦੇ ਕੇਸ ਵਿੱਚ ਇੱਥੋਂ ਦੀ ਇਕ ਅਦਾਲਤ ਨੇ ਬਰੀ ਕਰ ਦਿੱਤਾ। ਫੈਸਲੇ ਵੇਲੇ 51 ਸਾਲਾ ਸਲਮਾਨ ਆਪਣੀ ਭੈਣ ਅਲਵੀਰਾ ਨਾਲ ਚੀਫ ਜੁਡੀਸ਼ਲ ਮੈਜਿਸਟਰੇਟ ਦਲਪਤ ਸਿੰਘ ਦੀ ਅਦਾਲਤ ਵਿੱਚ ਹਾਜ਼ਰ ਸੀ। ਸਲਮਾਨ ਖ਼ਾਨ ਖ਼ਿਲਾਫ਼ ਜੰਗਲੀ ਜੀਵ (ਸੰਭਾਲ) ਐਕਟ ਅਧੀਨ ਲੋਪ ਹੋ ਰਹੇ ਜਾਨਵਰਾਂ ਦਾ ਸ਼ਿਕਾਰ ਕਰਨ ਤੋਂ ਇਲਾਵਾ ਅਸਲਾ ਐਕਟ ਦੀ ਧਾਰਾ 3/25 ਤੇ 3/27 ਤਹਿਤ ਜੋਧਪੁਰ ਨੇੜੇ ਕਨਕਨੀ ਵਿੱਚ ਕਾਲੇ ਹਿਰਨਾਂ ਦੇ ਸ਼ਿਕਾਰ ਲਈ ਮਿਆਦ ਖ਼ਤਮ ਹੋ ਚੁੱਕੇ ਲਾਇਸੈਂਸੀ ਹਥਿਆਰ ਰੱਖਣ ਤੇ ਵਰਤਣ ਦੇ ਦੋਸ਼ ਹੇਠ ਅਕਤੂਬਰ 1998 ਵਿੱਚ ਕੇਸ ਦਰਜ ਕੀਤਾ ਗਿਆ ਸੀ। ਇਸ ਕੇਸ ਵਿੱਚ ਦੋਵਾਂ ਧਿਰਾਂ ਦੀ ਜਿਰ੍ਹਾ 9 ਜਨਵਰੀ ਨੂੰ ਮੁਕੰਮਲ ਹੋਈ ਸੀ। ਸਲਮਾਨ ਦੇ ਵਕੀਲ ਐਚ.ਐਮ. ਸਰਸਵਤ ਨੇ ਪਹਿਲਾਂ ਕਿਹਾ ਸੀ ਕਿ "ਅਸੀਂ ਅਦਾਲਤ ਵਿੱਚ ਦਲੀਲ ਦਿੱਤੀ ਕਿ ਉਸ ਦੇ ਮੁਵੱਕਿਲ ਦੀ ਇੱਥੇ ਠਹਿਰ ਜਾਂ ਕਥਿਤ ਸ਼ਿਕਾਰ ਦੌਰਾਨ ਹਥਿਆਰ ਆਪਣੇ ਕੋਲ ਰੱਖਣ ਦਾ ਕੋਈ ਸਬੂਤ ਨਹੀਂ। ਉਸ ਕੋਲੋਂ ਅਸਲ ਵਿੱਚ ਏਅਰ ਗੰਨ ਮਿਲੀ ਸੀ।"
ਇਹ ਕੇਸ 25 ਫਰਵਰੀ 2014 ਦੇ ਸ਼ੁਰੂ ਵਿੱਚ ਫੈਸਲੇ ਕੰਢੇ ਪੁੱਜ ਗਿਆ ਸੀ ਪਰ ਮੁੱਦਈ ਧਿਰ ਵੱਲੋਂ ਹੇਠਲੀ ਅਦਾਲਤ ਸਾਹਮਣੇ 2006 ਵਿੱਚ ਦਾਇਰ ਫੈਸਲੇ ਤੋਂ ਰਹਿੰਦੀ ਅਰਜ਼ੀ ਸਾਹਮਣੇ ਆਉਣ ਕਾਰਨ ਕੇਸ ਦਾ ਫੈਸਲਾ ਦੋ ਸਾਲਾਂ ਤੱਕ ਲਟਕਿਆ। ਅਸਲਾ ਐਕਟ ਤੋਂ ਇਲਾਵਾ ਸਲਮਾਨ ਖ਼ਾਨ ਵਿਰੁੱਧ ਚਾਰ ਕੇਸ ਦਰਜ ਹਨ। ਰਾਜਸਥਾਨ ਹਾਈ ਕੋਰਟ ਨੇ ਉਸ ਨੂੰ ਚਿੰਕਾਰਾ ਹਿਰਨ ਦੇ ਸ਼ਿਕਾਰ ਦੇ ਦੋ ਕੇਸਾਂ ਵਿੱਚ ਬਰੀ ਕੀਤਾ ਹੋਇਆ ਹੈ, ਜਦੋਂ ਕਿ ਦੋ ਕਾਲੇ ਹਿਰਨਾਂ ਦੇ ਸ਼ਿਕਾਰ ਦੇ ਤੀਜੇ ਕੇਸ ਵਿੱਚ ਸੁਣਵਾਈ ਚੱਲ ਰਹੀ ਹੈ। ਫੈਸਲੇ ਸਮੇਂ ਅਦਾਲਤ ਵਿੱਚ ਪੁਖ਼ਤਾ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਅਤੇ 150 ਤੋਂ ਵੱਧ ਪੁਲੀਸ ਮੁਲਾਜ਼ਮ ਤਾਇਨਾਤ ਸਨ।

# ਗੁਰਦੁਆਰਾ ਨਾਨਕਸਰ ਚੈਰੀ ਵਿਖੇ ਅਖੰਡ ਪਾਠਾਂ ਦੀ ਲੜੀ ਦੌਰਾਨ ਵਿਸ਼ੇਸ਼ ਸਮਾਗਮ

**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ :**
ਫਰਿਜ਼ਨੋ ਸ਼ਹਿਰ ਵਿਖੇ ਸਥਿਤ ਗੁਰਦੁਆਰਾ ਨਾਨਕਸਰ ਚੈਰੀ ਵਿਖੇ ਪਿਛਲੇ ਮਹੀਨੇ ਤੋਂ ਅਖੰਡ ਪਾਠਾਂ ਦੀ ਲੜੀ ਚੱਲ ਰਹੀ ਹੈ। ਇਹ ਸਾਰੇ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 350 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਹਨ। ਇਨ੍ਹਾਂ ਸਮਾਗਮਾਂ ਵਿਚ ਭਾਰਤ ਤੋਂ ਪਹੁੰਚੇ ਗੁਰਮਤਿ ਪ੍ਰਚਾਰਕ, ਰਾਗੀ ਕੀਰਤਨੀਏ ਅਤੇ ਕਥਾ ਵਾਚਕ ਸੰਗਤਾਂ ਨੂੰ ਗੁਰਮਤਿ ਨਾਲ ਜੋੜ ਰਹੇ ਹਨ। ਭਾਈ ਗੁਰਮੇਲ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਣ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਗੁਰੂਘਰ ਦੇ ਹਜ਼ੂਰੀ ਕੀਰਤਨੀ ਜਥੇ ਅਤੇ ਹੋਰ ਗੁਰਮਤਿ ਪ੍ਰਚਾਰਕਾਂ ਨੇ ਹਾਜ਼ਰੀ ਭਰੀ। ਮੁੱਖ ਪ੍ਰਬੰਧਕ ਬਾਬਾ ਕਰਤਾਰ ਸਿੰਘ ਨੇ ਦੱਸਿਆ ਕਿ ਅਖੰਡ ਪਾਠਾਂ ਦੀ ਸਮਾਪਤੀ 19 ਫਰਵਰੀ ਨੂੰ ਹੋਵੇਗੀ। ਇਸ ਦੌਰਾਨ ਬਾਹਰ ਖੁੱਲ੍ਹੇ



ਪੰਡਾਲ ਲਾਏ ਜਾਣਗੇ ਜਿਸ ਵਿਚ ਸੰਤ ਮਹਾਂਪੁਰਖ, ਰਾਗੀ ਅਤੇ ਗੁਰਮਤਿ ਪ੍ਰਚਾਰਕ ਸੰਗਤਾਂ ਨੂੰ ਗੁਰਬਾਣੀ ਇਤਿਹਾਸ ਸਰਵਨ ਕਰਵਾਉਣਗੇ। ਰੋਜ਼ਾਨਾ ਸੰਗਤਾਂ ਗੁਰੂ ਹਾਜ਼ਰੀਆਂ ਭਰ ਰਹੀਆਂ ਹਨ ਅਤੇ ਗੁਰੂ ਦੇ ਲੰਗਰ ਲਗਾਤਾਰ ਚਲ ਰਹੇ ਹਨ।




HINDI ELITE PACK $29.99 mo for 24 months
+3 CHANNELS
HINDI MEGA PACK $49.99 mo for 24 months
INCLUDES CHANNELS LISTED ABOVE
EXPERIENCE YOUR CULTURE AT HOME. CALL TODAY!
All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.
Sunwireless
(888) 220-5503
www.sw.getdish.com
ASK ABOUT DISH FOR YOUR HOME, APARTMENT, OR BUSINESS
dish AUTHORIZED RETAILER
**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 1/16/17. **2-Year Commitment:** Early termination fee of $20/mo. remaining applies if you cancel early. **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



HYDERABAD PAVILION
BIRYANIS
MADE FRESH EVERYDAY!
39030 Argonaut Way, Fremont, CA 94538




THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜ਼ਾਇਕਾ ਸਿਰਫ
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।

ORDER AHEAD & PICKUP, CALL:
510.713.0183





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

*ਆਰਥਿਕ ਗੈਰਬਰਾਬਰੀ 'ਤੇ ਓਕਸਫੈਮ ਦੀ ਰਿਪੋਰਟ*

# 30 ਸਾਲ 'ਚ ਹੇਠਲੇ ਵਰਗ 'ਚੋਂ 50% ਦੀ ਕਮਾਈ ਨਹੀਂ ਵਧੀ, ਜਦਕਿ 1% ਅਮੀਰ ਲੋਕਾਂ ਦੀ ਕਮਾਈ 300% ਤਕ ਵੱਧ ਗਈ

## ਗੈਰਬਰਾਬਰੀ ਨੂੰ ਲੈ ਕੇ ਲੋਕਾਂ ਦੇ ਸਬਰ ਦਾ ਬੰਨ੍ਹ ਟੁੱਟਿਆ, ਲੋਕ ਮੌਜੂਦਾ ਹਾਲਤ ਸਹਿਣ ਕਰਨ ਨੂੰ ਤਿਆਰ ਨਹੀਂ : ਰਿਪੋਰਟ

**ਲੰਡਨ/ਬਿਊਰੋ ਨਿਊਜ਼:** ਗੀਰਬੀ ਅਤੇ ਗੈਰਬਰਾਬਰੀ ਨੂੰ ਲੈ ਕੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦੁਨੀਆ 'ਚ ਗੈਰਬਰਾਬਰੀ ਦਾ ਪੱਧਰ ਪਿਛਲੇ 25 ਸਾਲ ਵਿਚ ਸਭ ਤੋਂ ਉੱਚੇ ਪੱਧਰ 'ਤੇ ਪੁੱਜ ਗਿਆ ਹੈ। ਇਸੇ ਤਰ੍ਹਾਂ ਲੰਡਨ ਦੇ ਸੰਗਠਨ ਓਕਸਫੈਮ ਅਨੁਸਾਰ ਇਸ ਦੌਰਾਨ 1 ਫ਼ੀਸਦੀ ਅਮੀਰਾਂ ਨੇ ਓਨਾ ਪੈਸਾ ਕਮਾ ਲਿਆ, ਜਿੰਨਾ 50 ਫ਼ੀਸਦੀ ਗਰੀਬ ਮਿਲ ਕੇ ਵੀ ਨਹੀਂ ਕਮਾ ਸਕੇ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪਿਛਲੇ 30 ਸਾਲ ਵਿਚ ਦੁਨੀਆ ਵਿੱਚ ਹੇਠਲੇ ਵਰਗ ਦੇ ਲਗਭਗ ਅੱਧੇ ਲੋਕਾਂ ਦੀ ਕਮਾਈ 'ਚ ਕੋਈ ਵਾਧਾ ਨਹੀਂ ਹੋਇਆ। ਜਦਕਿ ਇਸ ਦੌਰਾਨ ਦੁਨੀਆ ਦੇ 1 ਫ਼ੀਸਦੀ ਅਮੀਰਾਂ ਦੀ ਆਮਦਨ 300 ਫ਼ੀਸਦੀ ਤਕ ਵੱਧ ਗਈ। ਓਕਸਫੈਮ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਹੀ ਰੁਝਾਨ ਰਿਹਾ ਤਾਂ ਗੈਰਬਰਾਬਰੀ ਦਾ ਖਤਰਾ ਹੋਰ ਵਧੇਗਾ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਗੈਰਬਰਾਬਰੀ ਕਾਰਨ ਲੋਕਾਂ ਦਾ ਸਬਰ ਜਵਾਬ ਦੇਣ ਲੱਗਾ ਹੈ। ਇੱਥੋਂ ਤਕ ਕਿ ਅਮੀਰ ਦੇਸ਼ਾਂ ਵਿਚ ਵੀ ਜ਼ਿਆਦਾਤਰ ਲੋਕ ਮੌਜੂਦਾ ਹਾਲਾਤ ਨੂੰ ਲੰਮੇ ਸਮੇਂ ਤਕ ਸਹਿਣ ਕਰਨ ਲਈ ਤਿਆਰ ਨਹੀਂ।




**ਅਮੀਰੀ-ਗਰੀਬੀ : ਭਾਰਤ 7ਵਾਂ ਅਮੀਰ ਦੇਸ਼, ਗੈਰਬਰਾਬਰੀ ਵਿਚ ਰੂਸ ਤੋਂ ਬਾਅਦ ਦੂਜਾ**

ਅਮੀਰ ਦੇਸ਼ਾਂ ਦੀ ਸੂਚੀ 'ਚ ਅਸੀਂ ਟੌਪ-10 ਵਿੱਚ ਹਾਂ। ਵਿਅਕਤੀਗਤ ਜਾਇਦਾਦ ਵਿਚ ਭਾਰਤ 350 ਲੱਖ ਕਰੋੜ ਰੁਪਏ ਨਾਲ ਸੱਤਵੇਂ ਨੰਬਰ 'ਤੇ ਹੈ। ਵਿਅਕਤਗੀ ਜਾਇਦਾਦ ਮਤਲਬ ਦੇਸ਼ ਵਿਚ ਸਾਰੇ ਲੋਕਾਂ ਦੀ ਨਿੱਜੀ ਜਾਇਦਾਦ ਤੋਂ ਹੈ। ਦੂਜਾ ਪਹਿਲੂ ਇਹ ਹੈ ਕਿ ਸਾਡੇ ਇੱਥੋਂ 58 ਫ਼ੀਸਦੀ ਸਿਰਫ਼ 1 ਫ਼ੀਸਦੀ ਅਮੀਰਾਂ ਕੋਲ ਹੈ।

### ਅਸਮਾਨਤਾ ਵਧਣ ਦੇ ਵੱਡੇ ਕਾਰਨ

1. **ਕੰਪਨੀਆਂ 'ਚ ਸ਼ੋਸ਼ਣ :** ਉੱਪਰ ਬੈਠੇ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਹੇਠਲੇ ਪੱਧਰ 'ਤੇ ਕੰਮ ਕਰਨ ਵਾਲਿਆਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਨਾਲ ਉਨ੍ਹਾਂ ਨੂੰ ਲਾਭ ਨਹੀਂ ਮਿਲ ਪਾਉਂਦਾ, ਜਿਸ ਦੇ ਉਹ ਹੱਕਦਾਰ ਹਨ।
2. **ਮਜ਼ਦੂਰੀ ਘੱਟ ਦੇ ਰਹੀਆਂ ਹਨ ਕੰਪਨੀਆਂ :** ਦੁਨੀਆ ਭਰ 'ਚ ਕੰਪਨੀਆ ਲੇਬਰ ਕਾਸਟ ਘੱਟ ਕਰਨ 'ਚ ਜੁਟੀਆਂ ਹੋਈਆਂ ਹਨ। ਕੰਪਨੀਆਂ ਦੇ ਸੀ.ਈ.ਓ. ਦੀ ਆਮਦਨ 'ਚ ਭਾਰੀ ਵਾਧਾ ਹੋ ਜਾਂਦਾ ਹੈ, ਪਰ ਮੁਲਾਜ਼ਮਾਂ ਨੂੰ ਆਮਦਨ ਘੱਟ ਦਿੰਦੇ ਹਨ।
3. **ਕਾਰਪੋਰੇਟ ਟੈਕਸ ਦੀ ਚੋਰੀ :** ਕੰਪਨੀਆਂ ਘੱਟ ਟੈਕਸ ਦੇ ਕੇ ਆਪਣੇ ਲਾਭ ਵਧਾ ਲੈਂਦੀਆਂ ਹਨ। ਇਸ ਲਈ ਉਹ ਟੈਕਸ ਹੈਵੇਨ ਦੇਸ਼ਾਂ ਦੀ ਵਰਤੋਂ ਕਰਦੀਆਂ ਹਨ। ਇਸ ਕਾਰਨ ਦੁਨੀਆ 'ਚ ਕਾਰਪੋਰੇਟ ਟੈਕਸ ਘੱਟ ਹੋ ਰਿਹਾ ਹੈ।
4. **ਵੱਡੇ ਸ਼ੇਅਰ ਧਾਰਕਾਂ ਨੂੰ ਲਾਭ :** ਜ਼ਿਆਦਾਤਰ ਕੰਪਨੀਆਂ ਦੇ ਮਾਲਕਾਂ ਦੇ ਸ਼ੇਅਰ ਵੀ ਜ਼ਿਆਦਾ ਹੁੰਦੇ ਹਨ। ਅਜਿਹੇ 'ਚ ਉਨ੍ਹਾਂ ਨੂੰ ਘੱਟ ਸਮੇਂ 'ਚ ਵੱਧ ਲਾਭ ਦਿੱਤਾ ਜਾਂਦਾ ਹੈ। ਜਿੰਨਾ ਜ਼ਿਆਦਾ ਰਿਟਰਨ ਮਿਲੇਗਾ, ਓਨਾ ਜ਼ਿਆਦਾ ਲਾਭ।
5. **ਕ੍ਰੋਨੀ ਕੈਪਿਨਲਿਜ਼ਮ, ਲਾਬਿੰਗ :** ਵਿੱਤ, ਖਨਨ, ਊਰਜਾ, ਗਾਰਮੈਂਟ, ਫਾਰਮਾ ਦੀ ਕਈ ਕੰਪਨੀਆਂ ਪੈਸੇ ਅਤੇ ਰਾਜਨੀਤਕ ਪ੍ਰਭਾਵ ਦੇ ਦਮ 'ਤੇ ਅਜਿਹੀ ਨੀਤੀਆਂ ਬਣਾ ਲੈਂਦੀਆਂ ਹਨ, ਜੋ ਇਨ੍ਹਾਂ ਲਈ ਲਾਭਦਾਇਕ ਹੋਣ। ਲਾਬਿੰਗ ਵੀ ਕੀਤੀ ਜਾਂਦੀ ਹੈ।
6. **ਸੁਪਰ ਰਿਚ ਦੀ ਭੂਮਿਕਾ :** ਘੱਟ ਤੋਂ ਘੱਟ ਟੈਕਸ ਦੇਣਾ ਜ਼ਿਆਦਾਤਰ ਸੁਪਰ ਰਿਚ ਲੋਕਾਂ ਦੀ ਰਣਨੀਤੀ ਹੁੰਦੀ ਹੈ। ਇਸ ਲਈ ਉਹ ਸੀਕਰੇਟ ਨੈੱਟਵਰਕ ਦੀ ਵਰਤੋਂ ਕਰਦੇ ਹਨ। ਜਿਵੇਂ ਪਨਾਮਾ ਪੇਪਰ ਦੇ ਖੁਲਾਸੇ 'ਚ ਹੋਇਆ ਸੀ।

## ਖਤਰਾ : ਗਰੀਬ ਆਬਾਦੀ ਦੀ ਕਮਾਈ ਨਾ ਵਧੀ, ਤਾਂ ਆਰਥਿਕ ਗਰੋਥ ਵੀ ਨਹੀਂ ਹੋਵੇਗੀ : ਆਈ.ਐਮ.ਐਫ.

- ਜੇ ਉੱਪਰ ਦੇ ਲੋਕਾਂ ਦੀ ਆਮਦਨ 1% ਵਧੇਗੀ ਅਤੇ ਹੇਠਲੇ 20% ਵਰਗ ਦੀ ਆਮਦਨ ਘਟੇਗੀ ਤਾਂ ਵਿਕਾਸ ਦਰ 0.08% ਤਕ ਡਿੱਗ ਜਾਵੇਗੀ।
- ਆਮਦਨ ਨਾ ਵਧਣ ਤੋਂ ਹੇਠਲਾ ਵਰਗ ਪ੍ਰਭਾਵਤ ਹੋਵੇਗਾ ਤਾਂ ਉਤਪਾਦਕਤਾ ਘਟੇਗੀ।
- ਅਪਰਾਧ ਤੇ ਹਿੰਸਾ ਨੂੰ ਹੁੰਗਾਰਾ ਮਿਲੇਗਾ। ਨਵੇਂ ਨਸਲਵਾਦ ਦਾ ਖਤਰਾ।
- ਗੈਰਬਰਾਬਰੀ ਕਾਰਨ 20 ਤੋਂ ਵੱਧ ਸਭਿਆਚਾਰਕ ਨਿਸ਼ਾਨੀਆਂ ਖਤਮ ਹੋ ਚੁੱਕੀਆਂ ਹਨ।

**ਹੱਲ :** ***ਸਰਕਾਰਾਂ 1% ਅਮੀਰਾਂ ਲਈ ਨਹੀਂ, ਬਾਕੀ 99% ਗਰੀਬ ਲੋਕਾਂ ਲਈ ਕੰਮ ਕਰਨ :***

- ਅਜਿਹੀ ਨੀਤੀਆਂ ਬਣਨ ਜੋ ਸਾਰਿਆਂ ਲਈ ਲਾਭਦਾਇਕ ਹੋਣ। ਸਰਕਾਰਾਂ ਆਪਸ 'ਚ ਸਹਿਯੋਗ ਕਰਨ, ਮੁਕਾਬਲਾ ਨਹੀਂ। ਮਰਦ-ਔਰਤ ਨੂੰ ਬਰਾਬਰੀ ਦਾ ਮੌਕਾ ਮਿਲੇ।
- ਜੀ.ਡੀ.ਪੀ. ਦੀ ਥਾਂ ਮਨੁੱਖੀ ਵਿਕਾਸ ਨੂੰ ਮਹੱਤਤਾ ਦੇਣੀ ਪਵੇਗੀ।
- ਕੰਪਨੀਆਂ ਸਾਰਿਆਂ ਦੇ ਲਾਭ ਲਈ ਕੰਮ ਕਰਨ।
- ਪੈਸੇ ਤੋਂ ਧਿਆਨ ਹਟਾ ਕੇ ਗਰੀਬੀ ਮਿਟਾਉਣ ਲਈ ਕੰਮ ਕਰਨਾ ਜ਼ਰੂਰੀ।

**ਮਰਦ-ਔਰਤ : 170 ਸਾਲ ਲਗਣਗੇ ਸਾਰਿਆਂ ਦੀ ਕਮਾਈ ਬਰਾਬਰ ਹੋਣ 'ਚ :**

ਵਰਲਡ ਇਕੋਨੋਮਿਕ ਫੋਰਮ ਅਨੁਸਾਰ ਦੁਨੀਆ 'ਚ ਮਰਦ ਅਤੇ ਔਰਤਾਂ ਦੀ ਕਮਾਈ ਵਿਚ ਭਾਰੀ ਅੰਤਰ ਹੈ। ਅਜਿਹਾ ਇਸ ਲਈ ਹੈ ਕਿਉਂਕਿ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਘੱਟ ਤਨਖ਼ਾਹ ਮਿਲਦੀ ਹੈ। ਉਨ੍ਹਾਂ ਦੀ ਕਮਾਈ ਵਿਚ 31-70 ਫ਼ੀਸਦੀ ਅੰਤਰ ਹੈ। ਅਜਿਹੇ ਵਿਚ ਦੋਹਾਂ ਦੀ ਕਮਾਈ ਬਰਾਬਰ ਹੋਣ 'ਚ 170 ਸਾਲ ਲੱਗਣਗੇ।

## ਵਿਦਿਅਕ ਅਦਾਰਿਆਂ ਵਿਚ ਆਜ਼ਾਦ ਸੋਚ ਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਖ਼ਤਰਾ : ਮਨਮੋਹਨ ਸਿੰਘ

### 'ਵਰਸਿਟੀਆਂ 'ਚ ਨਿਯੁਕਤੀਆਂ ਦੌਰਾਨ ਸਿਆਸੀ ਦਖ਼ਲ 'ਤੇ ਕੀਤਾ ਇਤਰਾਜ਼

**ਕੋਲਕਾਤਾ/ਬਿਊਰੋ ਨਿਊਜ਼ :** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮੋਦੀ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ ਭਾਰਤੀ ਯੂਨੀਵਰਸਿਟੀਆਂ ਵਿਚ ਆਜ਼ਾਦ ਸੋਚ ਅਤੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਖ਼ਤਰਾ ਖੜ੍ਹਾ ਹੋ ਗਿਆ ਹੈ। ਕਾਂਗਰਸ ਆਗੂ ਨੇ ਕਿਹਾ ਕਿ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੇ ਸੁਤੰਤਰ ਪ੍ਰਗਟਾਵੇ ਵਿਚ ਦਖ਼ਲ ਦੀਆਂ ਕੋਸ਼ਿਸ਼ਾਂ ਚਿੰਤਾ ਦਾ ਕਾਰਨ ਹਨ। ਉਨ੍ਹਾਂ ਕਿਹਾ ਕਿ ਸ਼ਾਂਤ ਢੰਗ ਨਾਲ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਨੂੰ ਦਬਾਉਣਾ 'ਸਿੱਖਣ ਪੱਖੋਂ ਖ਼ਤਰਨਾਕ ਰੁਝਾਨ' ਅਤੇ ਗ਼ੈਰ-ਜਮਹੂਰੀ ਅਮਲ ਹੈ। ਪ੍ਰੈਜ਼ੀਡੈਂਸੀ ਯੂਨੀਵਰਸਿਟੀ ਦੇ 200 ਸਾਲਾ ਜਸ਼ਨਾਂ ਸਬੰਧੀ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਮਨਮੋਹਨ ਸਿੰਘ ਨੇ ਕਿਹਾ, "ਅਸਲ ਰਾਸ਼ਟਰਵਾਦ ਉਥੇ ਮਿਲਦਾ ਹੈ ਜਿਥੇ ਵਿਦਿਆਰਥੀਆਂ ਅਤੇ ਨਾਗਰਿਕਾਂ ਨੂੰ ਸੋਚਣ ਅਤੇ ਖੁੱਲ੍ਹ ਕੇ ਬੋਲਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਉਸ ਆਵਾਜ਼ ਨੂੰ ਘੁੱਟਿਆ ਨਹੀਂ ਜਾਂਦਾ। ਇਹ ਸਿਰਫ਼ ਉਸਾਰੂ ਸੰਵਾਦ ਰਾਹੀਂ ਹੁੰਦਾ ਹੈ। ਅਸੀਂ ਮਜ਼ਬੂਤ, ਵੱਧ ਜੋੜਨ ਵਾਲੇ ਅਤੇ ਨਿਰੰਤਰ ਲੋਕਤੰਤਰ ਰਾਹੀਂ ਆਪਣੇ ਮੁਲਕ ਦਾ ਨਿਰਮਾਣ ਕਰ ਸਕਦੇ ਹਾਂ।" ਉਨ੍ਹਾਂ ਹੈਦਰਾਬਾਦ ਯੂਨੀਵਰਸਿਟੀ ਦੇ ਵਿਦਿਆਰਥੀ ਰੋਹਿਤ ਵੇਮੁਲਾ ਖੁਦਕੁਸ਼ੀ ਕਾਂਡ ਦਾ ਅਸਿੱਧੇ ਢੰਗ ਨਾਲ ਜ਼ਿਕਰ ਕੀਤਾ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂਨੀਵਰਸਿਟੀਆਂ ਅਤੇ ਵਿਦਿਅਕ ਅਦਾਰਿਆਂ ਵਿਚ ਨਿਯੁਕਤੀਆਂ ਵਿਚ ਸਿਆਸੀ ਦਖ਼ਲਅੰਦਾਜ਼ੀ ਠੀਕ ਨਹੀਂ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਦੀ ਖੁਦਮੁਖਤਿਆਰੀ ਦੀ ਰਾਖੀ ਦੀਆਂ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਦੁਨੀਆ ਭਰ ਵਿਚ ਰਾਸ਼ਟਰਵਾਦ ਅਤੇ ਪੱਛੜੇ ਵਰਗਾਂ ਤੇ ਘੱਟ ਗਿਣਤੀਆਂ ਖ਼ਿਲਾਫ਼ ਨਫ਼ਰਤ ਦਾ ਰੁਝਾਨ ਵਧਦਾ ਜਾ ਰਿਹਾ ਹੈ ਜੋ ਤਬਾਹਕੁਨ ਸਾਬਿਤ ਹੋ ਸਕਦਾ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਮੁਲਕ ਵਿਚ ਹਰ ਸਾਲ ਇਕ ਕਰੋੜ ਤੋਂ ਵੱਧ ਰੁਜ਼ਗਾਰ ਪੈਦਾ ਕਰਨ ਦੀ ਰਣਨੀਤੀ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਿਰੰਤਰ ਵਿਕਾਸ ਲਈ ਨੌਕਰੀਆਂ ਦੇਣ ਵੇਲੇ ਵਾਤਾਵਰਨ ਦੇ ਤਵਾਜ਼ਨ ਨੂੰ ਧਿਆਨ ਵਿਚ ਰੱਖਣਾ ਪਏਗਾ।



## ਵਿਰੋਧ ਝੱਲ ਰਹੇ ਊਰਜਿਤ ਪਟੇਲ ਦਾ ਦਾਅਵਾ: ਪਿਛਲੇ ਸਾਲ ਸ਼ੁਰੂ ਹੋ ਗਈ ਸੀ ਨੋਟਬੰਦੀ ਦੀ ਪ੍ਰਕਿਰਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਗਵਰਨਰ ਊਰਜਿਤ ਪਟੇਲ ਨੇ ਦਾਅਵਾ ਕੀਤਾ ਕਿ ਨੋਟਬੰਦੀ ਦੀ ਪ੍ਰਕਿਰਿਆ ਪਿਛਲੇ ਸਾਲ ਜਨਵਰੀ ਵਿਚ ਹੀ ਸ਼ੁਰੂ ਹੋ ਗਈ ਸੀ। ਊਰਜਿਤ ਪਟੇਲ ਨੂੰ ਨੋਟਬੰਦੀ ਦੇ ਮੁੱਦੇ ਉਤੇ ਉਦੋਂ ਸੰਸਦ ਮੈਂਬਰਾਂ ਦੇ ਸਖ਼ਤ ਸਵਾਲਾਂ ਦਾ ਸਾਹਮਣਾ ਕਰਨਾ ਪਿਆ, ਜਦੋਂ ਉਹ ਪੱਕੇ ਤੌਰ 'ਤੇ ਇਹ ਦੱਸਣ ਵਿੱਚ ਨਾਕਾਮ ਰਹੇ ਕਿ ਨੋਟਬੰਦੀ ਤੋਂ ਬਾਅਦ ਬੈਂਕਿੰਗ ਢਾਂਚਾ ਕਦੋਂ ਤੱਕ ਆਮ ਵਰਗਾ ਹੋ ਜਾਵੇਗਾ। ਗ਼ੌਰਤਲਬ ਹੈ ਕਿ ਬੈਂਕ ਆਖ ਚੁੱਕਾ ਹੈ ਕਿ ਬੰਦ ਕੀਤੀ ਗਈ 60 ਫ਼ੀਸਦੀ ਜਾਂ 9.2 ਲੱਖ ਕਰੋੜ ਕਰੰਸੀ ਨੂੰ ਬਦਲਿਆ ਜਾ ਚੁੱਕਾ ਹੈ।

ਸੰਸਦ ਦੀ ਵਿੱਤੀ ਮਾਮਲਿਆਂ ਸਬੰਧੀ ਸਥਾਈ ਕਮੇਟੀ ਅੱਗੇ ਆਪਣੀ ਪੇਸ਼ੀ ਸਮੇਂ ਸ੍ਰੀ ਪਟੇਲ ਨੋਟਬੰਦੀ ਤੋਂ ਬਾਅਦ ਜਮ੍ਹਾਂ ਹੋਏ 500 ਤੇ 1000 ਰੁਪਏ ਦੇ ਪੁਰਾਣੇ ਨੋਟਾਂ ਦੀ ਸਹੀ ਰਕਮ ਵੀ ਨਹੀਂ ਦੱਸ ਸਕੇ। ਸੂਤਰਾਂ ਮੁਤਾਬਕ ਇਸ ਮੌਕੇ ਕਮੇਟੀ ਦੇ ਮੈਂਬਰ ਐਮਪੀਜ਼ ਵੱਲੋਂ ਜ਼ੋਰਦਾਰ ਪੁੱਛ-ਪੜਤਾਲ ਤੋਂ

**ਬਾਕੀ ਸਫ਼ਾ 33 'ਤੇ**




### ਮਨਮੋਹਨ ਸਿੰਘ ਨੇ ਕੀਤਾ ਪਟੇਲ ਦਾ ਬਚਾਅ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਤੇ ਕਾਂਗਰਸੀ ਆਗੂ ਡਾ. ਮਨਮੋਹਨ ਸਿੰਘ ਦੇ ਦਖ਼ਲ ਸਦਕਾ ਆਰਬੀਆਈ ਦੇ ਗਵਰਨਰ ਊਰਜਿਤ ਪਟੇਲ ਸੰਸਦੀ ਕਮੇਟੀ ਦੇ ਮੈਂਬਰਾਂ ਦੇ ਹੋਰ ਤਿੱਖੇ ਸਵਾਲਾਂ ਦਾ ਸਾਹਮਣਾ ਕਰਨ ਤੋਂ ਬਚ ਗਏ। ਜਿਉਂ ਹੀ ਮੈਂਬਰਾਂ ਦੇ ਸਵਾਲ ਤਿੱਖੇ ਹੋਣੇ ਸ਼ੁਰੂ ਹੋਏ ਤਾਂ ਡਾ. ਮਨਮੋਹਨ ਸਿੰਘ, ਜੋ ਖ਼ੁਦ ਵੀ ਆਰਬੀਆਈ ਦੇ ਸਾਬਕਾ ਗਵਰਨਰ ਹਨ, ਨੇ ਇਹ ਕਹਿੰਦਿਆਂ ਉਨ੍ਹਾਂ ਨੂੰ ਵਰਜਿਆ ਕਿ ਇਕ ਅਦਾਰੇ ਵਜੋਂ ਆਰਬੀਆਈ ਤੇ ਇਸ ਦੇ ਗਵਰਨਰ ਦੇ ਰੁਤਬੇ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਗ਼ੌਰਤਲਬ ਹੈ ਕਿ ਰਾਜ ਸਭਾ ਵਿੱਚ ਸਾਬਕਾ ਪ੍ਰਧਾਨ ਮੰਤਰੀ ਨੇ ਨੋਟਬੰਦੀ ਦੇ ਮੁੱਦੇ ਉਤੇ ਮੋਦੀ ਸਰਕਾਰ ਦੀ ਜ਼ੋਰਦਾਰ ਖਿਚਾਈ ਕੀਤੀ ਸੀ।

## ਕਾਂਗਰਸ ਵੱਲੋਂ ਨੋਟਬੰਦੀ ਖ਼ਿਲਾਫ਼ ਦੇਸ਼ ਭਰ ਵਿਚ ਪ੍ਰਦਰਸ਼ਨ

ਨਵੀਂ ਦਿੱਲੀ/ਅਹਿਮਦਾਬਾਦ : ਨੋਟਬੰਦੀ ਦੇ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਘੇਰਨ ਵਿਚ ਲੱਗੀ ਕਾਂਗਰਸ ਇਕ ਵਾਰ ਫਿਰ ਸਰਕਾਰ ਖ਼ਿਲਾਫ਼ ਹਮਲੇ ਤੇਜ਼ ਕਰ ਰਹੀ ਹੈ। ਕਾਂਗਰਸ ਦੇਸ਼ ਭਰ ਵਿਚ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰਨ ਵਿਚ ਲੱਗੀ ਹੋਈ ਹੈ ਜਿਸ ਤਹਿਤ ਕਾਂਗਰਸ ਨੇ ਦਿੱਲੀ ਦੇ ਜੰਤਰ ਮੰਤਰ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕੇਂਦਰ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਸਾਬਕਾ ਗ੍ਰਹਿ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਸੁਸ਼ੀਲ ਕੁਮਾਰ ਸ਼ਿੰਦੇ ਨੂੰ ਅਹਿਮਦਾਬਾਦ ਵਿਚ ਨੋਟਬੰਦੀ ਦੇ ਮੁੱਦੇ 'ਤੇ ਰਿਜ਼ਰਵ ਬੈਂਕ ਦਫ਼ਤਰ ਵਿਚ ਤਾਲਾਬੰਦੀ ਸਬੰਧੀ ਪਾਰਟੀ ਦੇ ਪ੍ਰੋਗਰਾਮ ਦੌਰਾਨ ਹੋਰ ਆਗੂਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਭਰਤ ਸਿੰਘ ਸੋਲੰਕੀ, ਸ਼ੰਕਰ ਸਿੰਘ ਵਾਘੇਲਾ ਸਮੇਤ 130 ਕਾਂਗਰਸੀ ਵਰਕਰਾਂ ਨੂੰ ਇਸ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ। ਗੱਲਬਾਤ ਦੌਰਾਨ ਸਹਾਇਕ ਪੁਲੀਸ ਕਮਿਸ਼ਨਰ ਅਰਪਿਤਾ ਪਟੇਲ ਨੇ ਕਿਹਾ ਕਿ ਉਨ੍ਹਾਂ ਨੂੰ ਬਾਅਦ ਵਿਚ ਰਿਹਾਅ ਕਰ ਦਿੱਤਾ ਜਾਵੇਗਾ। ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਸ੍ਰੀ ਸ਼ਿੰਦੇ ਨੇ ਕਿਹਾ ਕਿ

**ਬਾਕੀ ਸਫ਼ਾ 33 'ਤੇ**

# ਟਰੰਪ ਖ਼ਿਲਾਫ਼ ਸੜਕਾਂ 'ਤੇ ਉਤਰੀਆਂ ਹਜ਼ਾਰਾਂ ਔਰਤਾਂ

## ਭਾਰਤੀ-ਅਮਰੀਕੀ ਸੰਸਦ ਮੈਂਬਰ ਐਮੀ ਬੇਰਾ ਸਮੇਤ ਕਈ ਆਗੂ ਹੋਏ ਸ਼ਾਮਲ




**ਵਾਸ਼ਿੰਗਟਨ/ਲਾਸ ਏਂਜਲਸ/ਬਿਊਰੋ ਨਿਊਜ਼ :** ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ਼ ਵਿਰੋਧ ਘੱਟ ਹੋਣ ਦਾ ਨਾਂ ਹੀ ਨਹੀਂ ਲੈ ਰਿਹਾ। ਟਰੰਪ ਦੇ ਸਹੁੰ ਲੈਣ ਦੇ ਮਹਿਜ਼ ਇਕ ਦਿਨ ਬਾਅਦ ਹੀ ਵਾਸ਼ਿੰਗਟਨ ਦੀਆਂ ਸੜਕਾਂ 'ਤੇ ਹਜ਼ਾਰਾਂ ਔਰਤਾਂ ਨੇ ਨਵੀਂ ਸਰਕਾਰ ਦੀਆਂ ਨੀਤੀਆਂ ਨੂੰ ਲੈ ਕੇ ਪ੍ਰਦਰਸ਼ਨ ਕੀਤਾ। ਇਸ ਵਿਚ ਭਾਰਤੀ-ਅਮਰੀਕੀ ਸੰਸਦ ਮੈਂਬਰ ਐਮੀ ਬੇਰਾ, ਡੈਮੋਕਰੈਟਸ ਦੇ ਸਾਬਕਾ ਵਿਦੇਸ਼ ਮੰਤਰੀ ਸਮੇਤ ਕਈ ਆਗੂ ਸ਼ਾਮਲ ਹੋਏ। ਪ੍ਰਦਰਸ਼ਨਕਾਰੀਆਂ ਦੇ ਪੋਸਟਰਾਂ 'ਤੇ ਲਿਖਿਆ ਸੀ, 'ਵੂਮਨ ਰਾਈਟਸ ਆਰ ਹਿਊਮਨ ਰਾਈਟਸ ਹੈ। ਟਰੰਪ ਪੁਤਿਨ ਦੇ ਹੱਥਾਂ ਦਾ ਖਿਡੌਣਾ ਹੈ।' ਇਕੱਲੇ ਵਾਸ਼ਿੰਗਟਨ ਵਿਚ ਹੀ ਕਰੀਬ 2 ਲੱਖ ਲੋਕ ਸ਼ਾਮਲ ਹੋਏ। ਇਸ ਤੋਂ ਇਲਾਵਾ ਨਿਊਯਾਰਕ, ਲਾਸ ਏਂਜਲਸ, ਸ਼ਿਕਾਗੋ ਤੇ ਬੋਸਟਨ ਵਿਚ ਵੀ ਔਰਤਾਂ ਨੇ ਪ੍ਰਦਰਸ਼ਨ ਕੀਤਾ। ਵੂਮੈਨ ਅਵੇਰਨੈੱਸ ਨੂੰ ਲੈ ਕੇ ਇਸੇ ਤਰ੍ਹਾਂ ਦੀਆਂ ਕਈ ਰੈਲੀਆਂ ਲੰਡਨ, ਸਿਡਨੀ ਤੇ ਟੋਕੀਓ ਵਿਚ ਵੀ ਹੋਈਆਂ। ਦੱਸਿਆ ਜਾ ਰਿਹਾ ਹੈ ਕਿ ਕਰੀਬ 40 ਲੱਖ ਲੋਕਾਂ ਨੇ ਇਸ ਪ੍ਰਦਰਸ਼ਨ ਵਿਚ ਹਿੱਸਾ ਲਿਆ। ਡੈਮੋਕਰੈਟ ਸੈਨੇਟਰ ਬਰਨੀ ਸੈਂਡਰਸ ਨੇ ਟਵੀਟ ਕਰ ਕੇ ਕਿਹਾ, 'ਔਰਤਾਂ ਨੂੰ ਇਸ ਤਰ੍ਹਾਂ ਦਾ ਮਾਰਚ ਕੱਢਣ ਲਈ ਵਧਾਈ ਦਿੰਦਾ ਹਾਂ। ਔਰਤਾਂ ਦੇ ਅਧਿਕਾਰਾਂ ਦੀ ਇਸ ਲੜਾਈ ਨੂੰ ਅਸੀਂ ਕਾਫ਼ੀ ਅੱਗੇ ਲੈ ਕੇ ਜਾਵਾਂਗੇ।' ਸੈਂਡਰਸ ਨੇ ਮਾਰਟ ਨੂੰ ਟਰੰਪ ਖ਼ਿਲਾਫ਼ ਪਹਿਲਾ ਵਿਰੋਧ ਕਰਾਰ ਦਿੱਤਾ। ਇਸ ਪ੍ਰਦਰਸ਼ਨ ਵਿਚ ਓਬਾਮਾ ਪ੍ਰਸ਼ਾਸਨ ਵਿਚ ਵਿਦੇਸ਼ ਮੰਤਰੀ ਰਹੇ ਜੌਨ ਕੈਰੀ ਵੀ ਸ਼ਾਮਲ ਹੋਏ।

ਮਹਿਲਾ ਮਾਰਚ ਦੇ ਪ੍ਰਬੰਧਕਾਂ ਨੇ ਪ੍ਰਦਰਸ਼ਨ ਸਫ਼ਲ ਹੋਣ 'ਤੇ ਕਿਹਾ ਕਿ ਇਹ ਅੰਦੋਲਨ ਦੀ ਸ਼ੁਰੂਆਤ ਹੈ। ਕਾਂਗਰਸ ਲਈ ਚੁਣੇ ਗਏ ਪੰਜ ਭਾਰਤ-ਅਮਰੀਕੀਆਂ ਨੇ ਵੀ ਇਸ ਮਾਰਚ ਵਿਚ ਸ਼ਮੂਲੀਅਤ ਕੀਤੀ। ਅਦਾਕਾਰਾ ਪ੍ਰਿਅੰਕਾ ਚੋਪੜਾ ਨੇ ਟਵੀਟ ਕਰ ਕੇ ਟਰੰਪ ਖ਼ਿਲਾਫ਼ ਪ੍ਰਦਰਸ਼ਨਾਂ ਨੂੰ ਹਮਾਇਤ ਦਿੱਤੀ। ਫਿਲਮਸਾਜ਼ ਮਾਈਕਲ ਮੂਰ, ਗਲੋਰੀਆ ਸਟੀਨੇਮ, ਸੰਗੀਤਕਾਰ ਅਲੀਸ਼ੀਆ ਕੀਜ਼ ਅਤੇ ਬੁਲਾਰਿਆਂ ਨੇ ਜਜ਼ਬਾਤੀ ਹੁੰਦਿਆਂ ਟਰੰਪ ਦੀਆਂ ਇਮੀਗਰੇਸ਼ਨ, ਮੁਸਲਮਾਨਾਂ ਅਤੇ ਮਹਿਲਾਵਾਂ ਬਾਰੇ ਨੀਤੀਆਂ 'ਤੇ ਵੀ ਹਮਲੇ ਕੀਤੇ। ਪੌਪ ਗਾਇਕਾ ਮੈਡੋਨਾ ਵਾਸ਼ਿੰਗਟਨ ਦੇ ਨੈਸ਼ਨਲ ਮਾਲ ਨੇੜੇ ਪ੍ਰਦਰਸ਼ਨਾਂ ਵਿਚ ਨਜ਼ਰ ਆਈ। ਨਿਊਯਾਰਕ ਸਿਟੀ ਵਿਚ ਪ੍ਰਦਰਸ਼ਨਕਾਰੀਆਂ ਨੇ ਟਰੰਪ ਦੀ ਰਿਹਾਇਸ਼ ਵੱਲ ਚਾਲੇ ਪਾਏ ਪਰ ਉਨ੍ਹਾਂ ਨੂੰ ਰਾਹ ਵਿਚ ਰੋਕ ਲਿਆ ਗਿਆ। ਬੋਸਟਨ ਵਿਚ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੂੰ ਸੈਨੇਟਰ ਐਲਿਜ਼ਾਬੈੱਥ ਵਾਰੇਨ ਨੇ ਸੰਬੋਧਨ ਕੀਤਾ। ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਮਾਰਚ ਨੂੰ ਹਮਾਇਤ ਦਿੱਤੀ ਸੀ। 'ਸਟਾਰ ਵਾਰਜ਼' ਵਿਚ ਪ੍ਰਿੰਸੈਸ ਲੀਆ ਦਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਕੈਰੀ ਫਿਸ਼ਰ ਦੀ ਯਾਦ ਨੂੰ ਉਭਾਰਦਿਆਂ ਮਹਿਲਾਵਾਂ ਨੇ ਉਸ ਦੇ ਪੋਸਟਰ ਅਤੇ ਤਖ਼ਤੀਆਂ ਲੈ ਕੇ ਟਰੰਪ ਖ਼ਿਲਾਫ਼ ਪ੍ਰਦਰਸ਼ਨ ਕੀਤੇ।

**ਵੈਨਕੂਵਰ 'ਚ ਵੀ ਪ੍ਰਦਰਸ਼ਨ :**

ਵੈਨਕੂਵਰ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਔਰਤਾਂ ਦੇ ਹੱਕਾਂ ਬਾਰੇ ਕੀਤੀਆਂ ਟਿੱਪਣੀਆਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਹਜ਼ਾਰਾਂ ਔਰਤਾਂ ਵੈਨਕੂਵਰ ਦੀਆਂ ਸੜਕਾਂ 'ਤੇ ਉਤਰ ਆਈਆਂ। ਗੁਲਾਬੀ ਟੋਪੀਆਂ ਨਾਲ ਸਜੀਆਂ 15 ਹਜ਼ਾਰ ਤੋਂ ਵੱਧ ਔਰਤਾਂ ਨੇ ਕਿਹਾ ਕਿ ਦੁਨੀਆਂ 'ਤੇ ਸਰਦਾਰੀ ਕਰਨ ਵਾਲੇ ਦੇਸ਼ ਦੇ ਰਾਸ਼ਟਰਪਤੀ ਵੱਲੋਂ ਔਰਤਾਂ ਬਾਰੇ ਵਤੀਰਾ ਨਿੰਦਣਯੋਗ ਹੈ।

**ਆਸਟਰੇਲੀਆ 'ਚ ਟਰੰਪ ਖ਼ਿਲਾਫ਼ ਪ੍ਰਦਰਸ਼ਨ :**

ਸਿਡਨੀ : ਆਸਟਰੇਲੀਆ ਦੇ ਵੱਖ-ਵੱਖ ਸ਼ਹਿਰਾਂ ਵਿਚ ਹਜ਼ਾਰਾਂ ਲੋਕਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ਼ ਰੋਸ ਮੁਜ਼ਾਹਰੇ ਅਤੇ ਰੈਲੀਆਂ ਕੀਤੀਆਂ। ਟਰੰਪ ਦੀਆਂ ਨੀਤੀਆਂ ਨੂੰ ਵੰਡ ਪਾਊ ਅਤੇ ਲੋਕ ਵਿਰੋਧੀ ਕਰਾਰ ਦਿੰਦਿਆਂ ਸਿਡਨੀ ਵਿਚਲੇ ਵਪਾਰਕ ਕੇਂਦਰ ਮਾਰਟਨ ਪੈਲੇਸ ਵਿਚ ਕਰੀਬ 5000 ਲੋਕ ਇਕੱਠੇ ਹੋਏ ਅਤੇ ਮੁੱਖ ਸੜਕਾਂ 'ਤੇ ਮਾਰਚ ਕੀਤਾ।

## ਟਰੰਪ ਨੇ ਮੀਡੀਆ ਨੂੰ ਦੱਸਿਆ 'ਸਭ ਤੋਂ ਬੇਈਮਾਨ ਜਾਤੀ'

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੀਡੀਆ ਖ਼ਿਲਾਫ਼ ਇਕ ਵਾਰ ਫਿਰ ਕੁਬੋਲ ਬੋਲਦਿਆਂ ਕਿਹਾ ਹੈ ਕਿ ਉਹ ਧਰਤੀ 'ਤੇ ਸਭ ਤੋਂ ਵੱਧ ਬੇਈਮਾਨ ਇਨਸਾਨ ਹਨ। ਇਕ ਚੈਨਲ ਵੱਲੋਂ ਉਨ੍ਹਾਂ ਦੇ ਹਲਫਦਾਰੀ ਸਮਾਗਮ ਵਿਚ ਲੋਕਾਂ ਦੀ ਘੱਟ ਹਾਜ਼ਰੀ ਦਿਖਾਏ ਜਾਣ ਤੋਂ ਭੜਕੇ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਮੀਡੀਆ ਨਾਲ ਜੰਗ ਚੱਲ ਰਹੀ ਹੈ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਝੂਠੀ ਖ਼ਬਰ ਦਿਖਾਈ ਤਾਂ ਇਸ ਦੇ ਨਤੀਜੇ ਭੁਗਤਣੇ ਪੈਣਗੇ। ਸੀਆਈਏ ਹੈੱਡਕੁਆਰਟਰ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੀਡੀਆ ਨੇ ਇਹ ਅਫ਼ਵਾਹ ਫੈਲਾਈ ਹੋਈ ਹੈ ਕਿ ਉਨ੍ਹਾਂ ਦੇ ਖ਼ੁਫ਼ੀਆ ਏਜੰਸੀ ਨਾਲ ਮੱਤਭੇਦ ਹਨ ਅਤੇ ਇਨ੍ਹਾਂ ਰਿਪੋਰਟਾਂ ਨੂੰ ਖ਼ਾਰਜ ਕਰਨ ਲਈ ਹੀ ਉਹ ਇਥੇ ਆਏ ਹਨ। ਉਧਰ ਵ੍ਹਾਈਟ ਹਾਊਸ ਦੇ ਨਵੇਂ ਪ੍ਰੈੱਸ ਸਕੱਤਰ ਸੀਨ ਸਪਾਈਸਰ ਨੇ ਮੀਡੀਆ ਵੱਲੋਂ ਪਿਛਲੇ 48 ਘੰਟਿਆਂ ਵਿਚ ਕੀਤੀ ਗਈ ਪ੍ਰੈੱਸ ਕਵਰੇਜ ਨੂੰ ਗ਼ਲਤ ਅਤੇ ਪੱਖਪਾਤੀ ਕਰਾਰ ਦਿੱਤਾ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਕਰੀਬ ਇਕ ਮਿਲੀਅਨ ਜਾਂ ਡੇਢ ਮਿਲੀਅਨ ਲੋਕ ਉਨ੍ਹਾਂ ਦੇ ਸਹੁੰ ਚੁੱਕ ਸਮਾਗਮ ਵਿਚ ਆਏ ਸਨ। ਚੈਨਲ ਵਾਲਿਆਂ ਨੇ ਉਹ ਥਾਂ ਦਿਖਾਈ ਜੋ ਇਕਦਮ ਖਾਲੀ ਸੀ ਤੇ ਉਥੇ ਸ਼ਾਇਦ ਕੋਈ ਨਹੀਂ ਸੀ। ਮੀਡੀਆ ਵਲੋਂ ਇਹ ਕਹੇ ਜਾਣ ਕਿ ਟਰੰਪ ਜ਼ਿਆਦਾ ਲੋਕਾਂ ਨੂੰ ਆਕਰਸ਼ਤ ਨਹੀਂ ਕਰ ਸਕੇ, ਦੇ ਜਵਾਬ ਵਿਚ ਟਰੰਪ ਬੋਲੇ ਕਿ ਸ਼ਾਇਦ ਲੋਕ ਮੀਂਹ ਕਾਰਨ ਘਬਰਾ ਗਏ ਪਰ ਇਸ਼ਵਰ ਦੀ ਕਿਰਪਾ ਰਹੀ ਤੇ ਮੀਂਹ ਕਾਰਨ ਭਾਸ਼ਣ ਬਰਬਾਦ ਨਹੀਂ ਹੋਇਆ। ਫਿਰ ਜਦੋਂ ਮੈਂ ਸਹੁੰ ਲੈ ਕੇ ਗਿਆ ਤਾਂ ਫੇਰ ਤੋਂ ਮੀਂਹ ਪੈਣ ਲੱਗਾ। ਪਰ ਫਿਰ ਵੀ ਕਰੀਬ ਇਕ ਤੋਂ ਡੇਢ ਮਿਲੀਅਨ ਲੋਕ ਇਸ ਸਮਾਰੋਹ ਵਿਚ ਆਏ ਸਨ। ਟਰੰਪ ਨੇ ਕਿਹਾ ਕਿ ਫਿਰ ਵੀ ਮੀਡੀਆ ਝੂਠ ਬੋਲ ਰਿਹਾ ਹੈ ਤੇ ਕਹਿ ਰਿਹਾ ਹੈ ਕਿ ਕਰੀਬ 250,000 ਲੋਕ ਹੀ ਇਸ ਸਮਾਰੋਹ ਵਿਚ ਆਏ ਸਨ। ਟਰੰਪ ਨੇ ਚਿਤਾਵਨੀ ਦਿੱਤੀ ਕਿ ਮੀਡੀਆ ਨੂੰ ਇਸ ਝੂਠ ਦੀ ਕੀਮਤ ਚੁਕਾਉਣੀ ਪਏਗੀ। ਟਰੰਪ ਨੇ ਸੀ.ਆਈ.ਏ. ਵਿਚ ਮੌਜੂਦ ਅਫ਼ਸਰਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਇਸ ਲਈ ਮਿਲਣ ਆਏ ਹਨ ਕਿਉਂਕਿ ਮੀਡੀਆ ਨਾਲ ਉਨ੍ਹਾਂ ਦੀ ਲੜਾਈ ਚੱਲ ਰਹੀ ਹੈ। ਟਰੰਪ ਨੇ ਕਿਹਾ, 'ਮੀਡੀਆ ਦੇ ਲੋਕ ਧਰਤੀ 'ਤੇ ਮਨੁੱਖੀ ਜਾਤੀ ਵਿਚ ਸਭ ਤੋਂ ਬੇਈਮਾਨ ਹੈ।' ਟਰੰਪ ਦੇ ਇਹ ਕਹਿੰਦਿਆਂ ਹੀ ਸੀ.ਆਈ.ਏ. ਦੇ ਅਧਿਕਾਰੀਆਂ ਨੇ ਤਾੜੀਆਂ ਮਾਰੀਆਂ ਤੇ ਉਹ ਜ਼ੋਰ ਜ਼ੋਰ ਨਾਲ ਹੱਸਣ ਲੱਗੇ। ਟਰੰਪ ਨੇ ਅਫ਼ਸਰਾਂ ਨੂੰ ਕਿਹਾ ਕਿ ਉਨ੍ਹਾਂ ਨੇ ਇਸ ਤਰ੍ਹਾਂ ਸਾਰੀਆਂ ਚੀਜ਼ਾਂ ਪੇਸ਼ ਕੀਤੀਆਂ ਹਨ ਜਿਸ ਨਾਲ ਲੱਗਣ ਲੱਗੇ ਕਿ ਰਾਸ਼ਟਰਪਤੀ ਤੇ ਬੁੱਧੀਜੀਵੀ ਭਾਈਚਾਰੇ ਵਿਚਾਲੇ ਮਤਭੇਦ ਹਨ, ਜਦਕਿ ਅਜਿਹਾ ਕੁਝ ਨਹੀਂ ਹੈ।

## ਟਰੰਪ ਨੇ ਮੋਦੀ ਨਾਲ ਫ਼ੋਨ 'ਤੇ ਕੀਤੀ ਗੱਲਬਾਤ, ਅਮਰੀਕਾ ਆਉਣ ਦਾ ਸੱਦਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਅਮਰੀਕਾ ਆਉਣ ਦਾ ਸੱਦਾ ਦਿੱਤਾ। ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਸੀਨ ਸਪਾਈਸਰ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ 'ਤੇ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਦੁਨੀਆ ਦੇ ਉਨ੍ਹਾਂ 5 ਪ੍ਰਧਾਨ ਮੰਤਰੀਆਂ ਵਿਚ ਸ਼ਾਮਲ ਹਨ, ਜਿਨ੍ਹਾਂ ਨਾਲ 20 ਜਨਵਰੀ ਨੂੰ ਸਹੁੰ ਚੁੱਕਣ ਦੇ ਬਾਅਦ ਟਰੰਪ ਨੇ ਗੱਲਬਾਤ ਕੀਤੀ ਹੈ। 21 ਜਨਵਰੀ ਨੂੰ ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਮੈਕਸੀਕੋ ਦੇ ਪ੍ਰਧਾਨ ਮੰਤਰੀ ਪੇਨਾ ਨੀਟੋ ਨਾਲ ਗੱਲ ਕੀਤੀ ਸੀ। ਟਰੰਪ ਨੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਮਿਸਰ ਦੇ ਰਾਸ਼ਟਰਪਤੀ ਅਬਦਿਲ ਫਤਾਹ ਅਲ ਸੀਸੀ ਨਾਲ ਵੀ ਗੱਲ ਕੀਤੀ ਸੀ। ਮੋਦੀ ਵਿਸ਼ਵ ਦੇ ਉਨ੍ਹਾਂ ਪਹਿਲੇ ਪੰਜ ਨੇਤਾਵਾਂ ਵਿਚ ਸ਼ਾਮਲ ਸਨ ਜਿਨ੍ਹਾਂ ਨੇ ਟਰੰਪ ਨੂੰ ਵਧਾਈ ਦਿੱਤੀ ਸੀ।

### ਸਲੋਗਨ ਬਦਲਣਾ

*ਇਕ-ਦੋ ਦਿਨ 'ਚ ਲੈਣਗੇ ਵੱਡੇ ਫ਼ੈਸਲੇ*

- ਟਰੰਪ ਨੇ ਆਪਣੇ ਸਲੋਗਨ 'ਮੇਕ ਅਮਰੀਕਾ ਗ੍ਰੇਟ ਅਗੇਨ' ਨੂੰ 'ਮੇਕ ਅਮਰੀਕਾ ਗ੍ਰੇਟਰ ਦੈਨ ਐਵਰ ਬਿਫ਼ੋਰ' ਵਿਚ ਬਦਲ ਦਿੱਤਾ ਹੈ।
- ਟਰੰਪ ਨੇ ਸਹੁੰ ਚੁੱਕ ਸਮਾਗਮ ਤੋਂ ਬਾਅਦ ਦਫ਼ਤਰੀ ਕੰਮਕਾਜ ਸੰਭਾਲ ਲਿਆ ਹੈ। ਇਕ-ਦੋ ਦਿਨ 'ਚ ਟਰੰਪ ਵੱਡੇ ਫੈਸਲੇ ਲੈ ਸਕਦੇ ਹਨ।
- ਟਰੰਪ ਨੇ ਸਹੁੰ ਚੁੱਕ ਸਮਗਾਮ ਤੋਂ ਪਹਿਲਾਂ ਕਿਹਾ - ਉਹ ਰਾਸ਼ਟਰਪਤੀ ਦੀ ਕਲਮ ਦੀ ਵਰਤੋਂ ਜ਼ਰੂਰੀ ਕਾਗਜ਼ਾਂ 'ਤੇ ਹਸਤਾਖਰ ਕਰਨ ਵਿਚ ਕਰਨਗੇ।
- ਸਹੁੰ ਚੁੱਕ ਸਮਾਗਮ ਦਾ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਬਾਇਕਾਟ ਕੀਤਾ।
- ਸਮਾਗਮ ਵਿਚ ਡੈਮੋਕ੍ਰੇਟਿਕ ਪਾਰਟੀ ਦੇ 60 ਸਾਂਸਦ ਸ਼ਾਮਲ ਨਹੀਂ ਹੋਏ।
- ਪਰੰਪਰਾ ਅਨੁਸਾਰ ਟਰੰਪ ਓਬਾਮਾ ਦੇ ਘਰ ਕੌਫੀ ਪੀਣ ਵੀ ਗਏ।
- ਓਬਾਮਾ ਦੇ ਵ੍ਹਾਈਟ ਹਾਊਸ ਛੱਡਣ ਦੇ 6 ਘੰਟੇ ਬਾਅਦ ਸ਼ਿਫਟ ਹੋਏ ਨਵੇਂ ਰਾਸ਼ਟਰਪਤੀ ਓਬਾਮਾ।

*ਸਫ਼ਾ ਇਕ ਦਾ ਬਾਕੀ*

### ਟਰੰਪ ਯੁੱਗ : ਸ਼ਾਨਦਾਰ ਸਮਾਗਮ-ਵਿਰੋਧ ਪ੍ਰਦਰਸ਼ਨਾਂ ਵਿਚਕਾਰ ਰਾਸ਼ਟਰਪਤੀ ਬਣੇ ਟਰੰਪ

ਫਿਰ ਤੋਂ ਅਜਿਹਾ ਨਿਰਮਾਣ ਕੀਤਾ ਜਾਵੇਗਾ ਕਿ ਉਹ ਵਾਪਸ ਸੁਪਨੇ ਬੁਣ ਸਕਣ ਤੇ ਨਾਲ ਹੀ ਅਮਰੀਕਾ ਫਸਟ ਉਨ੍ਹਾਂ ਦੇ ਸ਼ਾਸਨ ਦਾ ਮੂਲਮੰਤਰ ਹੋਵੇਗਾ। ਉਨ੍ਹਾਂ ਦੇ ਹਲਫ਼ਦਾਰੀ ਸਮਾਗਮ ਸਬੰਧੀ ਜਸ਼ਨ ਦੋ ਦਿਨ ਤੋਂ ਹੀ ਜਾਰੀ ਸਨ, ਜਦੋਂਕਿ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਨੂੰ ਰਾਸ਼ਟਰਪਤੀ ਚੁਣੇ ਜਾਣ ਦੇ ਵਿਰੋਧ ਵਿਚ ਜ਼ੋਰਦਾਰ ਰੋਸ ਮੁਜ਼ਾਹਰੇ ਵੀ ਕੀਤੇ। ਇਸ ਦੌਰਾਨ ਘੱਟੋ-ਘੱਟ ਚਾਰ ਮੁਜ਼ਾਹਰੇ ਹਿੰਸਕ ਰੂਪ ਧਾਰ ਗਏ, ਜਿਸ ਦੌਰਾਨ ਮੁਜ਼ਾਹਰਕਾਰੀਆਂ ਨੇ ਸਟੋਰਾਂ ਤੇ ਕਾਰਾਂ ਦੇ ਸ਼ੀਸ਼ੇ ਭੰਨ ਦਿੱਤੇ ਤੇ ਪੁਲੀਸ ਨਾਲ ਵੀ ਝੜਪਾਂ ਕੀਤੀਆਂ।

ਇਸ ਤੋਂ ਪਹਿਲਾਂ ਸ੍ਰੀ ਟਰੰਪ ਇਕ ਕਾਫ਼ਲੇ ਦੇ ਰੂਪ ਵਿੱਚ ਸਹੁੰ-ਚੁੱਕ ਸਮਾਗਮ ਵਿਚ ਪੁੱਜੇ। ਉਨ੍ਹਾਂ ਆਪਣੇ ਸਹੁੰ-ਚੁੱਕ ਕਾਫ਼ਲੇ ਦੀ ਸ਼ੁਰੂਆਤ ਇਥੇ ਚਰਚ ਵਿੱਚ ਹਾਜ਼ਰੀ ਭਰ ਕੇ ਕੀਤੀ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਪ੍ਰਥਮ ਮਹਿਲਾ ਮਿਲਾਨਿਆ ਟਰੰਪ, ਧੀ ਇਵਾਂਕਾ ਤੇ ਜਵਾਈ ਜੇਰਡ ਕੁਸ਼ਨਰ ਤੇ ਪੁੱਤਰਾਂ ਨੇ ਵੀ ਚਰਚ ਵਿੱਚ ਅਕੀਦਤ ਪੇਸ਼ ਕੀਤੀ। ਇਸ ਪਿੱਛੋਂ ਉਨ੍ਹਾਂ ਦਾ ਕਾਫ਼ਲਾ ਵਾਈਟ ਹਾਊਸ ਪੁੱਜਾ ਜਿਥੇ ਅਹੁਦਾ ਛੱਡ ਰਹੇ ਰਾਸ਼ਟਪਰਤੀ ਬਰਾਕ ਓਬਾਮਾ ਤੇ ਉਨ੍ਹਾਂ ਦੇ ਪਰਿਵਾਰ ਨੇ ਨਵੇਂ ਰਾਸ਼ਟਰਪਤੀ ਤੇ ਉਨ੍ਹਾਂ ਦੇ ਪਰਿਵਾਰ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਨਵੀਂ ਫਸਟ ਲੇਡੀ ਮਿਲੇਨੀਆ ਟਰੰਪ ਨੇ ਰੁਖ਼ਸਤ ਹੋ ਰਹੀ ਫਸਟ ਲੇਡੀ ਮਿਸ਼ੇਲ ਓਬਾਮਾ ਨੂੰ ਇਕ ਟਿਫੇਨੀ ਗਿਫ਼ਟ ਭੇਟ ਕੀਤਾ। ਸਹੁੰ-ਚੁੱਕ ਸਮਾਗਮ ਵਿੱਚ ਉਨ੍ਹਾਂ ਤੋਂ ਚੋਣਾਂ ਵਿੱਚ ਮਾਤ ਖਾਣ ਵਾਲੀ ਬੀਬੀ ਹਿਲੇਰੀ ਕਲਿੰਟਨ ਨੇ ਵੀ ਆਪਣੇ ਪਤੀ ਤੇ ਸਾਬਕਾ ਰਾਸ਼ਰਪਤੀ ਬਿਲ ਕਲਿੰਟਨ ਨਾਲ ਸ਼ਿਰਕਤ ਕੀਤੀ।

ਨਿਊਯਾਰਕ ਟਾਈਮਜ਼ ਅਨੁਸਾਰ ਟਰੰਪ ਦੇ ਸਹੁੰ ਚੁੱਕ ਸਮਾਗਮ ਦਾ ਹਾਲੀਵੁਡ ਦੇ ਏ-ਗ੍ਰੇਡ ਆਰਟਿਸਟਾਂ ਨੇ ਬਾਇਕਾਟ ਕੀਤਾ। ਫਿਰ ਵੀ ਇਹ ਅਮਰੀਕੀ ਇਤਿਹਾਸ ਦਾ ਸਭ ਤੋਂ ਮਹਿੰਗਾ ਸਹੁੰ ਚੁੱਕ ਸਮਾਗਮ ਹੈ। ਲਗਭਗ 200 ਮਿਲੀਅਨ ਡਾਲਰ ਖਰਚ ਹੋਏ। ਲਗਭਗ 100 ਮਿਲੀਅਨ ਰੁਪਏ ਚੰਦੇ ਤੋਂ ਇਕੱਠ ਕੀਤੇ। ਵਾਸ਼ਿੰਗਟਨ 'ਚ ਲਗਭਗ 63 ਸੰਗਠਨਾਂ ਨੇ ਟਰੰਪ ਦਾ ਵਿਰੋਧ ਕੀਤਾ। ਸੁਰੱਖਿਆ ਲਈ ਲਗਭਗ 28 ਹਜ਼ਾਰ ਫੌਜੀ ਤੈਨਾਤ ਕੀਤੇ ਗਏ। ਸੁਰੱਖਿਆ ਵਿਵਸਥਾ 'ਤੇ ਹੀ 100 ਮਿਲੀਅਨ ਡਾਲਰ ਖਰਚ ਹੋਏ। ਇਸ ਤੋਂ ਪਹਿਲਾਂ 2009 ਵਿਚ ਅਮਰੀਕਾ ਦੇ ਸਹੁੰ ਚੁੱਕ ਸਮਾਗਮ 'ਚ 1100 ਕਰੋੜ ਰੁਪਏ ਖਰਚ ਹੋਏ ਸਨ। ਉਸ ਸਮੇਂ 18 ਲੱਖ ਲੋਕ ਆਏ ਸਨ, ਜਦਕਿ ਟਰੰਪ ਦੇ ਸਮਾਗਮ 'ਚ ਲਗਭਗ 8 ਲੱਖ ਲੋਕ ਹੀ ਪੁੱਜੇ। ਅਮਰੀਕਾ 'ਚ ਸਹੁੰ ਚੁੱਕ ਸਮਾਗਮ ਵਿੱਚ ਗਲੈਮਰ ਦਾ ਤੜਕਾ ਲਗਾਉਣ ਦਾ ਸਿਹਰਾ ਬਿਲ ਕਲਿੰਟਨ ਨੂੰ ਜਾਂਦਾ ਹੈ। 1993 'ਚ ਉਨ੍ਹਾਂ ਦੇ ਸਹੁੰ ਚੁੱਕ ਸਮਾਗਮ 'ਚ ਦੇਸ਼ ਦੇ ਏ-ਗ੍ਰੇਡ ਦੇ ਸੈਲੀਬ੍ਰਿਟੀਜ਼ ਨੇ ਪੇਸ਼ਕਾਰੀ ਦਿੱਤੀ ਸੀ। ਇਸ 'ਚ ਡਿਆਨਾ ਰੋਸ, ਬੌਬ ਡਿਲੇਨ, ਮਾਈਕਲ ਜੈਕਸਨ ਅਤੇ ਰਿਕੀ ਮਾਰਟਿਨ ਜਿਹੀ ਸ਼ਖ਼ਸੀਅਤਾਂ ਸ਼ਾਮਲ ਸਨ।

ਸਹੁੰ ਚੁੱਕ ਸਮਾਗਮ ਦੌਰਾਨ ਟਰੰਪ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਦੁਨੀਆ 'ਚੋਂ ਕੱਟੜਪੰਥੀ ਇਸਲਾਮ ਅੱਤਵਾਦ ਦਾ ਸਫ਼ਾਇਆ ਕਰੇਗਾ। ਉਨ੍ਹਾਂ ਅਮਰੀਕੀਆਂ ਦੀਆਂ ਨੌਕਰੀਆਂ ਬਹਾਲ ਕਰਨ ਦਾ ਵੀ ਵਾਅਦਾ ਕੀਤਾ। ਟਰੰਪ ਨੇ ਕਿਹਾ, 'ਅਸੀਂ ਪੁਰਾਣੇ ਗਠਜੋੜਾਂ ਨੂੰ ਨਵੀਂ ਤਾਕਤ ਦੇਣਗੇ ਅਤੇ ਨਵਾਂ ਸਵਰੂਪ ਦੇਣਗੇ ਅਤੇ ਸਭਿਆ ਦੁਨੀਆ ਨੂੰ ਕੱਟੜਪੰਥੀ ਇਸਲਾਮੀ ਅੱਤਵਾਦ ਖ਼ਿਲਾਫ਼ ਇਕਜੁਟ ਕਰਨਗੇ।

## ਪੰਜਾਬਣ ਨਿੱਕੀ ਹੇਲੀ ਹੋਵੇਗੀ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ

38 ਸਾਲ ਦੀ ਉਮਰ ਵਿਚ ਸਾਊਥ ਕੈਰੋਲੀਨਾ ਦੀ ਗਵਰਨਰ ਚੁਣੀ ਗਈ ਸੀ। ਨਿੱਕੀ ਹੇਲੀ ਦਾ ਪੂਰਾ ਨਾਮ ਨਮਰਤਾ ਰੰਧਾਵਾ ਹੈ। ਉਨ੍ਹਾਂ ਦੇ ਮਾਤਾ-ਪਿਤਾ ਅਜੀਤ ਸਿੰਘ ਰੰਧਾਵਾ ਤੇ ਰਾਜ ਕੌਰ ਰੰਧਾਵਾ ਅੰਮ੍ਰਿਤਸਰ ਤੋਂ ਅਮਰੀਕਾ ਆ ਵਸੇ ਸਨ। ਸਿੱਖ ਪਰਿਵਾਰ ਵਿਚ ਜਨਮੀ ਨਿੱਕੀ ਨੇ ਬਾਅਦ ਵਿਚ ਈਸਾਈ ਧਰਮ ਸਵੀਕਾਰ ਕਰ ਲਿਆ ਸੀ। ਉਨ੍ਹਾਂ ਦਾ ਵਿਆਹ ਆਰਮੀ ਨੈਸ਼ਨਲ ਗਾਰਡ ਦੇ ਕੈਪਟਨ ਮਾਈਕਲ ਹੇਲੀ ਨਾਲ ਹੋਇਆ। ਉਨ੍ਹਾਂ ਦੇ ਦੋ ਬੱਚੇ ਰੇਨਾ ਤੇ ਨਲਿਨ ਹਨ। ਉਨ੍ਹਾਂ ਦੇ ਵਿਆਹ ਦੀ ਰਸਮ ਚਰਚ ਅਤੇ ਗੁਰਦੁਆਰੇ ਦੋਹਾਂ ਵਿਚ ਹੋਈ ਸੀ। ਹੇਲੀ ਗਵਰਨਰ ਵਜੋਂ ਫ਼ਿਲਹਾਲ ਆਪਣਾ ਦੂਸਰਾ ਕਾਰਜਕਾਲ ਸੰਭਾਲ ਰਹੀ ਹੈ ਤੇ ਉਨ੍ਹਾਂ ਨੂੰ ਵਿਦੇਸ਼ ਨੀਤੀ ਦਾ ਜ਼ਿਆਦਾ ਅਨੁਭਵ ਨਹੀਂ ਹੈ।

### ਟਰੰਪ ਵਰਲਡ : ਬਜ਼ੁਰਗ ਅਤੇ ਸਭ ਤੋਂ ਅਮੀਰ ਰਾਸ਼ਟਰਪਤੀ ਹੋਣ ਦਾ ਰਿਕਾਰਡ

- ਉਹ ਖ਼ੁਦ ਦੇ ਜਹਾਜ਼ ਰਾਹੀਂ ਪ੍ਰਚਾਰ ਕਰਨ ਵਾਲੇ ਪਹਿਲੇ ਰਾਸ਼ਟਰਪਤੀ ਹਨ। 4.5 ਅਰਬ ਡਾਲਰ ਦੀ ਆਮਦਨ ਨਾਲ ਉਹ ਸਭ ਤੋਂ ਅਮੀਰ ਰਾਸ਼ਟਰਪਤੀ ਹਨ।
- ਟਰੰਪ ਤਿੰਨ ਵਿਆਹ ਕਰਨ ਵਾਲੇ ਵੀ ਪਹਿਲੇ ਅਮਰੀਕੀ ਰਾਸ਼ਟਰਪਤੀ ਹਨ। ਪਹਿਲੇ ਅਜਿਹੇ ਰਾਸ਼ਟਰਪਤੀ ਹਨ, ਜਿਨ੍ਹਾਂ ਦੀ ਪਤਨੀ ਸੁਪਰ ਮਾਡਲ ਰਹਿ ਚੁੱਕੀ ਹੈ।
- 90 ਮੰਜ਼ਿਲਾ ਟਰੰਪ ਟਾਵਰ ਸਭ ਤੋਂ ਉੱਚੀ ਰਿਹਾਇਸ਼ੀ ਇਮਾਰਤਾਂ 'ਚੋਂ ਹੈ। 18 ਬੈੱਡਰੂਮ ਵਾਲਾ ਟਰੰਪ ਪੈਲੇਸ ਅਮਰੀਕਾ ਦੀ ਸਭ ਤੋਂ ਮਹਿੰਗੀ ਜਾਇਦਾਦ ਹੈ। ਦੁਨੀਆ ਭਰ 'ਚ 16 ਗੋਲਫ ਕੋਰਸ ਹਨ।
- ਟਵਿੱਟਰ 'ਤੇ ਹਰ ਮਹੀਨੇ 67 ਹਜ਼ਾਰ ਫਾਲੋਅਰ ਵੱਧ ਰਹੇ ਹਨ।
- 70 ਸਾਲ ਦੇ ਟਰੰਪ ਅਮਰੀਕਾ ਦੇ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਹਨ। ਪਹਿਲਾਂ ਰੀਗਨ ਦੇ ਨਾਂ ਇਹ ਰਿਕਾਰਡ ਸੀ।
- ਟਰੰਪ ਨੇ ਕਦੇ ਸ਼ਰਾਬ ਅਤੇ ਸਿਗਰਟ ਨਹੀਂ ਪੀਤੀ ਹੈ। ਤੰਬਾਕੂ ਨੂੰ ਹੱਥ ਤਕ ਨਹੀਂ ਲਾਇਆ।

**ਟਰੰਪ ਆਪਣੀ ਨੀਤੀ ਸਪੱਸ਼ਟ ਕਰਨ :**

ਟਰੰਪ ਪ੍ਰਸ਼ਾਸਨ ਨੂੰ ਯੂਰਪ ਬਾਰੇ ਆਪਣੀ ਨੀਤੀ ਸਾਫ ਕਰਨੀ ਚਾਹੀਦੀ ਹੈ। ਅਸੀਂ ਲੋਕਤੰਤਰ, ਕਾਨੂੰਨ ਦੀ ਸੱਤਾ ਅਤੇ ਮਨੁੱਖੀ ਅਧਿਕਾਰਾਂ ਲਈ ਲੜ ਰਹੇ ਹਾਂ।

- ਉਰਸੁਲਾ ਵਾਨ ਡੇਰ ਲਾਇਨ, ਰੱਖਿਆ ਮੰਤਰੀ ਜਰਮਨੀ

**ਓਬਾਮਾ ਤੋਂ ਵਧੀਆ ਹੋਣਗੇ ਟਰੰਪ :**

ਓਬਾਮਾ ਦੇ ਦੂਜੇ ਕਾਰਜਕਾਲ 'ਚ ਅਮਰੀਕਾ-ਰੂਸ ਦੇ ਸਬੰਧ ਚੰਗੇ ਹੋਣਗੇ।

- ਦਿਮਿਤਰੀ ਮੇਦਵੇਦੇਵ, ਪ੍ਰਧਾਨ ਮੰਤਰੀ ਰੂਸ

**ਮਹਾਨ ਸਫਲਤਾ 'ਤੇ ਵਧਾਈ :**

ਰਾਸ਼ਟਰਪਤੀ ਟਰੰਪ ਆਪਣੀ ਮਹਾਨ ਸਫਲਤਾ 'ਤੇ ਮੇਰੀ ਵਧਾਈ ਸਵੀਕਾਰ ਕਰਨ। ਜਾਪਾਨ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਨਾਲ ਮਜ਼ਬੂਤੀ ਨਾਲ ਕੰਮ ਕਰੇਗਾ।

-ਸ਼ਿੰਜ਼ੋ ਆਬੇ, ਪ੍ਰਧਾਨ ਮੰਤਰੀ ਜਾਪਾਨ

**ਨਵੀਂਆਂ ਉਚਾਈਆਂ 'ਤੇ ਹੋਣਗੇ ਸਬੰਧ :**

ਭਾਰਤ ਟਰੰਪ ਦੀ ਅਗਵਾਈ ਵਾਲੇ ਅਮਰੀਕਾ ਦੇ ਨਾਲ ਕੰਮ ਕਰਨ ਨੂੰ ਤਿਆਰ ਹੈ। ਦੋਵੇਂ ਦੇਸ਼ਾਂ ਦੇ ਸਬੰਧ ਹੋਰ ਮਜ਼ਬੂਤ ਹੋਣਗੇ। ਹਰ ਤਰ੍ਹਾਂ ਦੇ ਸਹਿਯੋਗ ਕਰਾਂਗੇ।

- ਨਰਿੰਦਰ ਮੋਦੀ, ਪ੍ਰਧਾਨ ਮੰਤਰੀ ਭਾਰਤ

# ਆਲਮੀਕਰਨ ਦਾ ਬਦਲਿਆ ਰੂਪ ਤੇ ਮੁਹਾਂਦਰਾ

**ਕੇ.ਸੀ. ਸਿੰਘ**

**ਪੱਛਮੀ ਅਰਥਚਾਰਿਆਂ ਉੱਤੇ ਆਲਮੀਕਰਨ ਕਰਕੇ ਪਿਆ ਮੰਦਾ ਪ੍ਰਭਾਵ ਘਟਾਇਆ ਜਾਵੇ ਕਿਉਂਕਿ ਆਲਮੀਕਰਨ ਦੇ ਲਾਭ ਘੋਰ ਅਮੀਰਾਂ ਨੂੰ ਹੀ ਹੋਏ ਹਨ ਜਦੋਂਕਿ ਇਸ ਅਮਲ ਨੇ ਰਵਾਇਤੀ ਨਿਰਮਾਣ ਕਾਰਜਾਂ ਨਾਲ ਜੁੜੀਆਂ ਨੌਕਰੀਆਂ ਘਟਾਈਆਂ ਹਨ, ਜਿਨ੍ਹਾਂ ਕਰਕੇ ਸਭ ਪਾਸੇ ਮਾਲੀ ਨਿਘਾਰ ਵੀ ਆਇਆ ਹੈ ਅਤੇ ਨਿਰਾਸ਼ਾ ਵੀ। ਇੱਕ ਵਾਰ ਅਹੁਦਾ ਸੰਭਾਲਣ ਮਗਰੋਂ ਟਰੰਪ ਨੂੰ ਪਤਾ ਲੱਗ ਜਾਵੇਗਾ ਕਿ ਅਸਲੀਅਤ ਕਿੰਨੀ ਗੁੰਝਲਦਾਰ ਹੈ।**

ਪਿਛਲੇ ਇੱਕ ਹਫ਼ਤੇ ਦੌਰਾਨ ਦੁਨੀਆ ਨੂੰ ਦੋ ਅਜੀਬੋ-ਗਰੀਬ ਨਜ਼ਾਰੇ ਵੇਖਣ ਨੂੰ ਮਿਲੇ ਹਨ : ਪਹਿਲਾ ਭਾਰਤ ਤੇ ਚੀਨ ਦੇ ਆਗੂਆਂ ਵੱਲੋਂ ਵਿਸ਼ਵੀਕਰਨ ਤੇ ਮੁਕਤ ਵਪਾਰ, ਜਿਸ ਨੂੰ ਦਹਾਕਿਆਂ ਤੋਂ ਵਿਕਾਸਸ਼ੀਲ ਮੁਲਕ ਤਕੜੇ ਮੁਲਕ ਵੱਲੋਂ ਕਮਜ਼ੋਰ ਦਾ ਸ਼ੋਸ਼ਣ ਕੀਤੇ ਜਾਣ ਲਈ ਵਰਤੇ ਜਾਂਦੇ ਹਥਿਆਰ ਵਜੋਂ ਵੇਖਦੇ ਹਨ, ਦੀ ਪੈਰਵੀ ਕਰਨੀ ਅਤੇ ਦੂਜਾ, ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੁਲਕ ਦੀ ਖ਼ੁਫ਼ੀਆ ਏਜੰਸੀ ਨਾਲ ਉਸ ਰਿਪੋਰਟ ਨੂੰ ਲੈ ਕੇ ਉਲਝਣਾ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਰੂਸ ਕੋਲ ਕੁਝ ਅਜਿਹੇ ਪ੍ਰਮਾਣ ਹਨ, ਜੋ ਟਰੰਪ ਦੇ ਰੰਗੀਨ ਮਿਜ਼ਾਜ ਹੋਣ ਦੀ ਸ਼ਾਹਦੀ ਭਰਦੇ ਹਨ। ਦੋਵਾਂ ਘਟਨਾਵਾਂ ਦੇ ਆਪਣੇ ਭਾਵ-ਅਰਥ ਹਨ ਅਤੇ ਇਨ੍ਹਾਂ ਨੂੰ ਭਾਰਤ-ਚੀਨ ਜਾਂ ਅਮਰੀਕਾ ਦੇ ਸੰਦਰਭ ਵਿਚ ਨਹੀਂ, ਬਲਕਿ ਆਪਣੀ ਸੋਚ ਦੇ ਦਾਇਰੇ ਨੂੰ ਵਿਸ਼ਾਲ ਕਰਕੇ ਵੇਖਿਆ ਜਾਣਾ ਚਾਹੀਦਾ ਹੈ।

ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਦਾਵੋਸ ਵਿੱਚ ਵਿਸ਼ਵ ਆਰਥਿਕ ਮੰਚ (ਡਬਲਿਊਈਐੱਫ਼) ਨੂੰ ਸੰਬੋਧਨ ਕਰਦਿਆਂ ਰੱਖਿਆ ਦੇ ਸਿਧਾਂਤ ਦੀ ਤੁਲਨਾ 'ਖ਼ੁਦ ਨੂੰ ਹਨੇਰੇ ਕਮਰੇ ਵਿਚ ਬੰਦ ਕਰਨ' ਨਾਲ ਕੀਤੀ। ਇੱਕ ਦਿਨ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੀ ਮੇਜ਼ਬਾਨੀ ਵਿੱਚ ਹੋਏ ਰਾਇਸੀਨਾ ਸੰਵਾਦ, ਜਿਸ ਨੂੰ ਖ਼ਾਸ ਤੌਰ 'ਤੇ ਦਾਵੋਸ ਸਿਖ਼ਰ ਸੰਮੇਲਨ ਦੇ ਸਮਾਨਾਂਤਰ ਵਿਉਂਤਿਆ ਗਿਆ ਸੀ, ਵਿੱਚ ਸਪਸ਼ਟ ਸੁਨੇਹਾ ਦਿੰਦਿਆਂ ਮੁਲਕਾਂ ਵਿੱਚ ਵੰਡੀਆਂ ਦੀ ਦੀਵਾਰ ਖੜ੍ਹੀ ਕਰਨ ਤੋਂ ਵਰਜਿਆ ਤੇ ਚੇਤਾਵਨੀ ਦਿੱਤੀ ਗਈ ਕਿ ਵਪਾਰ ਤੇ ਪਰਵਾਸ ਨਾਲ ਜੁੜੀਆਂ ਭਾਵਨਾਵਾਂ ਨਾਲ ਨਾ ਖੇਡਿਆ ਜਾਵੇ। ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ਼) ਵੱਲੋਂ ਭਾਰਤ ਦੀ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਇਕ ਫ਼ੀਸਦ ਘਟਾ ਕੇ ਚੀਨ ਤੋਂ ਪਿਛਾਂਹ ਧੱਕਣ ਦੇ ਬਾਵਜੂਦ ਦੋਵੇਂ ਆਲਮੀ ਵਿਕਾਸ ਦੇ ਝੰਡਾਬਰਦਾਰਾਂ ਵਿੱਚ ਸ਼ਾਮਲ ਹਨ।

ਗੁੱਟ ਨਿਰਲੇਪ ਤੇ ਵਿਕਾਸਸ਼ੀਲ ਮੁਲਕਾਂ ਵੱਲੋਂ ਦਹਾਕਿਆਂ ਤੋਂ ਵਿਸ਼ਵੀਕਰਨ ਨਾਲ ਜੁੜੇ ਜੋਖ਼ਮਾਂ ਨੂੰ ਫਿਟਕਾਰ ਪਾਉਣੀ ਕਿਸੇ ਤਨਜ਼ ਤੋਂ ਘੱਟ ਨਹੀਂ ਤੇ ਸੰਯੁਕਤ ਰਾਸ਼ਟਰ ਮਹਾਂਸਭਾ ਦਾ ਪ੍ਰਮੁੱਖ ਅੰਗ ਕਹੀ ਜਾਂਦੀ ਯੂਨਾਈਟਿਡ ਨੇਸ਼ਨਜ਼ ਕਾਨਫਰੰਸ ਔਨ ਟਰੇਡ ਐਂਡ ਡਿਵੈਲਪਮੈਂਟ (ਯੂਐੱਨਸੀਟੀਏਡੀ ਜਾਂ ਅੰਕਟੈਡ) ਦੇ 1964 ਵਿੱਚ ਹੋਂਦ ਵਿੱਚ ਆਉਣ ਦਾ ਮੁੱਖ ਕਾਰਨ ਹੈ। ਇਸ ਸੰਸਥਾ ਦਾ ਮੁੱਖ ਮੰਤਵ ਵਿਕਾਸਸ਼ੀਲ ਮੁਲਕਾਂ ਲਈ ਵਣਜ, ਨਿਵੇਸ਼ ਤੇ ਵਿਕਾਸ ਦੇ ਮੌਕਿਆਂ ਨੂੰ ਵਧਾਉਣਾ ਸੀ। ਇਨ੍ਹਾਂ ਮੌਕਿਆਂ ਨੂੰ ਵਧੇਰੇ ਸੁਖਾਲਾ ਬਣਾਉਣ ਲਈ ਵਿਕਾਸਸ਼ੀਲ ਮੁਲਕਾਂ ਵੱਲੋਂ ਰਿਆਇਤੀ ਟੈਕਸਾਂ ਦੇ ਪ੍ਰਬੰਧ ਨੂੰ ਮਨਜ਼ੂਰੀ ਦਿੱਤੀ ਗਈ। ਪਰ ਇਸ ਤੱਥ ਨੂੰ ਚੀਨ ਦੀ ਉਤਪਾਦਨ ਸ਼ਕਤੀ ਤੇ ਭਾਰਤ ਦੀ ਤੇਜ਼ੀ ਨਾਲ ਉੱਤੇ ਨੂੰ ਜਾ ਰਹੀ ਫਾਰਮਾਸਿਊਟੀਕਲ ਤੇ ਸਾਫਟਵੇਅਰ ਸਨਅਤਾਂ ਨੇ ਮੂਧੇ-ਮੂੰਹ ਪਟਕਣੀ ਦੇ ਦਿੱਤੀ। ਲਿਹਾਜ਼ਾ, ਵਿਕਸਿਤ ਮੁਲਕਾਂ, ਖ਼ਾਸ ਕਰਕੇ ਅਮਰੀਕਾ ਨੇ ਨਵੇਂ ਬਿਨਾਂ ਟੈਕਸ ਵਾਲੇ ਬੈਰੀਅਰਜ਼ (ਅੜਿੱਕਿਆਂ) ਦੀ ਸਿਰਜਣਾ ਕੀਤੀ ਹੈ, ਜਿਸ ਵਿੱਚ ਅਮਰੀਕਾ ਦੇ ਸਿਹਤ ਤੇ ਵਾਤਾਵਰਣਕ ਮਾਪਦੰਡਾਂ ਜਾਂ ਮਜ਼ਦੂਰੀ ਮਾਪਦੰਡਾਂ ਲਈ ਅਮਰੀਕੀ ਗਾਹਕਾਂ/ਪੇਸ਼ੇਵਰਾਂ ਲਈ ਪ੍ਰੋਗਰਾਮ ਲਾਗੂ ਕਰਨ ਵਾਲੇ ਸਾਫਟਵੇਅਰ ਕਾਮਿਆਂ ਲਈ ਵੀਜ਼ੇ ਦੀ ਮਿਆਦ ਤੈਅ ਕਰਨਾ ਸ਼ਾਮਲ ਹੈ। ਉਂਜ ਅਮਰੀਕਾ ਨੇ ਅਜਿਹੇ ਅੜਿੱਕੇ ਡਾਹੁਣ ਤੋਂ ਪਹਿਲਾਂ ਆਪਣੇ ਮਜ਼ਦੂਰਾਂ ਤੇ ਖੇਤੀ ਬਾਜ਼ਾਰ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਹੈ।

ਟਰੰਪ ਨੇ ਆਪਣੇ ਹਲਫ਼ਦਾਰੀ ਸਮਾਗਮ ਦੀ ਉਡੀਕ ਕਰਨ ਦੀ ਥਾਂ ਸੋਸ਼ਲ ਤੇ ਇਲੈਕਟ੍ਰਾਨਿਕ ਮੀਡੀਆ ਦੀ ਖੁੱਲ੍ਹ ਕੇ ਵਰਤੋਂ ਕਰਦਿਆਂ ਵੱਖ ਵੱਖ ਮੁੱਦਿਆਂ ਬਾਰੇ ਪ੍ਰਜ਼ੀਸ਼ਨਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਾਲਾਂਕਿ ਚਾਹੀਦਾ ਇਹ ਸੀ ਕਿ ਉਹ ਆਪਣੀ ਕੈਬਿਨਟ ਨੂੰ ਅੰਤਿਮ ਰੂਪ ਦਿੰਦਾ ਅਤੇ ਕੈਬਨਿਟ ਵਿਚਲੀ ਨਾਮਜ਼ਦਗੀਆਂ ਲਈ ਸੈਨੇਟ ਦੀ ਪ੍ਰਵਾਨਗੀ ਪ੍ਰਾਪਤ ਕਰਦਾ।

ਇਸ ਵਿੱਚ ਕੋਈ ਅਚੰਭੇ ਵਾਲੀ ਗੱਲ ਨਹੀਂ ਕਿ ਇਕ ਸਰਵੇਖਣ ਮੁਤਾਬਕ ਅਮਰੀਕੀ ਰਾਸ਼ਟਰਪਤੀਆਂ ਲਈ ਹੋਈਆਂ ਪਿਛਲੀਆਂ ਚੋਣਾਂ, ਜਦੋਂ ਪੂਰਾ ਮੁਲਕ ਚੁਣੇ ਹੋਏ ਰਾਸ਼ਟਰਪਤੀ ਨਾਲ ਖੜ੍ਹਦਾ ਹੈ, ਦੇ ਉਲਟ ਡੋਨਲਡ ਨੂੰ ਮੁਲਕ ਦੇ ਸਰਵਉੱਚ ਅਹੁਦੇ ਲਈ ਪ੍ਰਵਾਨ ਕਰਨ ਵਾਲਿਆਂ ਦੀ ਦਰ 50 ਫ਼ੀਸਦੀ ਤੋਂ ਵੀ ਘੱਟ ਹੈ। ਉਹ ਟਰੰਪ ਹੀ ਸੀ, ਜਿਸ ਨੇ ਬਰਤਾਨਵੀ ਪ੍ਰਧਾਨ ਮੰਤਰੀ ਨੂੰ ਯੂਰਪੀਨ ਸੰਘ (ਈਯੂ) ਛੱਡਣ ਲਈ ਹੱਲਾਸ਼ੇਰੀ ਦਿੱਤੀ ਤੇ ਜਰਮਨ ਚਾਂਸਲਰ ਏਂਜਲਾ ਮਰਕੇਲ ਦੀ ਇਸ ਗੱਲੋਂ ਨਿਖੇਧੀ ਕੀਤੀ ਕਿ ਉਸ ਨੇ ਕੌਮੀ ਚੋਣਾਂ ਵਿਚ ਲਾਹਾ ਲੈਣ ਲਈ ਪਰਵਾਸੀਆਂ ਨੂੰ ਮੁਲਕ ਵਿਚ ਦਾਖ਼ਲ ਹੋਣ ਦੀ ਖੁੱਲ੍ਹ ਦਿੱਤੀ। ਟਰੰਪ ਨੇ ਇਸ ਤੱਥ ਨੂੰ ਬਿਲਕੁਲ ਅਣਗੌਲਿਆ ਦਿੱਤਾ ਕਿ ਮਰਕੇਲ ਵਰਗੀ ਆਗੂ ਯੂਰੋਪ ਵਿੱਚ ਰਾਜਸੀ ਸਥਿਰਤਾ ਲਈ ਕਿੰਨੀ ਅਹਿਮ ਹੈ। ਉਸ ਨੇ ਤਾਂ ਯੂਰੋਪੀਅਨ ਯੂਨੀਅਨ ਨੂੰ 'ਜਰਮਨੀ ਦੀ ਸਵਾਰੀ' ਤੱਕ ਕਹਿੰਦਿਆਂ ਪੇਸ਼ੀਨਗੋਈ ਕਰ ਦਿੱਤੀ ਕਿ ਬਰਤਾਨੀਆ ਵਾਂਗ ਜਲਦੀ ਹੀ ਹੋਰ ਮੁਲਕ ਵੀ ਈਯੂ ਵਿਚੋਂ ਬਾਹਰ ਆ ਜਾਣਗੇ। ਮਰਕੇਲ ਨੇ ਟਰੰਪ ਦੀਆਂ ਇਨ੍ਹਾਂ ਟਿੱਪਣੀਆਂ ਦਾ ਠਰ੍ਹੰਮੇ ਨਾਲ ਜਵਾਬ ਦਿੰਦਿਆਂ ਇਸ ਨੂੰ ਪੁਰਾਣਾ ਰਾਗ ਦੱਸਦਿਆਂ ਕਿਹਾ ਕਿ ਅਸੀਂ ਆਪਣੀ ਤਕਦੀਰ ਨੂੰ ਬਦਲਣ ਦਾ ਵੱਲ ਜਾਣਦੇ ਹਾਂ। 'ਦਿ ਵਾਲ ਸਟਰੀਟ ਜਨਰਲ' ਨੂੰ ਦਿੱਤੀ ਇੰਟਰਵਿਊ ਵਿੱਚ 'ਇਕ ਚੀਨ' ਨੀਤੀ ਨੂੰ ਰੱਦ ਕਰਕੇ ਟਰੰਪ ਨੇ ਚੀਨ ਨੂੰ ਮੁੜ ਖਿਝਾਅ ਦਿੱਤਾ ਹੈ।

ਟਰੰਪ ਇੱਥੇ ਹੀ ਨਹੀਂ ਰੁਕਿਆ ਤੇ ਉਸ ਨੇ ਆਪਣੀਆਂ ਬੇਸਿਰ ਪੈਰ ਦੀਆਂ ਬੁਝਾਰਤਾਂ ਨੂੰ ਜਾਰੀ ਰੱਖਦਿਆਂ ਨਾਟੋ ਫ਼ੌਜਾਂ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਇਸ ਨੂੰ 'ਵੇਲਾ ਵਿਹਾਅ' ਚੁੱਕੀ ਗਰਦਾਨ ਦਿੱਤਾ। ਮਗਰੋਂ ਫੌਰੀ ਪਲਟੀ ਮਾਰਦਿਆਂ ਕਿਹਾ ਕਿ 'ਨਾਟੋ ਮੇਰੇ ਲਈ ਕਾਫੀ ਅਹਿਮ ਹੈ।' ਟਰੰਪ ਦਾ ਇਹ ਬਿਆਨ ਕਿਸੇ ਨਾਟਕ ਵਿੱਚ ਆਏ ਮੋੜ ਤੋਂ ਘੱਟ ਨਹੀਂ, ਪਰ ਇਸ ਨਾਲ ਸਭ ਹੈਰਾਨੀ ਵਿਚ ਹਨ ਕਿ ਕਿਤੇ ਇਸ ਸ਼ੁਦਾਅ ਦੇ ਪਿੱਛੇ ਕੋਈ ਗੁੱਝਾ ਤੌਰ-ਤਰੀਕਾ ਤਾਂ ਨਹੀਂ। ਕੀ ਟਰੰਪ ਇਹ ਸਮਝ ਗਿਆ ਹੈ ਕਿ ਆਲਮੀ ਪ੍ਰਬੰਧ ਹੁਣ ਪਹਿਲਾਂ ਵਾਂਗ ਨਹੀਂ ਰਿਹਾ। ਇਹ ਅਮਰੀਕਾ ਦੇ ਗ਼ਲਬੇ ਤੋਂ ਦੂਰ ਖਿਸਕ ਰਿਹਾ ਹੈ ਅਤੇ ਅਮਰੀਕਾ ਦਾ ਭਲਾ ਇਸੇ ਵਿੱਚ ਹੀ ਹੈ ਕਿ ਉਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਖ਼ੁਦ ਪੈਦਾ ਕੀਤੇ ਪ੍ਰਬੰਧ ਨੂੰ ਹੀ ਹੁਣ ਵੱਖਰਾ ਰੂਪ ਦੇ ਦੇਵੇ। ਇਸ ਪੂਰੀ ਕਵਾਇਦ ਦਾ ਮਨੋਰਥ ਹੈ ਕਿ ਪੱਛਮੀ ਅਰਥਚਾਰਿਆਂ ਉੱਤੇ ਆਲਮੀਕਰਨ ਕਰਕੇ ਪਿਆ ਮੰਦਾ ਪ੍ਰਭਾਵ ਘਟਾਇਆ ਜਾਵੇ ਕਿਉਂਕਿ ਆਲਮੀਕਰਨ ਦੇ ਲਾਭ ਘੋਰ ਅਮੀਰਾਂ ਨੂੰ ਹੀ ਹੋਏ ਹਨ ਜਦੋਂਕਿ ਇਸ ਅਮਲ ਨੇ ਰਵਾਇਤੀ ਨਿਰਮਾਣ ਕਾਰਜਾਂ ਨਾਲ ਜੁੜੀਆਂ ਨੌਕਰੀਆਂ ਘਟਾਈਆਂ ਹਨ, ਜਿਨ੍ਹਾਂ ਕਰਕੇ ਸਭ ਪਾਸੇ ਮਾਲੀ ਨਿਘਾਰ ਵੀ ਆਇਆ ਹੈ ਅਤੇ ਨਿਰਾਸ਼ਾ ਵੀ। ਇੱਕ ਵਾਰ ਅਹੁਦਾ ਸੰਭਾਲਣ ਮਗਰੋਂ ਟਰੰਪ ਨੂੰ ਪਤਾ ਲੱਗ ਜਾਵੇਗਾ ਕਿ ਅਸਲੀਅਤ ਕਿੰਨੀ ਗੁੰਝਲਦਾਰ ਹੈ। ਮਿਸਾਲ ਵਜੋਂ ਉਹ 'ਨੈਫਟਾ' ਤੇ ਮੈਕਸਿਕੋ ਨਾਲ ਰਿਆਇਤੀ ਵਪਾਰ ਤਿਆਗ ਸਕਦਾ ਹੈ, ਪਰ ਅਜਿਹੇ ਤਿਆਗ ਦਾ ਅਸਰ ਜਿੱਥੇ ਅਮਰੀਕਾ ਦੇ ਵਪਾਰ ਉੱਤੇ ਮਹਿਜ਼ ਤਿੰਨ ਫ਼ੀਸਦੀ ਪਵੇਗਾ, ਉੱਥੇ ਇਸ ਨਾਲ ਜੁੜੇ ਪੰਜਾਹ ਲੱਖ ਲੋਕ ਬੇਰੁਜ਼ਗਾਰ ਹੋ ਜਾਣਗੇ।



ਭਾਵੇਂ ਟਰੰਪ ਦੇ ਨਿਸ਼ਾਨੇ ਉੱਤੇ ਮੁੱਖ ਤੌਰ 'ਤੇ ਚੀਨ, ਮੈਕਸਿਕੋ ਵਰਗੇ ਮੁਲਕ ਹੀ ਹੋਣ, ਪਰ ਭਾਰਤ ਇਹ ਸੋਚਣ ਦੀ ਭੁੱਲ ਕਰੇਗਾ ਕਿ ਇਸ ਹਮਲੇ ਤੋਂ ਭਾਰਤ ਵੱਲੋਂ ਕੀਤੀ ਜਾਂਦੀ ਸੌਫਟਵੇਅਰ ਬਰਾਮਦ ਨੂੰ ਛੋਟ ਮਿਲ ਜਾਵੇਗੀ। ਟਰੰਪ ਇਸ ਗੱਲ ਨੂੰ ਨਜ਼ਰਅੰਦਾਜ਼ ਕਰਕੇ ਅਮਰੀਕੀ ਲੋਕਾਂ ਲਈ ਨੌਕਰੀਆਂ ਦੇ ਮੌਕੇ ਮੁੜ ਵਧਾਉਣਾ ਚਾਹੁੰਦਾ ਹੈ ਕਿ ਤਕਨਾਲੋਜੀ ਅਤੇ ਮੁਕਾਬਲੇ ਕਾਰਨ ਨੌਕਰੀਆਂ ਖ਼ਤਮ ਹੋ ਜਾਣਗੀਆਂ। ਆਲਮੀ ਵਰਤਾਰੇ ਸਬੰਧੀ ਨਵਾਂ ਟਰੰਪ ਮਾਡਲ ਸ਼ਾਇਦ ਵਿਦੇਸ਼ ਵਿੱਚ ਅਮਰੀਕਾ ਦੀ ਸਰਦਾਰੀ ਕਾਇਮ ਰੱਖਣ ਅਤੇ ਮੁਲਕ ਵਿੱਚ ਰੁਜ਼ਗਾਰ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰੇ। ਅਸੀਂ ਵਧ ਰਹੇ ਕੌਮਾਂਤਰੀ ਤਣਾਅ ਅਤੇ ਵਪਾਰ ਤੇ ਨਿਵੇਸ਼ ਵਿੱਚ ਨਵੀਆਂ ਪਿਰਤਾਂ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ। 'ਐਡੀਡਾਸ' ਨਾਂ ਦੀ ਕੰਪਨੀ ਨਵੀਂ ਸਮੱਗਰੀ ਅਤੇ ਡਿਜ਼ਾਈਨਾਂ ਵਿੱਚ ਛੇਤੀ ਬਦਲਾਅ ਨਾਲ ਜੁੱਤਿਆਂ ਦੇ ਉਤਪਾਦਨ ਲਈ ਅਮਰੀਕਾ ਆਧਾਰਤ ਰੋਬੋਟਿਕ ਅਤੇ 3ਡੀ ਪ੍ਰਿੰਟ ਟੈਕਨੋਲੋਜੀ ਲਿਆ ਰਹੀ ਹੈ। ਅਜਿਹੀਆਂ ਨਵੀਆਂ ਤਕਨੀਕਾਂ ਨਵੀਆਂ ਮੰਡੀਆਂ ਬਣਾਉਣਗੀਆਂ ਅਤੇ ਨਵੀਨ ਕਿਸਮ ਦੀਆਂ ਨੌਕਰੀਆਂ ਪੈਦਾ ਕਰਨਗੀਆਂ। ਟਰੰਪ ਉਸਾਰੂ ਢਾਂਚੇ ਦਾ ਜ਼ਰੀਆ ਹੋ ਸਕਦਾ ਹੈ, ਪਰ ਖੋਜ ਅਤੇ ਵਿਕਾਸ ਦੇ ਪੱਖ ਤੋਂ ਮਜ਼ਬੂਤ ਮੁਲਕ ਇਹ ਪਹਿਲਕਦਮੀ ਕਰ ਸਕਦੇ ਹਨ। ਇਸ ਲਈ ਚੀਨ ਗੁੰਝਲਦਾਰ ਤਕਨੀਕਾਂ ਨਾਲ ਲੈਸ ਯੂਰੋਪੀਅਨ ਕੰਪਨੀਆਂ ਖਰੀਦਦਾ ਰਿਹਾ ਹੈ।

ਇਹ ਸਭ ਸਾਡਾ ਧਿਆਨ ਟਰੰਪ ਅਤੇ ਉਸ ਦੇ ਖ਼ੁਫ਼ੀਆ ਤੰਤਰ ਵੱਲ ਦਿਵਾਉਂਦਾ ਹੈ। ਅਮਰੀਕੀ ਰਾਸ਼ਟਰਪਤੀਆਂ ਨੂੰ ਹਰ ਰੋਜ਼ ਖ਼ੁਫ਼ੀਆ ਮਾਮਲਿਆਂ ਦੇ ਸਲਾਹਕਾਰਾਂ ਵੱਲੋਂ ਤਿਆਰ ਰਿਪੋਰਟ ਮਿਲਦੀ ਹੈ। ਪਹਿਲਾਂ ਖ਼ੁਫ਼ੀਆ ਏਜੰਸੀ ਸੀਆਈਏ ਮੁਖੀ ਇਹ ਰਿਪੋਰਟ ਅਮਰੀਕੀ ਰਾਸ਼ਟਰਪਤੀਆਂ ਨੂੰ ਦਿੰਦੇ ਸਨ, ਪਰ 9/11 ਦੇ ਹਮਲਿਆਂ ਮਗਰੋਂ ਡਾਇਰੈਕਟਰ ਨੈਸ਼ਨਲ ਇੰਟੈਲੀਜੈਂਸ ਸਮੇਂ ਸਮੇਂ ਇਹ ਜ਼ਿੰਮੇਵਾਰੀ ਨਿਭਾਉਂਦੇ ਆ ਰਹੇ ਹਨ। ਸਾਬਕਾ ਰਾਸ਼ਟਰਪਤੀ ਰਿਚਰਡ ਨਿਕਸਨ ਇਹ ਰਿਪੋਰਟ ਲੈਣੀ ਬੰਦ ਕਰਨ ਵਾਲਾ ਆਖ਼ਰੀ ਅਮਰੀਕੀ ਰਾਸ਼ਟਰਪਤੀ ਸੀ ਕਿਉਂਕਿ ਉਸ ਨੂੰ ਸੀਆਈਏ ਉੱਤੇ ਵਿਸ਼ਵਾਸ ਨਹੀਂ ਸੀ। ਟਰੰਪ ਇਸ ਪੱਖੋਂ ਨਿਕਸਨ ਦੀ ਸੋਚ ਦਾ ਹਾਮੀ ਹੈ। ਬਦਕਿਸਮਤੀ ਨਾਲ ਟਰੰਪ ਨੂੰ ਕੌਮਾਂਤਰੀ ਮਾਮਲਿਆਂ ਦਾ ਨਿਕਸਨ ਵਰਗਾ ਤਜਰਬਾ ਨਹੀਂ। ਭਾਰਤ ਤੋਂ ਉਲਟ ਅਮਰੀਕਾ ਵਿੱਚ ਖ਼ੁਫ਼ੀਆ ਤੰਤਰ ਪ੍ਰਤੀ ਸੰਸਦ ਲਾਪਰਵਾਹ ਹੈ।

ਭਾਰਤ ਵਿੱਚ ਕੇਂਦਰ ਅਤੇ ਸੂਬਾਈ ਸਰਕਾਰਾਂ ਵੱਲੋਂ ਆਪਣੇ ਸਿਆਸੀ ਵਿਰੋਧੀਆਂ ਉੱਤੇ ਨਜ਼ਰ ਰੱਖਣ ਲਈ ਖ਼ੁਫ਼ੀਆ ਤੰਤਰ ਦੀ ਦੁਰਵਰਤੋਂ ਹੈਰਾਨੀਜਨਕ ਢੰਗ ਨਾਲ ਹੁੰਦੀ ਹੈ ਅਤੇ ਇਸ ਨੂੰ ਸੱਤਾ ਦੇ 'ਲਾਭਾਂ' ਵਜੋਂ ਸਮਝਿਆ ਜਾਂਦਾ ਹੈ। ਜੇ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਦੀ ਹੈ ਤਾਂ ਕੇਂਦਰ ਸਰਕਾਰ ਵੱਲੋਂ ਦਿੱਲੀ ਪੁਲੀਸ ਦੀ ਦੁਰਵਰਤੋਂ ਕਰਨ ਪ੍ਰਤੀ ਰੋਹ ਰੱਖਦਿਆਂ, ਇਸ ਨੂੰ ਚੁਣਨਾ ਪਏਗਾ ਕਿ ਇਸ ਨੇ ਕੀ ਕਰਨਾ ਹੈ। ਹੋਰ ਸੂਬਾਈ ਸਰਕਾਰਾਂ ਵਾਂਗ ਦਿੱਲੀ ਸਥਿਤ ਪੰਜਾਬ ਸਰਕਾਰ ਦੇ ਅਦਾਰੇ ਵੀ ਰਵਾਇਤੀ ਤੌਰ 'ਤੇ ਸਹਿਯੋਗੀਆਂ, ਪਾਰਟੀ ਮੈਂਬਰਾਂ ਅਤੇ ਕੇਂਦਰ ਸਰਕਾਰ ਸਬੰਧੀ ਖ਼ੁਫ਼ੀਆ ਕਾਰਵਾਈਆਂ ਲਈ ਵਰਤੇ ਜਾਂਦੇ ਹਨ। ਕੀ 'ਆਪ' ਇਸ ਲੋਭ ਅੱਗੇ ਗੋਡੇ ਟੇਕ ਦੇਵੇਗੀ ਜਾਂ ਆਪਣੀ ਭੂਮਿਕਾ ਲਈ ਨਵੇਂ ਨਿਯਮ ਉਲੀਕੇਗੀ ?

ਅੱਜ ਜ਼ਿਆਦਾਤਰ ਸ਼ਕਤੀਸ਼ਾਲੀ ਮੁਲਕਾਂ ਦੇ ਆਗੂ ਜਨਵਾਦ ਅਤੇ ਰਾਸ਼ਟਰਵਾਦ ਦੀ ਦੇਣ ਹਨ। ਚੀਨੀ ਰਾਸ਼ਟਰਪਤੀ ਸ਼ੀ ਚਿੰਨਪਿੰਗ ਖੁੱਲ੍ਹਾ ਵਪਾਰ ਚਾਹੁੰਦਾ ਹੈ, ਪਰ ਆਪਣੇ ਮੁਲਕ ਦੇ ਲੋਕਾਂ ਅਤੇ ਚੀਨ ਨਾਲ ਲੱਗਦੇ ਖਿੱਤਿਆਂ ਉੱਤੇ ਆਪਣੀ ਚੌਧਰ ਤੇ ਪੂਰਾ ਕੰਟਰੋਲ ਕਾਇਮ ਰੱਖਣਾ ਚਾਹੁੰਦਾ ਹੈ। ਰੂਸ ਦੇ ਪੁਰਾਤਨ ਬਾਦਸ਼ਾਹਾਂ ਜਿਹਾ ਪੂਤਿਨ ਫ਼ੌਜੀ ਤਾਕਤ ਦੀ ਵਰਤੋਂ ਅਤੇ ਪੂੰਜੀਵਾਦ ਨਾਲ ਨਾਤਾ ਜੋੜ ਕੇ ਰੂਸ ਨੂੰ ਪੁਰਾਣੇ ਸਮਿਆਂ ਵਾਂਗ ਫਿਰ ਮਹਾਨ ਬਣਾਉਣਾ ਲੋਚਦਾ ਹੈ। ਬਲ ਅਤੇ ਦੁਵੱਲੀਆਂ ਆਰਥਿਕ ਨੀਤੀਆਂ ਦੇ ਸਹਾਰੇ ਵਿਸ਼ਵ ਵਪਾਰ ਸੰਗਠਨ ਦੀ ਤਜਾਰਤੀ ਪ੍ਰਣਾਲੀ ਨੂੰ ਉਲੰਘ ਕੇ ਟਰੰਪ ਅਮਰੀਕਾ ਨੂੰ ਮੁੜ ਮਹਾਨ ਬਣਾਉਣਾ ਚਾਹੁੰਦਾ ਹੈ। ਭਾਰਤ ਵਿੱਚ ਘਰੇਲੂ ਪੱਧਰ ਉੱਤੇ ਮੋਦੀ ਮੋਕਲਾ ਟੈਕਸ ਆਧਾਰ ਤਿਆਰ ਕਰਕੇ ਟੈਕਸ ਅਦਾਇਗੀਆਂ ਯਕੀਨੀ ਬਣਾਉਣਾ, ਉਦੇਸ਼ ਪੂਰਨ ਸਮਾਜਿਕ ਸੁਰੱਖਿਆ ਯੋਜਨਾਵਾਂ ਉਲੀਕਣਾ ਅਤੇ ਉਤਪਾਦਨ ਖੇਤਰ ਵਿੱਚ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਦਾ ਇਛੁੱਕ ਹੈ। ਦੇਸ਼ ਤੋਂ ਬਾਹਰ ਉਹ ਬਹੁਧਰੁਵੀ ਸੰਸਾਰ ਦਾ ਹਾਮੀ ਹੈ ਜਿਸ ਵਿੱਚ ਭਾਰਤ ਨੂੰ ਵਧੇਰੇ ਰਣਨੀਤਕ ਥਾਂ ਅਤੇ ਆਰਥਿਕ ਉਭਾਰ ਦੇ ਮੌਕੇ ਮਿਲਣ। ਚੀਨ-ਪਾਕਿਸਤਾਨ ਗਠਜੋੜ ਇਸ ਨੂੰ ਰੋਕਣਾ ਚਾਹੁੰਦਾ ਹੈ ਜਦੋਂਕਿ ਚੀਨ ਆਪਣਾ ਤੱਟੀ ਯੁੱਧਨੀਤਕ ਖੇਤਰ ਅਤੇ 'ਵਨ ਬੈਲਟ ਵਨ ਰੋਡ' (ਓਬੀਓਆਰ) ਦਾ ਪਸਾਰ ਕਰ ਰਿਹਾ ਹੈ। ਟਰੰਪ ਇਸ ਤਾਸ਼ ਵਿਚਲਾ ਜੋਕਰ ਵਰਗਾ ਪੱਤਾ ਹੈ ਜੋ ਪੂਰੀ ਖੇਡ ਬਦਲਣ ਦੇ ਸਮਰੱਥ ਹੈ।

***(ਲੇਖਕ ਵਿਦੇਸ਼ ਮੰਤਰਾਲੇ ਵਿੱਚ ਸਕੱਤਰ ਰਹਿ ਚੁੱਕਾ ਹੈ)***



ਕਪਿਲ ਦੇਵ ਤੇ ਸੁਨੀਲ ਗਾਵਸਕਰ ਨੂੰ ਦਿੱਤੇ ਸਨਮਾਨ ਦੀ ਇਕ ਝਲਕ।

# ਕਪਿਲ ਦੇਵ 'ਹੱਾਲ ਆਫ਼ ਫੇਮ' ਕਲੱਬ ਵਿੱਚ ਸ਼ਾਮਲ

**ਮੁੰਬਈ/ਬਿਊਰੋ ਨਿਊਜ਼** :ਭਾਰਤ ਨੂੰ ਪਹਿਲੀ ਵਾਰ ਆਪਣੀ ਕਪਤਾਨੀ ਵਿੱਚ ਵਿਸ਼ਵ ਕੱਪ ਜੇਤੂ ਬਣਾਉਣ ਵਾਲੇ ਸਾਬਕਾ ਕ੍ਰਿਕਟਰ ਕਪਿਲ ਦੇਵ ਨੂੰ ਇਥੇ ਕ੍ਰਿਕਟ ਕਲੱਬ ਆਫ਼ ਇੰਡੀਆ ਵਿੱਚ ਕਰਵਾਏ ਇਕ ਸਮਾਗਮ ਦੌਰਾਨ ਲੀਜੈਂਡਜ਼ ਕਲੱਬ ਵੱਲੋਂ 'ਹੱਾਲ ਆਫ਼ ਫ਼ੇਮ' ਵਿੱਚ ਸ਼ਾਮਲ ਕੀਤਾ ਗਿਆ।

ਇਸ ਮੌਕੇ ਸਾਬਕਾ ਭਾਰਤੀ ਕਪਤਾਨ ਅਜੀਤ ਵਾਡੇਕਰ, ਸੁਨੀਲ ਗਾਵਸਕਰ ਤੇ ਨਾਰੀ ਕੰਟਰੈਕਟਰ ਵੀ ਮੌਜੂਦ ਸਨ। 1983 ਵਿਸ਼ਵ ਕੱਪ ਵਿੱਚ ਟੀਮ ਇੰਡੀਆ ਦੀ ਕਪਤਾਨੀ ਕਰਨ ਵਾਲੇ ਕਪਿਲ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੇ ਦਮ 'ਤੇ ਭਾਰਤ ਨੂੰ ਕ੍ਰਿਕਟ ਦਾ ਸਿਰਮੌਰ ਬਣਾਇਆ ਸੀ। ਉਨ੍ਹਾਂ ਨੂੰ ਮੁਲਕ ਦਾ ਸਰਵੋਤਮ ਹਰਫ਼ਨਮੌਲਾ ਖਿਡਾਰੀ ਮੰਨਿਆ ਜਾਂਦਾ ਹੈ।

ਸਾਬਕਾ ਭਾਰਤੀ ਖਿਡਾਰੀ ਤੇ ਲੀਜੈਂਡਜ਼ ਕਲੱਬ ਦੇ ਪ੍ਰਧਾਨ ਮਾਧਵ ਆਪਟੇ ਨੇ ਕਪਿਲ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ। ਟੈਸਟ ਕ੍ਰਿਕਟ ਵਿਚ ਸਭ ਤੋਂ ਪਹਿਲਾਂ ਦਸ ਹਜ਼ਾਰ ਦੌੜਾਂ ਦਾ ਅੰਕੜਾ ਛੂਹਣ ਵਾਲੇ ਦਿੱਗਜ ਸਲਾਮੀ ਬੱਲੇਬਾਜ਼ ਗਾਵਸਕਰ ਨੂੰ ਵੀ ਇਸ ਮੌਕੇ ਪ੍ਰਸ਼ੰਸਾ ਪੱਤਰ ਦਿੱਤਾ ਗਿਆ। ਯਾਦ ਰਹੇ ਕਿ ਗਾਵਸਕਰ ਨੂੰ 11 ਜੁਲਾਈ 2013 ਨੂੰ ਕਲੱਬ ਦੇ 'ਹਾਲ ਆਫ਼ ਫ਼ੇਮ' ਵਿੱਚ ਸ਼ਾਮਲ ਕੀਤਾ ਜਾ ਚੁੱਕਾ ਹੈ।

ਸਨਮਾਨ ਹਾਸਲ ਕਰਨ ਮਗਰੋਂ ਕਪਿਲ ਨੇ ਕਿਹਾ, 'ਇਸ ਮੁਲਕ ਵਿੱਚ ਅਜਿਹਾ ਕੋਈ ਨਹੀਂ ਹੈ, ਜੋ ਸੁਨੀਲ ਗਾਵਸਕਰ ਨਾ ਬਣਨਾ ਚਾਹੁੰਦਾ ਹੋਵੇ। ਕਾਫ਼ੀ ਲੋਕ ਕ੍ਰਿਕਟ ਖੇਡਣ ਲਈ ਆਉਣਗੇ, ਪਰ ਇਹ ਨਾਮ (ਸੁਨੀਲ) ਹਮੇਸ਼ਾ ਸਿਖਰ 'ਤੇ ਰਹੇਗਾ। ਸਾਡੇ ਅੰਦਰ ਖੇਡ ਲਈ ਜਨੂੰਨ ਸੀ ਤੇ ਅਸੀਂ ਪੁਰਸਕਾਰਾਂ ਜਾਂ ਕਿਸੇ ਹੋਰ ਚੀਜ਼ ਵੱਲ ਧਿਆਨ ਨਹੀਂ ਦਿੱਤਾ। ਉਦੋਂ ਸਾਡੇ ਅੰਦਰ ਖਾਸਾ ਜਨੂੰਨ ਸੀ। ਜਦੋਂ ਸਾਡੀ ਸਫ਼ਲਤਾ ਤੋਂ ਲੋਕਾਂ ਨੂੰ ਖ਼ੁਸ਼ੀ ਮਿਲਦੀ ਹੈ ਤਾਂ ਅਸੀਂ ਮਾਣ ਮਹਿਸੂਸ ਕਰਦੇ ਹਾਂ।'

# ਖੁਰਦੇ ਮਿਆਰ

# ਓਬਾਮਾ ਦੀ ਰੁਖ਼ਸਤਗੀ, ਟਰੰਪ ਦੀ ਆਮਦ

**ਦੁਨੀਆ ਭਰ ਦੇ ਲੋਕਤੰਤਰ ਦੇ ਵਿਦਿਆਰਥੀਆਂ ਨੂੰ ਇਹ ਮੁੱਖ ਸੁਆਲ ਜ਼ਰੂਰ ਪੁੱਛਣਾ ਚਾਹੀਦਾ ਹੈ ਅਤੇ ਉਸ ਦਾ ਜੁਆਬ ਵੀ ਉਨ੍ਹਾਂ ਨੂੰ ਆਪੇ ਹੀ ਦੇਣਾ ਹੋਵੇਗਾ ਕਿ ਅਸੀਂ ਆਪਣੇ ਆਗੂਆਂ ਵਿੱਚ ਜਿਹੜੇ ਗੁਣ ਤਲਾਸ਼ ਕਰਦੇ ਹਾਂ, ਕੀ ਉਨ੍ਹਾਂ ਨੂੰ ਮੁੜ-ਪਰਿਭਾਸ਼ਿਤ ਕਰਨ ਦੀ ਲੋੜ ਹੈ? ਰੀਅਲ ਅਸਟੇਟ ਦੇ ਧੰਦੇ ਨਾਲ ਜੁੜਿਆ ਇੱਕ ਕਾਰੋਬਾਰੀ ਗੋਰੇ ਅਮਰੀਕਨਾਂ ਦੇ ਰੋਹ ਤੇ ਰੋਸ ਦਾ ਕਿਸੇ ਤਰ੍ਹਾਂ ਲਾਭ ਉਠਾ ਲੈਂਦਾ ਹੈ, ਕੀ ਇਸ ਨਾਲ ਲੀਡਰਸ਼ਿਪ ਦੇ ਸਟੈਂਡ ਦਾ ਕੰਮ ਮੁੜ-ਪਰਿਭਾਸ਼ਿਤ ਹੋ ਜਾਂਦਾ ਹੈ? ਕੀ ਆਗੂਆਂ ਲਈ ਉਜੱਡ ਤੇ ਕਰੂਰ ਬਣਨਾ ਜ਼ਰੂਰੀ ਹੈ? ਤਾਂ ਜੋ ਉਹ ਸਾਡੀਆਂ ਭੈੜੀਆਂ ਤੋਂ ਭੈੜੀਆਂ ਤੇ ਬੁਨਿਆਦੀ ਮੂਲ-ਪ੍ਰਵਿਰਤੀਆਂ ਨੂੰ ਜਗਾਉਣ ਦੇ ਕਾਬਲ ਸਾਬਤ ਹੋਣ?**

**ਹਰੀਸ਼ ਖਰੇ**

ਬਰਾਕ ਓਬਾਮਾ ਨੇ ਅਮਰੀਕੀ ਰਾਸ਼ਟਰਪਤੀ ਵਜੋਂ ਆਪਣਾ ਦੂਜਾ ਕਾਰਜਕਾਲ ਮੁਕੰਮਲ ਕਰ ਲਿਆ ਅਤੇ ਉਨ੍ਹਾਂ ਦੀ ਥਾਂ ਹੁਣ ਡੋਨਲਡ ਟਰੰਪ ਨੇ ਵਿਸ਼ਵ ਦਾ ਇਹ ਸਭ ਤੋਂ ਵੱਧ ਅਹਿਮ ਅਹੁਦਾ ਸੰਭਾਲ ਲਿਆ ਹੈ। ਅਮਰੀਕਨਾਂ ਨੇ ਇੱਕ ਅਜਿਹੇ ਵਿਅਕਤੀ ਨੂੰ ਸ੍ਰੀ ਓਬਾਮਾ ਦਾ ਜਾਂਨਸ਼ੀਨ ਚੁਣਿਆ ਹੈ, ਜਿਹੜਾ ਪਹਿਲਾਂ ਕਦੇ ਵੀ ਕਿਸੇ ਜਨਤਕ ਅਹੁਦੇ ਲਈ ਚੁਣਿਆ ਨਹੀਂ ਗਿਆ ਅਤੇ ਨਾ ਹੀ ਉਸ ਦਾ ਜਨ-ਸੇਵਾ ਦਾ ਪਹਿਲਾਂ ਕੋਈ ਰਿਕਾਰਡ ਹੈ। ਆਧੁਨਿਕ ਯੁੱਗ ਦੀਆਂ ਇਸ਼ਤਿਹਾਰਬਾਜ਼ੀ ਵਿਧੀਆਂ ਅਤੇ ਸੋਸ਼ਲ ਮੀਡੀਆ ਦੇ ਪ੍ਰੋਫ਼ੈਸ਼ਨਲਾਂ ਨੇ ਆਪਣੇ ਪੂਰੇ ਯਤਨਾਂ ਨਾਲ ਇਹੋ ਦਰਸਾਇਆ ਕਿ ਜੇਤੂ ਵਿਅਕਤੀ ਵਿਚ ਇੱਕ ਵਧੀਆ ਹਾਕਮ ਬਣਨ ਦੇ ਸਾਰੇ ਗੁਣ ਮੌਜੂਦ ਹਨ। ਡੋਨਲਡ ਟਰੰਪ ਨੂੰ ਪਹਿਲਾਂ ਹੀ ਅਮਰੀਕੀ ਲੋਕਤੰਤਰ ਅਤੇ ਉਸ ਦੀ ਨਵੀਨਤਾ ਤੇ ਸ਼ਮੂਲੀਅਤਵਾਦੀ ਪਹੁੰਚ ਲਈ ਇੱਕ ਨਜ਼ਰਾਨਾ ਕਰਾਰ ਦਿੱਤਾ ਜਾ ਰਿਹਾ ਹੈ। ਪਰ ਇਸ ਦੇ ਉਲਟ, ਵ੍ਹਾਈਟ ਹਾਊਸ ਦੀ ਦੌੜ ਵਿੱਚ ਡੈਮੋਕਰੈਟਸ ਦੀ ਹਾਰ ਨੂੰ, ਟਰੰਪ ਦੇ ਕੱਟੜ ਸਮਰਥਕਾਂ ਅਤੇ ਖ਼ੁਦ ਉਦਾਰਵਾਦੀਆਂ ਵੱਲੋਂ, ਓਬਾਮਾ ਦੀ ਵਿਰਾਸਤ ਤੇ ਉਸ ਦੀ ਲੀਡਰਸ਼ਿਪ ਨੂੰ ਨਕਾਰਨ ਦੇ ਰੂਪ ਵਿੱਚ ਵੀ ਵੇਖਿਆ ਜਾ ਰਿਹਾ ਹੈ। ਅਜਿਹੇ ਵੇਲੇ ਇੱਕ ਸੁਆਲ ਪੁੱਛਣਾ ਵਾਜਬ ਜਾਪਦਾ ਹੈ: ਕੀ ਸਾਡੇ ਲਈ ਇੱਕ ਲੀਡਰ ਦੀ ਪਰਖ ਕਰਨ ਵਾਸਤੇ ਆਪਣੇ ਮਿਆਰਾਂ ਨੂੰ ਡੇਗਣਾ ਜ਼ਰੂਰੀ ਹੈ, ਉਹ ਵੀ ਕੇਵਲ ਇਸ ਕਰਕੇ ਕਿਉਂਕਿ ਸ੍ਰੀ ਟਰੰਪ ਪੂਰੇ ਘੁਮੰਡੀ ਤੇ ਸ਼ੋਹਦੇ ਅੰਦਾਜ਼ ਨਾਲ ਵ੍ਹਾਈਟ ਹਾਊਸ ਜਾਣ ਵਿੱਚ ਸਫ਼ਲ ਰਹੇ ਹਨ। ਕੀ ਹੁਣ ਹੁਨਰਮੰਦ ਉਸ਼ਟੰਡਬਾਜ਼ਾਂ ਦੀ ਲਗਾਤਾਰ ਚੜ੍ਹਤ ਕਾਰਨ ਲੋਕਤੰਤਰ ਦਾ ਸੰਕਲਪ ਨਿਘਰਦਾ ਹੀ ਚਲਿਆ ਜਾਵੇਗਾ?

ਕੀ ਦੇਸ਼ ਆਪਣੇ ਇੱਕ ਸਿਆਸੀ ਭਾਈਚਾਰੇ ਦਾ ਗਠਨ ਕਰਦਾ ਹੈ ਤੇ ਇਸ ਪਿੱਛੇ ਉਸ ਦਾ ਵਿਸ਼ੇਸ਼ ਇਤਿਹਾਸ ਤੇ ਭੂਗੋਲ ਵੀ ਸ਼ਾਮਲ ਰਹਿੰਦਾ ਹੈ ਅਤੇ ਦੇਸ਼ ਆਪਣੀ ਖ਼ੁਦ ਦੀ ਸੁਵਿਧਾ ਦੀ ਭਾਵਨਾ ਨਾਲ ਸ਼ਕਤੀ, ਦੌਲਤ ਤੇ ਮਰਿਆਦਾ ਦੀ ਵੰਡ ਕਰਦਾ ਹੈ। ਨਾਲ ਹੀ ਇਹ ਖ਼ੁਦ ਆਪਣੇ ਆਦਰਸ਼ ਤੇ ਸਿਧਾਂਤ ਤੈਅ ਕਰਦਾ ਹੈ। ਹਰੇਕ ਸਿਆਸੀ ਭਾਈਚਾਰੇ ਵਿੱਚ ਉਦੋਂ ਅਕਸਰ ਕੜਵੱਲ ਉਭਰਦੇ ਤੇ ਵਿਰੋਧ ਪੈਦਾ ਹੁੰਦੇ ਰਹਿੰਦੇ ਹਨ, ਜਦੋਂ ਸੱਤਾ ਦੀਆਂ ਹਕੀਕਤਾਂ ਪਹਿਲਾਂ ਤੋਂ ਤੈਅਸ਼ੁਦਾ ਆਦਰਸ਼ਾਂ ਨਾਲ ਮੇਲ ਨਹੀਂ ਖਾਂਦੀਆਂ। ਅਮਰੀਕਨਾਂ ਨੇ ਖ਼ੁਦ ਆਪਣੇ ਲਈ ਇੱਕ ਵਿਲੱਖਣ ਸਿਆਸੀ ਭਾਈਚਾਰੇ ਦਾ ਗਠਨ ਕੀਤਾ ਹੈ ਜੋਕਿ ਸਮਾਨਤਾ, ਉਦਾਰਵਾਦ ਤੇ ਪਾਰਦਰਸ਼ਤਾ ਅਤੇ ਸਭਨਾਂ ਲਈ ਮੌਕਿਆਂ ਦੇ ਸਿਧਾਂਤਾਂ ਉੱਤੇ ਆਧਾਰਤ ਹੈ। ਇਤਿਹਾਸਕ ਤੌਰ 'ਤੇ ਅਮਰੀਕਾ ਨੂੰ ਇਸ ਕਰਕੇ ਲਾਭ ਹੋਇਆ ਕਿਉਂਕਿ ਵਿਆਪਕ ਊਰਜਾ ਤੇ ਪਰਵਾਸੀਆਂ ਦੇ ਉੱਦਮਾਂ ਤੋਂ ਉਸ ਦੇਸ਼ ਨੂੰ ਆਰਥਿਕ ਤੇ ਸਭਿਆਚਾਰਕ ਲਾਹੇ ਪੁੱਜੇ। ਅਤੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕੀ ਸਿਆਸੀ ਭਾਈਚਾਰੇ ਨੇ ਖ਼ੁਦ ਨੂੰ ਬਚਾ ਲਿਆ ਕਿਉਂਕਿ ਜਦੋਂ ਸਾਰੇ ਨਾਗਰਿਕਾਂ ਲਈ ਸਮਾਨਤਾ ਦੇ ਅਧਿਕਾਰ ਵਾਸਤੇ ਰੋਸ ਮੁਜ਼ਾਹਰੇ ਹੋਣ ਲੱਗੇ, ਤਾਂ ਉਸ ਨੇ ਤੁਰੰਤ ਆਪਣੇ ਸ਼ਹਿਰੀ ਅਧਿਕਾਰਾਂ ਦੇ ਸ਼ਾਸਨ ਨੂੰ ਨਵਾਂ ਰੂਪ ਦੇ ਦਿੱਤਾ। 9/11 ਤੋਂ ਬਾਅਦ ਅਮਰੀਕਾ ਨੇ ਖ਼ੁਦ ਨੂੰ ਲੋਕਤੰਤਰ ਦਾ ਵਿਸ਼ਵ-ਪੱਧਰੀ ਪੈਰਵੀਕਾਰ ਬਣਾਉਣ ਦੇ ਯਤਨ ਕੀਤੇ। ਸਾਲ 2008 ਵਿਚ ਜਦੋਂ ਓਬਾਮਾ ਨੇ ਰਾਸ਼ਟਰਪਤੀ ਦੀ ਚੋਣ ਜਿੱਤੀ, ਤਾਂ ਉਨ੍ਹਾਂ ਦੀ ਉਹ ਜਿੱਤ ਅਮਰੀਕੀ ਆਦਰਸ਼ ਦੀ ਜਿੱਤ ਸੀ। ਅਮਰੀਕੀ ਉਦੋਂ ਆਪਣੇ ਖ਼ੁਦ ਦੇ ਜਮਹੂਰੀ ਇਤਿਹਾਸ ਦੇ ਤਰਕ ਮੁਤਾਬਕ ਚੱਲਣ ਦੀ ਸ਼ੁਰੂਆਤ ਕਰਨ ਲੱਗੇ ਸਨ ਅਤੇ ਜਾਂ ਇੰਜ ਆਖ ਲਵੋ ਕਿ ਉਸ ਜਿੱਤ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਵੇਖਿਆ ਗਿਆ ਸੀ। ਇੱਕ ਸਿਆਹਫ਼ਾਮ ਵਿਅਕਤੀ ਵ੍ਹਾਈਟ ਹਾਊਸ ਵਿਚ ਰਹਿਣ ਲਈ ਆਇਆ ਸੀ। ਉਹ ਸ਼ਾਨਦਾਰ ਛਿਣ ਸੀ, ਜਿਸ ਨੇ ਅਮਰੀਕੀ ਤਜਰਬੇ ਦੀ ਵਿਲੱਖਣਤਾ ਨੂੰ ਨਿਖਾਰ ਕੇ ਪੇਸ਼ ਕੀਤਾ। ਉਹ ਗੱਲ ਸੱਚਮੁਚ ਰਾਹਤ ਦੇਣ ਵਾਲੀ ਸੀ ਕਿ ਓਬਾਮਾ ਨੇ ਰਾਸ਼ਟਰਪਤੀ ਦੀ ਚੋਣ; ਮੈਲਕੌਮ 10 ਵੇਂ ਵਾਂਗ ਕੋਈ ਨਸਲੀ ਵਿਰੋਧ ਭੜਕਾ ਕੇ ਨਹੀਂ ਜਿੱਤੀ ਸੀ, ਸਗੋਂ ਉਨ੍ਹਾਂ ਨੇ ਅਮਰੀਕਾ ਦੀਆਂ ਸਮੱਸਿਆਵਾਂ ਦੇ ਸੂਝਬੂਝ-ਭਰਪੂਰ ਜਵਾਬ ਦੇ ਕੇ ਅਮਰੀਕੀ ਨਾਗਰਿਕਾਂ ਦੀਆਂ ਵਧੀਆ ਤੇ ਸੱਚੀਆਂ ਮੂਲ ਪ੍ਰਵਿਰਤੀਆਂ ਨੂੰ ਉਜਾਗਰ ਕੀਤਾ ਸੀ ਅਤੇ ਇਸ ਦੇ ਨਾਲ ਹੀ ਬਾਹਰੀ ਵਿਸ਼ਵ ਨੂੰ ਵੀ ਇੱਕ ਨਰਮ-ਖ਼ਿਆਲੀ ਤੇ ਵਾਜਬ ਲੀਡਰਸ਼ਿਪ ਦੇਣ ਦਾ ਭਰੋਸਾ ਦਿਵਾਇਆ ਸੀ। ਪਰ ਵਿਡੰਬਨਾ ਦੀ ਹੱਦ ਵੇਖੋ ਕਿ ਓਬਾਮਾ ਦੀ ਨਿੰਦਾ ਇਹ ਆਖ ਕੇ ਕੀਤੀ ਜਾਂਦੀ ਰਹੀ ਕਿ ਉਹ ਤਾਂ



ਜ਼ਿਆਦਾਤਰ ਪ੍ਰੋਫ਼ੈਸਰਾਂ ਵਰਗੀਆਂ ਗੱਲਾਂ ਕਰਦੇ ਰਹੇ, ਵਧੇਰੇ ਬੌਧਿਕ ਹਨ ਅਤੇ ਪੇਸ਼ੇਵਾਰਾਨਾ ਤੇ ਅਸਰਦਾਰ ਆਗੂ ਇਸ ਲਈ ਹਨ ਕਿਉਂਕਿ ਉਹ ਕੁਝ ਜ਼ਿਆਦਾ ਹੀ ਬਾਰੀਕਬੀਨ ਹਨ।

ਕੀ ਉਹ ਇੱਕ ਮਾੜੇ ਆਗੂ ਸਨ? ਵ੍ਹਾਈਟ ਹਾਊਸ ਵਿਚ ਓਬਾਮਾ ਦੇ ਅੱਠ ਸਾਲ ਬਿਹਤਰੀਨ ਢੰਗ ਨਾਲ ਬੀਤੇ ਹਨ ਅਤੇ ਉਸ ਨੂੰ ਰਲਵੇਂ-ਮਿਲਵੇਂ 'ਆਸ਼ੀਰਵਾਦ' ਵਾਲੀ ਸਥਿਤੀ ਕਿਹਾ ਜਾ ਸਕਦਾ ਹੈ। ਅਸਲ ਵਿਚ ਇਹ 'ਰਲਵਾਂ-ਮਿਲਵਾਂ ਆਸ਼ੀਰਵਾਦ' ਤਾਂ ਸ਼ਾਇਦ ਹੁਣ ਆਧੁਨਿਕ ਲੋਕਤੰਤਰ ਵਿੱਚ ਲਗਭਗ ਹਰੇਕ ਆਗੂ ਲਈ ਲਾਜ਼ਮੀ ਜਿਹਾ ਨਤੀਜਾ ਬਣ ਗਿਆ ਹੈ; ਖ਼ਾਸ ਕਰ ਕੇ ਅਮਰੀਕਾ ਦੀ ਸਿਆਸੀ ਵਿਵਸਥਾ ਵਿੱਚ ਤਾਂ ਅਜਿਹਾ ਬਹੁਤਾ ਹੁੰਦਾ ਹੈ, ਜਿੱਥੇ ਕਾਰਜਕਾਰੀ ਅਧਿਕਾਰੀ ਨੂੰ ਸੰਸਥਾਗਤ ਤੌਰ 'ਤੇ ਹਰ ਹਾਲਤ ਵਿੱਚ ਵਿਧਾਨ-ਮੰਡਲ ਨਾਲ ਸੱਤਾ ਤੇ ਅਥਾਰਟੀ ਦੀ ਮਿਲ-ਬੈਠ ਕੇ ਗੱਲਬਾਤ ਕਰਵਾਉਣੀ ਹੀ ਪੈਂਦੀ ਹੈ। ਪ੍ਰਭਾਵਸ਼ਾਲੀ ਲੀਡਰਸ਼ਿਪ ਰਾਸ਼ਟਰਪਤੀ ਨੂੰ ਆਸਾਨੀ ਨਾਲ ਜਾਂ ਆਪਣੇ-ਆਪ ਹੀ ਨਹੀਂ ਮਿਲ ਜਾਂਦੀ। ਉਨ੍ਹਾਂ ਨੂੰ ਤਾਂ ਲੀਡਰ ਵਾਲੇ ਛੱਬ ਤੋਂ ਉਦੋਂ ਹੀ ਦੂਰ ਕਰਨ ਦੇ ਯਤਨ ਆਰੰਭ ਦਿੱਤੇ ਗਏ ਸਨ ਜਦੋਂ ਉਹ ਦੇਸ਼ ਦੇ ਪਹਿਲੇ ਸਿਆਹਫਾਮ ਰਾਸ਼ਟਰਪਤੀ ਵਜੋਂ ਪਹਿਲੀ ਵਾਰ ਵ੍ਹਾਈਟ ਹਾਊਸ ਸਥਿਤ ਆਪਣੇ 'ਓਵਲ' ਦਫ਼ਤਰ ਵਿੱਚ ਗਏ ਸਨ। ਜ਼ਾਹਰ ਹੈ ਕਿ ਇਸ ਪਿੱਛੇ ਨਿਰੋਲ ਸਿਆਸਤ ਸੀ।

ਦੁਨੀਆ ਭਰ ਦੇ ਲੋਕਤੰਤਰ ਦੇ ਵਿਦਿਆਰਥੀਆਂ ਨੂੰ ਇਹ ਮੁੱਖ ਸੁਆਲ ਜ਼ਰੂਰ ਪੁੱਛਣਾ ਚਾਹੀਦਾ ਹੈ ਅਤੇ ਉਸ ਦਾ ਜੁਆਬ ਵੀ ਉਨ੍ਹਾਂ ਨੂੰ ਆਪੇ ਹੀ ਦੇਣਾ ਹੋਵੇਗਾ ਕਿ ਅਸੀਂ ਆਪਣੇ ਆਗੂਆਂ ਵਿੱਚ ਜਿਹੜੇ ਗੁਣ ਤਲਾਸ਼ ਕਰਦੇ ਹਾਂ, ਕੀ ਉਨ੍ਹਾਂ ਨੂੰ ਮੁੜ-ਪਰਿਭਾਸ਼ਿਤ ਕਰਨ ਦੀ ਲੋੜ ਹੈ? ਰੀਅਲ ਅਸਟੇਟ ਦੇ ਧੰਦੇ ਨਾਲ ਜੁੜਿਆ ਇੱਕ ਕਾਰੋਬਾਰੀ ਗੋਰੇ ਅਮਰੀਕਨਾਂ ਦੇ ਰੋਹ ਤੇ ਰੋਸ ਦਾ ਕਿਸੇ ਤਰ੍ਹਾਂ ਲਾਭ ਉਠਾ ਲੈਂਦਾ ਹੈ, ਕੀ ਇਸ ਨਾਲ ਲੀਡਰਸ਼ਿਪ ਦੇ ਸਟੈਂਡ ਦਾ ਕੰਮ ਮੁੜ-ਪਰਿਭਾਸ਼ਿਤ ਹੋ ਜਾਂਦਾ ਹੈ? ਕੀ ਆਗੂਆਂ ਲਈ ਉਜੱਡ ਤੇ ਕਰੂਰ ਬਣਨਾ ਜ਼ਰੂਰੀ ਹੈ? ਤਾਂ ਜੋ ਉਹ ਸਾਡੀਆਂ ਭੈੜੀਆਂ ਤੋਂ ਭੈੜੀਆਂ ਤੇ ਬੁਨਿਆਦੀ ਮੂਲ-ਪ੍ਰਵਿਰਤੀਆਂ ਨੂੰ ਜਗਾਉਣ ਦੇ ਕਾਬਲ ਸਾਬਤ ਹੋਣ? ਯੂਰੋਪ ਵਿੱਚ ਅੰਧ-ਰਾਸ਼ਟਰਵਾਦੀ ਇਸ ਵੇਲੇ ਗੜਬੜੀਆਂ ਕਰ ਰਹੇ ਹਨ ਅਤੇ ਇਨ੍ਹਾਂ ਜਾਹਿਲਾਂ ਦੀ ਚੜ੍ਹਤ ਦੀ ਸੰਭਾਵਨਾ ਵੀ ਉਭਰਦੀ ਵਿਖਾਈ ਦਿੰਦੀ ਹੈ। ਏਂਜਲਾ ਮਰਕੇਲ ਦੀ ਹਮਦਰਦਾਨਾ ਸਮਰੱਥਾ ਨੂੰ ਛੁਟਿਆ ਕੇ ਵੇਖਿਆ ਜਾ ਰਿਹਾ ਹੈ, ਅਤੇ ਅਡੰਬਰਬਾਜ਼ਾਂ ਨੂੰ ਬਹੁਤ ਸਤਿਕਾਰ ਨਾਲ ਸੁਣਿਆ ਜਾ ਰਿਹਾ ਹੈ। ਇਸ ਸਾਰੇ ਮਾਮਲੇ ਵਿੱਚ ਨਿਰਾਸ਼ਾਜਨਕ ਪੱਖ ਇਹ ਹੈ ਕਿ ਬਿਰਤਾਂਤਕ ਉਦਯੋਗ ਦਾ ਪੂਰਾ ਤਾਣ ਟਰੰਪ ਦੇ ਅਤੇ ਯੂਰੋਪ ਵਿੱਚ ਸੱਜ-ਪਿਛਾਖੜੀ ਸੋਚ ਵਾਲੇ ਹੋਰ ਆਗੂਆਂ ਦੇ ਉਭਾਰ ਨੂੰ ਤਰਕਪੂਰਨ ਦੱਸਣ ਉੱਤੇ ਲੱਗਾ ਹੋਇਆ ਹੈ ਅਤੇ ਇਸ ਨੂੰ ਬੁੱਧੀਜੀਵੀਆਂ ਦੇ ਕੁਲੀਨ ਵਰਗਾਂ ਵਿਰੁੱਧ ਬਿਲਕੁਲ ਦਰੁਸਤ ਬਗ਼ਾਵਤ ਆਖਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਆਮ ਜਨਤਾ ਦੀਆਂ ਚਿੰਤਾਵਾਂ ਪ੍ਰਤੀ ਉਦਾਸੀਨ ਮੰਨਿਆ ਜਾ ਰਿਹਾ ਹੈ। ਇਨ੍ਹਾਂ ਅਖੌਤੀ ਕੁਲੀਨ ਵਰਗਾਂ ਬਾਰੇ ਵੀ ਇਹ ਸਮਝਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਕਰਮਾਂ ਦਾ ਫਲ਼ ਮਿਲਿਆ ਹੈ।

ਜਿਵੇਂ ਕਿ ਉੱਘੇ ਇਤਿਹਾਸਕਾਰ ਆਰਥਰ ਐੱਮ. ਸ਼ਲੈਸਿੰਗਰ ਜੂਨੀਅਰ ਨੇ ਬਿਆਨ ਕੀਤਾ ਸੀ, ਅਮਰੀਕਾ ਇਸ ਵੇਲੇ ਇਤਿਹਾਸਕ 'ਚੱਕਰਾਂ' ਵਿਚੋਂ ਲੰਘ ਰਿਹਾ ਹੈ; ਇਹ ਚੱਕਰ ਉਦੋਂ ਆਉਂਦੇ ਹਨ ਜਦੋਂ ਕਾਰਵਾਈਆਂ, ਜਨੂੰਨ, ਆਦਰਸ਼ਵਾਦ ਤੇ ਸੁਧਾਰ; ਵਹਿਣ, ਗਤੀਹੀਣਤਾ, ਅਨੰਦਵਾਦ ਅਤੇ ਸਨਕਵਾਦ ਦੇ ਸੀਜ਼ਨਾਂ ਨੂੰ ਮੌਕਾ ਦਿੰਦੇ ਹਨ। ਇਸ ਘਟਨਾਕ੍ਰਮ ਦੀ ਕੁਰਖ਼ਤਗੀ ਇਹ ਹੈ ਕਿ ਅਮਰੀਕਨਾਂ ਨੇ ਆਪਣੇ ਵਿਸ਼ਵਾਸ ਦਾ ਦਾਅ ਡੋਨਲਡ ਟਰੰਪ ਜਿਹੇ ਵਿਕਰੀਕਾਰ ਉੱਤੇ ਲਾਇਆ ਹੈ। ਇਹ ਵੱਖਰੀ ਗੱਲ ਹੈ ਕਿ ਰਵਾਇਤੀ ਅਮਰੀਕਨਾਂ ਦੇ ਉਦਾਰਵਾਦੀ ਸਟੈਂਡ ਅਤੇ ਪਰਵਾਸੀਆਂ ਦੀ ਨਵੀਨ ਤੇ ਉਤੇਜਨਾਪੂਰਨ ਊਰਜਾ ਟਰੰਪ-ਅੰਤਰਾਲ ਨੂੰ ਲੰਘਾ ਦੇਵੇਗੀ ਅਤੇ ਅਮਰੀਕੀ ਰੂਹ ਨੂੰ ਕੋਈ ਸਥਾਈ ਨੁਕਸਾਨ ਵੀ ਨਹੀਂ ਪੁੱਜੇਗਾ।

ਦਲੀਲਾਂ ਅਤੇ ਨਾਅਰੇ ਲਾਜ਼ਮੀ ਤੌਰ ਉੱਤੇ ਪੱਖਪਾਤੀ ਢੰਗ ਨਾਲ ਵੋਟਰਾਂ ਦੇ ਇੱਕ ਵਰਗ ਨੂੰ ਲਾਮਬੰਦ ਕਰਨ ਲਈ ਤਿਆਰ ਕੀਤੇ ਜਾਂਦੇ ਹਨ, ਇੱਕ ਜਮਹੂਰੀ ਢਾਂਚੇ ਵਿੱਚ ਸਿਆਸੀ ਲੀਡਰਸ਼ਿਪ ਮੁੱਖ ਤੌਰ ਉੱਤੇ ਇਸੇ ਦੀ ਭਾਲ ਵਿਚ ਰਹਿੰਦੀ ਹੈ। ਸਿਆਸੀ ਲੀਡਰਸ਼ਿਪ ਇੱਕ ਰਾਸ਼ਟਰਪਤੀ ਜਾਂ ਇੱਕ ਪ੍ਰਧਾਨ ਮੰਤਰੀ ਉੱਤੇ ਪ੍ਰਭਾਵਸ਼ਾਲੀ ਕਿਸਮ ਦਾ ਬੋਝ ਪਾਉਂਦੀ ਹੈ - ਜਿਵੇਂ ਰਾਸ਼ਟਰੀ ਹਿਤ ਤੇ ਰਾਸ਼ਟਰੀ ਮਹਿਮਾ ਦੀ ਭਾਲ ਦਾ ਬੋਝ; ਉਹ ਵੀ ਇਸ ਤਰ੍ਹਾਂ ਕਿ ਨਾਗਰਿਕ ਨੂੰ ਕੋਈ ਨੁਕਸਾਨ ਨਹੀਂ ਸਗੋਂ ਲਾਭ ਹੋਵੇ। ਜਦੋਂ ਕੋਈ ਆਗੂ ਉਸ ਪ੍ਰਭਾਵਸ਼ਾਲੀ ਬੋਝ ਦੀ ਭਾਵਨਾ ਅਨੁਸਾਰ ਚੱਲਣ ਤੋਂ ਅਸਮਰੱਥ ਹੋ ਜਾਂਦਾ ਹੈ, ਤਾਂ ਉਸ ਦੇ ਆਪਣੇ ਹੀ ਸਾਥੀ ਨਾਗਰਿਕ ਉਸ ਨੂੰ ਸਮਰਥਨ ਦੇਣਾ ਬੰਦ ਕਰ ਦਿੰਦੇ ਹਨ ਅਤੇ ਸਮੁੱਚਾ ਵਿਸ਼ਵ ਇੰਝ ਹੀ ਕਰਦਾ ਹੈ।

ਅਸੀਂ ਜ਼ਿਆਦਾਤਰ ਅਣ-ਇਤਿਹਾਸਕ ਤਰੀਕੇ ਨਾਲ ਜਿਊਣਾ ਪਸੰਦ ਕਰਦੇ ਹਾਂ। ਇੱਕ ਫ਼ੈਸ਼ਨ ਦੇ ਤੌਰ 'ਤੇ ਬਰਾਕ ਓਬਾਮਾ ਦੀਆਂ ਕਮੀਆਂ ਦੀ ਸਖ਼ਤ ਨਿਖੇਧੀ ਕਰਨੀ ਬਹੁਤ ਆਸਾਨ ਹੋ ਸਕਦੀ ਹੈ, ਪਰ ਇਸ ਬਾਰੇ ਥੋੜ੍ਹਾ ਵਿਚਾਰ ਕਰਨਾ ਬੇਹੱਦ ਲਾਹੇਵੰਦ ਰਹੇਗਾ ਕਿ ਜੇ ਸਾਲ 2008 ਵਿਚ ਓਬਾਮਾ ਆਪਣੇ ਰਿਪਬਲਿਕਨ ਵਿਰੋਧੀ ਨੂੰ ਹਰਾਉਣ ਤੋਂ ਨਾਕਾਮ ਰਹਿ ਜਾਂਦੇ, ਤਾਂ ਅਮਰੀਕਾ ਅਤੇ ਸਮੁੱਚੇ ਸੰਸਾਰ ਦੀ ਹੋਣੀ ਕਿਹੋ ਜਿਹੀ ਹੋਣੀ ਸੀ। ਅਮਰੀਕਾ ਅਤੇ ਬਾਕੀ ਸੰਸਾਰ ਨੇ ਨਿਸ਼ਚਤ ਤੌਰ ਉੱਤੇ ਇੱਕ-ਦੂਜੇ ਨਾਲ ਟਕਰਾਅ ਦੇ ਰਾਹ ਤੁਰ ਪੈਣਾ ਸੀ, ਅਸਥਿਰਤਾ ਪੈਦਾ ਹੋਣੀ ਸੀ ਅਤੇ ਵਿਸ਼ਾਲ ਵਿਸ਼ਵ ਪੱਧਰ ਉੱਤੇ ਅਵਿਵਸਥਾ ਫੈਲ ਜਾਣੀ ਸੀ। ਜੇ ਹੋਰ ਕੁਝ ਨਹੀਂ ਤਾਂ, ਸਾਨੂੰ ਇਸ ਗੱਲ ਲਈ ਓਬਾਮਾ ਦੇ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਜਾਰਜ ਬੁਸ਼-ਡਿੱਗ ਚੈਨੀ ਜੁੱਗ ਦੀਆਂ ਵਧੀਕੀਆਂ ਤੋਂ ਆਪਣੇ ਕਦਮ ਪਿਛਾਂਹ ਖਿੱਚੇ। ਓਬਾਮਾ ਦੀ ਨਿਗਰਾਨੀ ਹੇਠ ਅਮਰੀਕਾ ਇੱਕ ਸ਼ਾਂਤ ਤੇ ਸਰਲ ਸਮਾਜ ਬਣ ਸਕਿਆ; ਭਾਵੇਂ ਬਹੁਤੇ ਅਮਰੀਕਨਾਂ ਨੂੰ ਛੇਤੀ ਗੁੱਸਾ ਆ ਜਾਂਦਾ ਹੈ ਤੇ ਉਹ ਜੰਗਲ਼ੀ ਬਣ ਜਾਂਦੇ ਹਨ। ਟਰੰਪ ਦੀ ਸਫ਼ਲਤਾ ਨਾਲ ਓਬਾਮਾ ਦੀਆਂ ਪ੍ਰਾਪਤੀਆਂ ਕਿਸੇ ਵੀ ਤਰ੍ਹਾਂ ਘਟ ਨਹੀਂ ਜਾਂਦੀਆਂ। ਇਹ ਵੱਡੀ ਇਤਿਹਾਸਕ ਗ਼ਲਤੀ ਹੋਵੇਗੀ ਕਿ ਜੇ ਅਸੀਂ ਟਰੰਪ ਦੀ ਆਮਦ ਨੂੰ ਇਤਿਹਾਸਕ ਤੌਰ ਉੱਤੇ ਲਾਜ਼ਮੀ ਕਰਾਰ ਦੇਵਾਂਗੇ।

ਸਦੀਆਂ ਪਹਿਲਾਂ ਅਰਸਤੂ ਨੇ ਸਾਡੇ ਮੌਜੂਦਾ ਯੁੱਗ ਦੀ ਦੋਚਿੱਤੀ ਬਾਰੇ ਸੰਕੇਤ ਦੇ ਦਿੱਤੇ ਸਨ: ਕੇਵਲ ਲੋਕਾਂ ਦੇ ਬਿਹਤਰ ਹਿਤਾਂ ਲਈ ਰਾਜ ਕਰਨ ਵਾਲਾ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਆਮ ਤੌਰ ਉੱਤੇ ਦੁਰਲੱਭ ਹੁੰਦਾ ਹੈ ਤੇ ਲੱਭਣਾ ਔਖਾ ਹੁੰਦਾ ਹੈ। ਬੇਸ਼ੱਕ ਲੋਕਤੰਤਰ ਅਜਿਹੇ ਸਤਿਕਾਰਤ ਤੇ ਸੱਦਬੁੱਧ ਹਾਕਮਾਂ ਨੂੰ ਲੱਭਣ ਤੇ ਉਨ੍ਹਾਂ ਨੂੰ ਸੱਤਾ ਸੌਂਪਣ ਲਈ ਬਿਹਤਰੀਨ ਤੇ ਨਿਆਂਸੰਗਤ ਪ੍ਰਣਾਲੀਆਂ ਤਿਆਰ ਕਰਦਾ ਹੈ। ਅਤੇ ਇਸੇ ਕਾਰਨ ਹੀ ਟਰੰਪ ਦੀ ਜਿੱਤ ਵਾਲੇ ਪੈਮਾਨੇ ਦੀ ਵਰਤੋਂ ਸਮੁੱਚੀ ਦੁਨੀਆ ਦੇ ਲੋਕਤੰਤਰਾਂ ਵਿੱਚ ਲੀਡਰਸ਼ਿਪ ਦੇ ਮਿਆਰੀ ਪੈਮਾਨਿਆਂ ਨੂੰ ਘਟਾਉਣ ਲਈ ਨਹੀਂ ਕੀਤੀ ਜਾ ਸਕਦੀ।

## ਗਰੰਥੀ ਦੀ ਹੱਤਿਆ ਦੇ ਮਾਮਲੇ ਵਿੱਚ ਭਾਈ ਜਗਤਾਰ ਸਿੰਘ ਹਵਾਰਾ ਬਰੀ

**ਰੂਪਨਗਰ/ਬਿਊਰੋ ਨਿਊਜ਼ :** ਇੱਥੋਂ ਦੀ ਅਦਾਲਤ ਨੇ ਬੱਬਰ ਖਾਲਸਾ ਦੇ ਕਾਰਕੁਨ ਭਾਈ ਜਗਤਾਰ ਸਿੰਘ ਹਵਾਰਾ ਨੂੰ ਇੱਕ ਗ੍ਰੰਥੀ ਦੀ ਹੱਤਿਆ ਦੇ ਮਾਮਲੇ ਵਿੱਚ ਬਰੀ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕਿ ਚਮਕੌਰ ਸਾਹਿਬ ਦੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਗ੍ਰੰਥੀ ਦੀ ਤੇਜ਼ਧਾਰ ਹਥਿਆਰਾਂ ਨਾਲ ਹੱਤਿਆ ਹੋਈ ਸੀ। ਉਦੋਂ ਪੁਲੀਸ ਨੇ 14 ਅਗਸਤ 1988 ਵਿੱਚ ਭਾਰਤੀ ਦੰਡਾਵਲੀ ਦੀ ਧਾਰਾ 302 ਤਹਿਤ ਅਣਪਛਾਤੇ ਹਮਲਾਵਰਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਬਾਅਦ ਵਿੱਚ ਜਗਤਾਰ ਸਿੰਘ ਹਵਾਰਾ ਸਮੇਤ ਭੁਪਿੰਦਰ ਸਿੰਘ ਤੇ ਜਸਵੰਤ ਸਿੰਘ ਖ਼ਿਲਾਫ਼ ਪੁਲੀਸ ਵੱਲੋਂ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਗਿਆ ਸੀ। ਮਾਮਲੇ ਵਿੱਚ ਹਵਾਰਾ ਤੋਂ ਇਲਾਵਾ ਜੋ ਦੋ ਮੁਲਜ਼ਮ ਸਨ, ਉਨ੍ਹਾਂ ਦੀ ਪੁਲੀਸ ਮੁਕਾਬਲੇ ਵਿੱਚ ਮੌਤ ਹੋ ਗਈ ਸੀ ਅਤੇ ਹਵਾਰਾ ਪਹਿਲਾਂ ਮਾਮਲੇ ਵਿੱਚ ਭਗੌੜਾ ਰਿਹਾ ਅਤੇ ਹੁਣ ਤਿਹਾੜ ਜੇਲ੍ਹ ਵਿੱਚ ਬੰਦ ਹੈ। ਤਿਹਾੜ ਜੇਲ੍ਹ



ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਇਸ ਮਾਮਲੇ ਦੀ ਸੁਣਵਾਈ ਮੁਕੰਮਲ ਹੋਣ ਮਗਰੋਂ ਵਧੀਕ ਸੈਸ਼ਨ ਜੱਜ ਰੂਪਨਗਰ ਸੁਨੀਤਾ ਕੁਮਾਰੀ ਸ਼ਰਮਾ ਨੇ ਹਵਾਰਾ ਨੂੰ ਸਬੂਤਾਂ ਦੀ ਅਣਹੋਂਦ ਕਾਰਨ ਬਰੀ ਕਰ ਦਿੱਤਾ। ਹਵਾਰਾ ਦੇ ਵਕੀਲ ਸਰਬਜੀਤ ਸਿੰਘ ਬੈਂਸ ਨੇ ਦੱਸਿਆ ਕਿ ਰੂਪਨਗਰ ਦੀ ਅਦਾਲਤ ਨੇ ਜਗਤਾਰ ਸਿੰਘ ਹਵਾਰਾ ਨੂੰ ਬਾਬਾ ਭਨਿਆਰਾਂਵਾਲੇ ਦੇ ਡੇਰੇ ਦੇ ਬਾਹਰ ਬੰਬ ਧਮਾਕਾ ਕਰਨ ਦੇ ਮਾਮਲੇ ਵਿੱਚ 7 ਦਸੰਬਰ 2016 ਨੂੰ ਬਰੀ ਕਰ ਦਿੱਤਾ ਗਿਆ ਸੀ। ਉਸ ਖ਼ਿਲਾਫ਼ ਰੂਪਨਗਰ ਜ਼ਿਲ੍ਹੇ ਵਿੱਚ ਕੁੱਲ ਪੰਜ ਮਾਮਲੇ ਦਰਜ ਹਨ।

## ਟਰੰਪ ਨੇ ਟਰਾਂਸ ਪੈਸੇਫਿਕ ਵਪਾਰ ਸੰਧੀ 'ਚੋਂ ਅਮਰੀਕਾ ਨੂੰ ਕੀਤਾ ਵੱਖ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਹਿਮ ਹੁਕਮ ਪਾਸ ਕਰਦਿਆਂ ਟਰਾਂਸ ਪੈਸੇਫਿਕ ਵਪਾਰ ਸੰਧੀ ਵਿਚੋਂ ਅਮਰੀਕਾ ਨੂੰ ਵੱਖ ਕਰ ਲਿਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਉਹ ਇਸ ਸਬੰਧੀ ਲੰਬੇ ਸਮੇਂ ਤੋਂ ਵਾਅਦਾ ਕਰਦੇ ਆ ਰਹੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਮਰੀਕਨ ਵਰਕਰਾਂ ਦੇ ਹਿਤ ਵਿੱਚ ਮਹਾਨ ਕੰਮ ਕਰਨ ਦਾ ਦਾਅਵਾ ਕੀਤਾ ਹੈ। ਯਾਦ ਰਹੇ ਕਿ ਇਸ ਸੰਧੀ 'ਤੇ ਅਸਟਰੇਲੀਆ, ਕੈਨੇਡਾ, ਮਲੇਸ਼ੀਆ, ਮੈਕਸੀਕੋ, ਨਿਊਜ਼ੀਲੈਂਡ, ਪੇਰੂ, ਸਿੰਘਾਪੁਰ, ਬਰੂਨੀ ਅਤੇ ਜਾਪਾਨ ਨੇ ਦਸਤਖ਼ਤ ਕੀਤੇ ਹੋਏ ਹਨ ਅਤੇ ਸੰਸਾਰ ਆਰਥਿਕਤਾ ਦਾ 40 ਫੀਸਦੀ ਕਾਰੋਬਾਰ ਇਸ ਸੰਧੀ ਅਧੀਨ ਆਉਂਦਾ ਹੈ। ਇਸੇ ਦੌਰਾਨ ਵਕੀਲਾਂ ਦੇ ਇਕ ਗਰੁੱਪ ਨੇ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ ਕੇਸ ਦਰਜ ਕਰਵਾ ਦਿੱਤਾ ਹੈ। ਇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਰਾਸ਼ਟਰਪਤੀ ਨੇ ਵਿਦੇਸ਼ੀ ਸਰਕਾਰਾਂ ਤੋਂ ਅਦਾਇਗੀਆਂ ਲੈ ਕੇ ਸੰਵਿਧਾਨਕ ਪਾਬੰਦੀਆਂ ਦੀ ਉਲੰਘਣਾ ਕੀਤੀ ਹੈ।

# ਦੁਬਈ : ਗੁਰਦੁਆਰੇ ਵਿੱਚ ਮਲਟੀਮੀਡੀਆ ਸਿੱਖ ਮਿਊਜ਼ੀਅਮ ਕਾਇਮ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਲੋਕਾਂ ਨੂੰ ਸਿੱਖ ਧਰਮ ਅਤੇ ਇਸ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਦੇ ਮੰਤਵ ਨਾਲ ਦੁਬਈ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਵਿਖੇ ਮਲਟੀ ਮੀਡੀਆ ਸਿੱਖ ਮਿਊਜ਼ੀਅਮ ਸਥਾਪਤ ਕੀਤਾ ਗਿਆ ਹੈ, ਜਿਸ ਦਾ ਉਦਘਾਟਨ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਨੇ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਸੇਵਾ ਸਿੰਘ ਨੇ ਦੱਸਿਆ ਕਿ ਅਜਿਹਾ ਮਲਟੀ ਮੀਡੀਆ ਸਿੱਖ ਮਿਊਜ਼ੀਅਮ ਸਭ ਤੋਂ ਪਹਿਲਾਂ 2004 ਵਿਚ ਖਡੂਰ ਸਾਹਿਬ ਵਿਖੇ ਸਵਰਗੀ ਡਾ. ਰਘਬੀਰ ਸਿੰਘ ਬੈਂਸ ਵੱਲੋਂ ਸਥਾਪਤ ਕੀਤਾ ਗਿਆ ਸੀ, ਜਿਥੇ ਟੱਚ ਸਕਰੀਨਾਂ ਲਾਈਆਂ ਗਈਆਂ ਸਨ, ਜਿਨ੍ਹਾਂ ਨੂੰ ਛੂਹਣ ਮਾਤਰ ਨਾਲ ਹੀ ਸਬੰਧਤ ਇਤਿਹਾਸ ਸਾਹਮਣੇ ਆ ਜਾਂਦਾ ਹੈ।



ਇਹ ਅਤਿ ਆਧੁਨਿਕ ਤਕਨੀਕ ਵਾਲੇ ਮਿਊਜ਼ੀਅਮ ਨੂੰ ਵਿਸ਼ਵ ਭਰ ਵਿਚ ਵੱਡਾ ਨਾਮਣਾ ਮਿਲਿਆ ਸੀ। ਉਨ੍ਹਾਂ ਦੱਸਿਆ ਕਿ ਦੁਬਈ ਦੇ ਇਸ ਗੁਰਦੁਆਰੇ ਵਿਚ ਸਥਾਪਤ ਕੀਤੇ ਗਏ ਆਧੁਨਿਕ ਤਕਨੀਕ ਵਾਲੇ ਅਜਾਇਬ ਘਰ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਵਿਚ ਟੱਚ ਸਕਰੀਨਾਂ ਰਾਹੀਂ ਸਿੱਖ ਧਰਮ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇਗੀ।

ਬਾਬਾ ਸੇਵਾ ਸਿੰਘ ਵਾਤਾਵਰਣ ਅਤੇ ਵਿਦਿਆ ਦੇ ਖੇਤਰ ਵਿਚ ਅਹਿਮ ਯੋਗਦਾਨ ਪਾ ਚੁੱਕੇ ਹਨ, ਜਿਸ ਦੇ ਸਿੱਟੇ ਵਜੋਂ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੁਬਈ ਸਥਿਤ ਗੁਰਦੁਆਰੇ ਵਿਚ ਇਸ ਮਿਊਜ਼ੀਅਮ ਦੀ ਸ਼ੁਰੂਆਤ ਮੌਕੇ ਸਿੱਖ ਸੰਗਤਾਂ ਨੂੰ ਆਖਿਆ ਕਿ ਉਹ ਆਪਣੇ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਨ। ਉਨ੍ਹਾਂ ਆਖਿਆ ਕਿ ਇਹ ਮਿਊਜ਼ੀਅਮ ਵੀ ਸਿੱਖ ਸੰਗਤਾਂ ਨੂੰ ਸਿੱਖ ਇਤਿਹਾਸ ਅਤੇ ਸਿੱਖ ਧਰਮ ਨਾਲ ਜੋੜਨ ਲਈ ਵੱਡਾ ਪ੍ਰਚਾਰ ਮਾਧਿਅਮ ਹੈ। ਇਸ ਰਾਹੀਂ ਸਿੱਖ ਇਤਿਹਾਸ, ਰਹਿਤ ਮਰਿਆਦਾ, ਸਾਰੇ ਸਿੱਖ ਸ਼ਹੀਦਾਂ ਦਾ ਜੀਵਨ, ਸਿੱਖ ਇਤਿਹਾਸਕ ਤਰੀਕਾਂ ਤੇ ਹੋਰ ਇਤਿਹਾਸ ਬਾਰੇ ਜਾਣਕਾਰੀ ਮਿਲੇਗੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਨੇ ਦੱਸਿਆ ਕਿ ਪੰਜ ਸਾਲ ਪਹਿਲਾਂ ਦੁਬਈ ਵਿਚ ਸਿੱਖ ਸੰਗਤਾਂ ਵੱਲੋਂ ਗੁਰਦੁਆਰੇ ਦੀ ਸਥਾਪਨਾ ਕੀਤੀ ਗਈ ਸੀ। ਇਥੇ ਸਿੱਖ ਸੰਗਤਾਂ ਤੇ ਯਾਤਰੀਆਂ ਵਾਸਤੇ ਇਹ ਅਤਿ ਆਧੁਨਿਕ ਮਿਊਜ਼ੀਅਮ ਦੀ ਸਥਾਪਨਾ ਕੀਤੀ ਗਈ ਹੈ। ਉਨ੍ਹਾਂ ਨੇ ਬਾਬਾ ਸੇਵਾ ਸਿੰਘ ਤੇ ਹੋਰਨਾਂ ਦਾ ਸਨਮਾਨ ਵੀ ਕੀਤਾ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਤਜਿੰਦਰਪਾਲ ਸਿੰਘ, ਐਸ.ਪੀ ਸਿੰਘ, ਸੁਖਦੇਵ ਸਿੰਘ ਵੀ ਹਾਜ਼ਰ ਸਨ।

# ਗ਼ਦਰੀ ਬਾਬਿਆਂ ਦਾ 17ਵਾਂ ਮੇਲਾ 2 ਅਪ੍ਰੈਲ, ਐਤਵਾਰ ਨੂੰ ਫਰਿਜ਼ਨੋ ਵਿਚ ਹੋਵੇਗਾ

## 1917 ਦੇ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ ਮੇਲਾ

**ਫਰਿਜ਼ਨੋ/ਬਿਊਰੋ ਨਿਊਜ਼ :**
ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਵਲੋਂ 'ਮੇਲਾ ਗ਼ਦਰੀ ਬਾਬਿਆਂ ਦਾ' 2 ਅਪ੍ਰੈਲ ਨੂੰ ਫਰਿਜ਼ਨੋ ਵਿਚ ਕਰਵਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਸਕੱਤਰੇਤ ਦੀ ਮੀਟਿੰਗ ਸੱਦੀ ਗਈ ਜਿਸ ਵਿਚ ਇਨ੍ਹਾਂ ਤਿਆਰੀਆ ਦਾ ਜਾਇਜ਼ਾ ਲਿਆ ਗਿਆ ਅਤੇ ਕੰਮਾਂ ਦੀ ਵੰਡ ਕੀਤੀ ਗਈ। ਇਸ ਸਾਲ ਦਾ ਇਹ ਮੇਲਾ ਅਪ੍ਰੈਲ 2, ਦਿਨ ਐਤਵਾਰ ਨੂੰ ਸੈਂਟਰਲ ਯੂਨੀਫਾਈਡ ਹਾਈ ਸਕੂਲ ਦੇ ਜਿਮਨੇਜ਼ੀਅਮ ਵਿਚ ਹੋ ਰਿਹਾ ਹੈ ਜੋ ਕਿ 3535 ਨਾਰਥ ਕਾਰਨੀਲੀਆ ਐਵੇਨਿਊ ਫਰਿਜ਼ਨੋ ਵਿਚ ਸਥਿਤ ਹੈ। ਇਹ ਡਾਕੋਟਾ ਐਵੇਨਿਊ ਅਤੇ ਐਸਲੇਨ ਐਵੇਨਿਊ ਦੇ ਵਿਚਕਾਰ ਪੈਂਦਾ ਹੈ। ਇਹ ਮੇਲਾ ਦੁਪਹਿਰ 12:00 ਵਜੇ ਤੋਂ ਸ਼ਾਮ 6:00 ਵਜੇ ਤੱਕ ਚਲੇਗਾ। ਫੋਰਮ ਵਲੋਂ ਕਰਵਾਇਆ ਜਾਣ ਵਾਲਾ ਇਹ 17ਵਾਂ ਮੇਲਾ 1917 ਦੇ ਸ਼ਹੀਦਾਂ ਨੂੰ ਸਮਰਪਿਤ ਕੀਤਾ ਜਾਵੇਗਾ ਜਿਨ੍ਹਾਂ ਵਿਚ ਦੂਜੇ ਲਾਹੌਰ ਸਪਲੀਮੈਂਟਰੀ ਕੇਸ ਦੇ ਸ਼ਹੀਦ ਬਲਵੰਤ ਸਿੰਘ ਖੁਰਦਪੁਰ, ਹਾਫਿਜ਼ ਅਬਦੁਲਾ ਸ਼ੇਰਪੁਰ, ਨਾਮਾ ਹੁਸ਼ਿਆਰਪੁਰ, ਬਾਬੂ ਰਾਮ ਹੁਸ਼ਿਆਰਪੁਰ, ਰੁੜ ਸਿੰਘ ਸੰਘਵਾਲ ਤੋਂ ਇਲਾਵਾ ਡਾ. ਮਥਰਾ ਸਿੰਘ, ਬਾਬਾ ਰੁਲੀਆ ਸਿੰਘ ਸਰਾਭਾ ਅਤੇ ਆਤਮਾ ਰਾਮ ਸੰਘਾਈ ਸ਼ਾਮਲ ਹਨ।

ਇਸ ਸਾਲ ਦੇ ਮੇਲੇ ਵਿਚ ਪ੍ਰੋਫੈਸਰ ਸ. ਨਰਿੰਜਣ ਸਿੰਘ ਢੇਸੀ ਮੁੱਖ ਬੁਲਾਰੇ ਹੋਣਗੇ। ਸ. ਨਰਿੰਜਣ ਸਿੰਘ ਢੇਸੀ ਲੰਬਾ ਸਮਾਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪੰਜਾਬੀ ਦੇ ਪ੍ਰੋਫੈਸਰ ਹੋਣ ਦੇ ਨਾਲ ਨਾਲ ਗੁਰੂ ਗਰੰਥ ਸਾਹਿਬ ਚੇਅਰ ਦੇ ਮੁਖੀ ਵੀ ਰਹੇ ਹਨ। ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਫੋਰਮ ਦੀ ਟੀਮ ਫੰਡ ਉਗਰਾਹੀ ਵਿਚ ਰੁਝ ਗਈ ਹੈ। ਉਨ੍ਹਾਂ ਨੇ ਫਰਿਜ਼ਨੋ ਏਰੀਏ ਦੇ ਸਮੂਹ ਲੋਕਾਂ ਤੋਂ ਆਸ ਕੀਤੀ ਕਿ ਉਹ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪਣਾ ਹਰ ਤਰ੍ਹਾਂ ਦਾ ਯੋਗਦਾਨ ਦੇਣਗੇ। ਮੀਟਿੰਗ ਵਿਚ 900 ਏ ਐਮ ਰੇਡੀਓ ਸਟੇਸ਼ਨ, 620 ਏ ਐਮ ਦੇ ਪੰਜਾਬੀ ਹੋਸਟ ਅਤੇ ਰੇਡੀਓ ਪੰਜਾਬ ਅਤੇ ਸਮੂਹ ਪੰਜਾਬੀ ਅਖ਼ਬਾਰਾਂ ਦਾ ਵੀ ਧੰਨਵਾਦ ਕੀਤਾ ਗਿਆ ਅਤੇ ਆਉਣ ਵਾਲੇ ਪ੍ਰੋਗਰਾਮ ਲਈ ਵੀ ਸਹਿਯੋਗ ਦੀ ਅਪੀਲ ਕੀਤੀ।

ਇਨ੍ਹਾਂ ਪ੍ਰੋਗਰਾਮਾਂ ਦੇ ਸਬੰਧ ਵਿਚ ਕਿਸੇ ਤਰ੍ਹਾਂ ਦੀ ਜਾਣਕਾਰੀ ਲੈਣ ਲਈ ਸੁਰਿੰਦਰ ਸਿੰਘ ਮੰਢਾਲੀ (559-473-9269) ਜਾਂ ਹਰਜਿੰਦਰ ਸਿੰਘ ਢੇਸੀ (559-618-0156) ਨਾਲ ਸਪੰਰਕ ਕੀਤਾ ਜਾ ਸਕਦਾ ਹੈ।

# ਐਸਵਾਈਐਲ 'ਤੇ ਸੁਪਰੀਮ ਕੋਰਟ ਨੇ ਕਿਹਾ-ਹਰ ਹਾਲ ਵਿਚ ਆਦੇਸ਼ ਲਾਗੂ ਕਰਨ ਸਰਕਾਰਾਂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ-ਹਰਿਆਣਾ ਵਿਚਾਲੇ ਸਤਲੁਜ ਯਮੁਨਾ ਲਿੰਕ (ਐਸਵਾਈਐਲ) ਨਹਿਰ ਵਿਵਾਦ 'ਤੇ ਸੁਪਰੀਮ ਕੋਰਟ ਸਖ਼ਤ ਹੈ ਉਸ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦਾ 2004 ਦਾ ਆਦੇਸ਼ ਹਰ ਹਾਲ ਵਿਚ ਲਾਗੂ ਹੋਣਾ ਚਾਹੀਦਾ ਹੈ। ਇਸ ਨੂੰ ਲਾਗੂ ਕਿਵੇਂ ਕਰਨਾ ਹੈ? ਇਹ ਦੇਖਣਾ ਕੇਂਦਰ ਤੇ ਸੂਬਾ ਸਰਕਾਰ ਦਾ ਕੰਮ ਹੈ। ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਵਿਚ ਚੋਣਾਂ ਤੋਂ ਬਾਅਦ ਨਵੀਂ ਸਰਕਾਰ ਦੇ ਆਉਣ ਤੋਂ ਬਾਅਦ ਕਰਵਾਏ ਜਾਣ ਦੀ ਮੰਗ ਨੂੰ ਸੁਪਰੀਮ ਕੋਰਟ ਨੇ ਖ਼ਾਰਜ ਕਰ ਦਿੱਤਾ ਹੈ। ਪੰਜਾਬ ਦੀ ਅਪੀਲ ਨੂੰ ਰੱਦ ਕਰਦਿਆਂ ਜਸਟਿਸ ਪੀ ਸੀ ਘੋਸ਼ ਅਤੇ ਅਮਿਤਵਾ ਰਾਏ 'ਤੇ ਆਧਾਰਤ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਪਹਿਲਾਂ ਹੀ ਫ਼ੈਸਲਾ ਦੇ ਚੁੱਕੀ ਹੈ ਕਿ ਸਰਕਾਰਾਂ ਬਦਲਣ ਨਾਲ ਬਕਾਇਆ ਪਏ ਕੇਸਾਂ ਦੀ ਸੁਣਵਾਈ 'ਤੇ ਕੋਈ ਅਸਰ ਨਹੀਂ ਪੈਣਾ। ਉਂਜ ਬੈਂਚ ਨੇ ਹਰਿਆਣਾ ਦੀ ਅਪੀਲ ਦਾ ਜਵਾਬ ਦੇਣ ਲਈ ਪੰਜਾਬ ਨੂੰ ਤਿੰਨ ਹਫ਼ਤਿਆਂ ਦਾ ਸਮਾਂ ਦੇ ਦਿੱਤਾ ਹੈ। ਉਨ੍ਹਾਂ ਹਰਿਆਣਾ ਨੂੰ ਵੀ ਇਸ ਦੇ ਇਕ ਹਫ਼ਤੇ ਬਾਅਦ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ। ਪੰਜਾਬ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਮ ਜੇਠਮਲਾਨੀ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਦੋਵੇਂ ਸੂਬਿਆਂ (ਪੰਜਾਬ ਤੇ ਹਰਿਆਣਾ) ਨੂੰ ਕਾਨੂੰਨੀ ਲੜਾਈ ਲਈ ਇਕੱਲਿਆਂ ਛੱਡਣ ਦੀ ਬਜਾਏ ਰਾਵੀ-ਬਿਆਸ ਦਰਿਆਵਾਂ ਦੇ ਪਾਣੀਆਂ ਦੀ ਵੰਡ ਦੇ ਝਗੜੇ ਨੂੰ ਰਾਜਸੀ ਸੂਝ-ਬੂਝ ਨਾਲ ਸੁਲਝਾਏ। ਬੈਂਚ ਨੇ ਸਪਸ਼ਟ ਕੀਤਾ ਕਿ ਪੰਜਾਬ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਨਹੀਂ ਝਾੜ ਸਕਦਾ ਕਿਉਂਕਿ ਸੁਪਰੀਮ ਕੋਰਟ ਐਸਵਾਈਐਲ ਨਹਿਰ ਦੀ ਉਸਾਰੀ ਮੁਕੰਮਲ ਕਰਾਉਣ ਦੇ ਆਪਣੇ ਹੁਕਮਾਂ ਨੂੰ ਯਕੀਨੀ ਬਣਾਏਗਾ। ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਰਣਜੀਤ ਕੁਮਾਰ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਦੀ ਤਾਮੀਲ ਤਾਂ ਹੀ ਹੋਏਗੀ ਜੇਕਰ ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ 2004 ਨੂੰ ਅਦਾਲਤ ਰੱਦ ਕਰ ਦੇਵੇ। ਉਨ੍ਹਾਂ ਦਲੀਲ ਦਿੱਤੀ ਕਿ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ 10 ਨਵੰਬਰ 2016 ਨੂੰ ਰਾਸ਼ਟਰਪਤੀ ਨੂੰ ਦਿੱਤੀ ਸਲਾਹ ਵਿਚ ਐਕਟ ਨੂੰ ਗ਼ਲਤ ਕਰਾਰ ਦਿੱਤਾ ਸੀ ਪਰ ਇਹ ਕੋਈ ਹੁਕਮ ਨਹੀਂ ਸੀ। ਬੈਂਚ ਨੇ ਹਰਿਆਣਾ ਤੋਂ ਪੁੱਛਿਆ ਕਿ ਉਸ ਨੇ ਕਿਸਾਨਾਂ ਨੂੰ ਐਸਵਾਈਐਲ ਨਹਿਰ ਵਾਲੀ ਜ਼ਮੀਨ ਮੋੜਨ ਦੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਕਿਉਂ ਨਹੀਂ ਦਿੱਤੀ। ਹਰਿਆਣਾ ਦੇ ਵਕੀਲ ਜਗਦੀਪ ਧਨਖੜ ਨੇ ਕਿਹਾ ਕਿ ਹੁਕਮਾਂ ਦੀ ਪਾਲਣਾ ਸਬੰਧੀ ਸੂਬੇ ਦੀ ਮੰਗ ਵਿਚ ਇਹ ਗੱਲ ਵੀ ਆ ਜਾਂਦੀ ਹੈ। ਕੇਂਦਰ ਨੇ ਕਿਹਾ ਕਿ ਹਰਿਆਣਾ ਦੀ ਅਰਜ਼ੀ 'ਤੇ ਉਨ੍ਹਾਂ ਦਾ ਜਵਾਬ ਤਿਆਰ ਹੈ ਅਤੇ ਉਹ ਇਸੇ ਹਫ਼ਤੇ ਦਾਖ਼ਲ ਕਰਨਗੇ। ਬੈਂਚ ਨੇ ਕਿਹਾ ਕਿ ਐਸਵਾਈਐਲ ਜ਼ਮੀਨ ਸਬੰਧੀ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦੇ 30 ਨਵੰਬਰ 20 16 ਦੇ ਹੁਕਮਾਂ ਦੀ ਪਾਲਣਾ ਕੀਤੀ ਜਾਵੇ ਅਤੇ ਤਿੰਨ ਰਸੀਵਰ (ਕੇਂਦਰੀ ਗ੍ਰਹਿ ਸਕੱਤਰ, ਪੰਜਾਬ ਦੇ ਮੁੱਖ ਸਕੱਤਰ ਅਤੇ ਡੀਜੀਪੀ) ਇਨ੍ਹਾਂ ਹੁਕਮਾਂ ਦੀ ਤਾਮੀਲ ਨੂੰ ਯਕੀਨੀ ਬਣਾਉਣਗੇ।

# ਅੰਤਰਰਾਸ਼ਟਰੀ ਕੋਆਰਡੀਨੇਸ਼ਨ ਕਮੇਟੀ ਵਲੋਂ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ

**ਨਿਊਯਾਰਕ/ਬਿਊਰੋ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ 20 ਦੇਸ਼ਾਂ ਦੇ ਆਧਾਰ 'ਤੇ ਬਣੀ 'ਅੰਤਰਰਾਸ਼ਟਰੀ ਕੋਆਰਡੀਨੇਸ਼ਨ ਕਮੇਟੀ' ਨੇ ਪੰਜਾਬ ਦੇ ਸਾਰੇ ਵਰਗਾਂ ਨੂੰ ਆਪਸੀ ਭਾਈਚਾਰਕ ਸਾਂਝ ਕਾਇਮ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਉਮੀਦਵਾਰਾਂ ਦੀ ਡੱਟ ਕੇ ਹਮਾਇਤ ਕਰਨ ਤੇ ਉਨ੍ਹਾਂ ਦੀ ਜਿੱਤ ਯਕੀਨੀ ਬਣਾਉਣ ਲਈ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੋਆਰਡੀਨੇਸ਼ਨ ਕਮੇਟੀ ਦੀ ਮੀਡੀਆ ਕਮੇਟੀ ਦੇ ਮੈਂਬਰ ਸੁਖਮਿੰਦਰ ਸਿੰਘ ਹੰਸਰਾ ਕੈਨੇਡਾ, ਰੇਸ਼ਮ ਸਿੰਘ ਕੈਲੀਫੋਰਨੀਆ, ਸੋਹਣ ਸਿੰਘ ਕੰਗ ਜਰਮਨੀ, ਅਮਰੀਕ ਸਿੰਘ ਬੱਲੋਵਾਲ ਬਹਿਰੀਨ, ਜਸਪਾਲ ਸਿੰਘ ਬੈਂਸ ਯੂ.ਕੇ., ਅਮਨਦੀਪ ਸਿੰਘ ਨਿਊਯਾਰਕ , ਹਰਦੀਪ ਸਿੰਘ ਲੋਹਾਖੇੜਾ ਆਸਟਰੇਲੀਆ, ਜਗਰਾਜ ਸਿੰਘ ਮੱਦੋਕੇ, ਦਲਵਿੰਦਰ ਸਿੰਘ ਘੁੰਮਣ ਵਲੋਂ ਬੇਨਤੀ ਕੀਤੀ ਗਈ ਹੈ ਕਿ ਪੰਜਾਬ ਦੀਆਂ ਉਨ੍ਹਾਂ ਮਾਂਵਾਂ, ਜਿਨ੍ਹਾਂ ਨੇ ਪੰਜਾਬ ਦੀ ਆਜ਼ਾਦੀ, ਬੇਗਮਪੁਰਾ ਖਾਲਸਾ ਰਾਜ ਦੀ ਕਾਇਮੀ ਲਈ ਆਪਣੇ ਪੁੱਤਰਾਂ ਦੀਆਂ ਸ਼ਹਾਦਤਾਂ ਨਾਲ ਇਤਿਹਾਸ ਲਿਖਿਆ, ਅੱਜ ਉਨ੍ਹਾਂ ਮਾਂਵਾਂ ਨੂੰ ਤੁਸੀਂ ਕੀ ਜਵਾਬ ਦੇਵੋਗੇ ਕੀ ਬੇਗਮਪੁਰਾ ਖਾਲਸਾ ਰਾਜ ਕਾਇਮ ਹੋ ਗਿਆ ਹੈ? ਕਾਂਗਰਸ, ਅਕਾਲੀ-ਭਾਜਪਾ ਨੇ ਤਾਂ ਦਿੱਲੀ ਦੀ ਵਫ਼ਾਦਾਰੀ ਲਈ ਪੰਜਾਬੀਆਂ ਦਾ ਕਤਲੇਆਮ ਕੀਤਾ ਤੇ ਵਜੀਰੀਆਂ, ਕੋਠੀਆਂ, ਕਾਰਾਂ ਪ੍ਰਾਪਤ ਕੀਤੀਆਂ ਹੀ, ਹੁਣ ਆਮ ਆਦਮੀ ਪਾਰਟੀ ਵੀ ਸ਼ਰੇਆਮ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਦੈਂਤ ਦੱਸਦੀ ਹੈ ਤੇ ਪੰਜਾਬ ਦੇ ਪਾਣੀਆਂ 'ਤੇ ਦਿੱਲੀ ਦਾ ਵੀ ਹਿੱਸਾ ਦੱਸਦੀ ਹੈ, ਅਜਿਹਾ ਕਰਕੇ ਉਹ ਆਪਣੀ ਆਰ.ਐਸ.ਐਸ. ਸੋਚ ਦਾ ਪ੍ਰਗਟਾਵਾ ਕਰ ਚੁੱਕੀ ਹੈ। ਇਸ ਲਈ ਸਮੂਹ ਪੰਜਾਬੀਆਂ ਨੂੰ ਇਨ੍ਹਾਂ ਦਾ ਡੱਟ ਕੇ ਵਿਰੋਧ ਕਰਨ ਦੀ ਲੋੜ ਹੈ।

# ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' ਦਾ ਮੰਚਨ 8 ਅਪ੍ਰੈਲ ਨੂੰ ਸਟਾਕਟਨ ਵਿੱਚ

**ਸਟਾਕਟਨ/ਬਿਊਰੋ ਨਿਊਜ਼ :**
ਡਾਇਰੈਕਟਰ ਅਸ਼ੋਕ ਟਾਂਗਰੀ ਦੁਆਰਾ ਨਿਰਦੇਸ਼ਤ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' 8 ਅਪ੍ਰੈਲ, ਦਿਨ ਸ਼ਨੀਵਾਰ ਨੂੰ 'ਯੂਨੀਵਰਸਿਟੀ ਆਫ ਦੀ ਪੈਸੀਫਿਕ' ਸਟਾਕਟਨ ਦੇ ਪ੍ਰਫੌਰਮਿੰਗ ਆਰਟਸ ਥੀਏਟਰ ਵਿੱਚ ਸ਼ਾਮ ਦੇ 7 ਵਜੇ ਖੇਡਿਆ ਜਾਵੇਗਾ। 'ਪੰਜਾਬ ਆਰਟਸ ਐਂਡ ਕਲਚਰ ਪ੍ਰੋਮੋਸ਼ਨਜ਼' ਦੇ ਪ੍ਰਧਾਨ ਸ. ਜਸਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਉਨ੍ਹਾਂ ਹਮੇਸ਼ਾਂ ਕੁਝ ਚੰਗਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਗ਼ਦਰੀ ਬਾਬਿਆਂ ਦੀ ਧਰਤੀ ਸਟਾਕਟਨ ਵਿੱਚ ਉਹ ਪਹਿਲਾਂ ਵੀ ਦੋ ਨਾਟਕ ਕਰਵਾ ਚੁੱਕੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਦਰਸ਼ਕ ਇਸ ਵਾਰ ਵੀ ਭਰਵਾਂ ਹੁੰਗਾਰਾ ਦੇਣਗੇ। ਸਟਾਕਟਨ ਤੇ ਆਸ ਪਾਸ ਦੇ ਇਲਾਕਿਆਂ ਦੇ ਪੰਜਾਬੀਆਂ ਨੂੰ ਉਨ੍ਹਾਂ ਇਸ ਨਾਟਕ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ।




ਟਿਕਟ 10 ਡਾਲਰ ਤੇ 20 ਡਾਲਰ ਰੱਖੀ ਗਈ ਹੈ। ਇਸ ਨਾਟਕ ਵਿੱਚ ਜਸਵੰਤ ਸਿੰਘ ਸ਼ਾਦ, ਡਿੰਪਲ ਬੈਂਸ ਤੇ ਅਸ਼ੋਕ ਟਾਂਗਰੀ ਮੁੱਖ ਭੂਮਿਕਾਵਾਂ ਨਿਭਾਉਣਗੇ। ਇਸ ਤੋਂ ਇਲਾਵਾ ਜੱਸੀ ਗਿੱਲ, ਸੋਨੂੰ ਬੈਂਸ, ਤਾਰਾ ਸਿੰਘ ਸਾਗਰ, ਸਿਕੰਦਰ ਟਾਂਗਰੀ ਤੇ ਜਾਨਵੀ ਬੈਂਸ ਵੱਖ ਵੱਖ ਕਿਰਦਾਰਾਂ ਵਿੱਚ ਨਜ਼ਰ ਆਉਣਗੇ। ਹੋਰ ਜਾਣਕਾਰੀ ਲਈ ਜਸਵਿੰਦਰ ਸਿੰਘ ਸੰਧੂ ਨੂੰ 209-639-2100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਮ੍ਰਿਤੀ ਇਰਾਨੀ ਨੇ ਡੀ.ਯੂ. ਨੂੰ ਕਿਹਾ-ਕਿਸੇ ਨੂੰ ਮੇਰੀ ਵਿਦਿਅਕ ਯੋਗਤਾ ਨਾ ਦੱਸੀ ਜਾਵੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਕੱਪੜਾ ਮੰਤਰੀ ਸਮ੍ਰਿਤੀ ਇਰਾਨੀ ਦਾ ਡਿਗਰੀ ਵਿਵਾਦ ਇਕ ਵਾਰ ਫੇਰ ਗਰਮਾ ਗਿਆ ਹੈ। ਆਪਣੀ ਵਿੱਦਿਅਕ ਯੋਗਤਾ ਬਾਰੇ ਪੈਦਾ ਹੋਏ ਵਿਵਾਦ ਵਿਚਕਾਰ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਦਿੱਲੀ ਯੂਨੀਵਰਸਿਟੀ ਨੂੰ ਕਿਹਾ ਕਿ ਸੂਚਨਾ ਦੇ ਅਧਿਕਾਰ ਤਹਿਤ ਦਾਇਰ ਅਰਜ਼ੀ ਉਤੇ ਉਸ ਦੀ ਯੋਗਤਾ ਨਾ ਦੱਸੀ ਜਾਵੇ। ਇਹ ਜਾਣਕਾਰੀ 'ਸਕੂਲ ਆਫ ਓਪਨ ਲਰਨਿੰਗ' (ਐਸਓਐਲ) ਨੇ ਕੇਂਦਰੀ ਸੂਚਨਾ ਕਮਿਸ਼ਨ ਨੂੰ ਦਿੱਤੀ। ਕਮਿਸ਼ਨ ਨੇ ਐਸਓਐਲ ਨੂੰ ਆਦੇਸ਼ ਦਿੱਤਾ ਕਿ ਕੇਂਦਰੀ ਕੱਪੜਾ ਮੰਤਰੀ ਇਰਾਨੀ ਦੀ ਵਿੱਦਿਅਕ ਯੋਗਤਾ ਨਾਲ ਸਬੰਧਤ ਸਾਰਾ ਰਿਕਾਰਡ ਉਸ ਕੋਲ ਪੇਸ਼ ਕੀਤਾ ਜਾਵੇ। ਇਸ ਸਬੰਧੀ ਦਿੱਲੀ ਯੂਨੀਵਰਸਿਟੀ ਦੇ ਕੇਂਦਰੀ ਜਨ ਸੰਪਰਕ ਅਧਿਕਾਰੀ ਨੂੰ ਤਾਜ਼ਾ ਨੋਟਿਸ ਜਾਰੀ ਕੀਤਾ ਗਿਆ ਹੈ। ਪਟੀਸ਼ਨਰ ਨੇ ਇੱਥੇ ਦੀ ਇਕ ਅਦਾਲਤ ਵਿੱਚ ਕੇਸ ਕਰ ਕੇ ਦੋਸ਼ ਲਾਇਆ ਸੀ ਕਿ ਸਮ੍ਰਿਤੀ ਇਰਾਨੀ ਨੇ 2004 ਦੀ ਲੋਕ ਸਭਾ ਚੋਣ ਵੇਲੇ ਹਲਫ਼ਨਾਮੇ ਵਿੱਚ ਆਪਣੀ ਯੋਗਤਾ ਦਿੱਲੀ ਯੂਨੀਵਰਸਿਟੀ ਤੋਂ (ਕੋਰਸਪੌਂਡੈਂਸ ਰਾਹੀਂ, ਜਿਸ ਨੂੰ ਬਾਅਦ ਵਿੱਚ ਸਕੂਲ ਆਫ ਓਪਨ ਲਰਨਿੰਗ ਸੱਦਿਆ ਜਾਣ ਲੱਗਿਆ) ਬੀ.ਏ. ਦੱਸੀ, ਜਦੋਂ ਕਿ ਗੁਜਰਾਤ ਤੋਂ ਰਾਜ ਸਭਾ ਦੀ ਚੋਣ ਵੇਲੇ ਉਨ੍ਹਾਂ ਹਲਫਨਾਮੇ ਵਿੱਚ ਆਪਣੀ ਯੋਗਤਾ ਬੀਕਾਮ ਭਾਗ ਪਹਿਲਾ ਦਰਸਾਈ।



ਅਦਾਲਤ ਵਿੱਚ ਇਹ ਮਾਮਲਾ ਖ਼ਾਰਜ ਕਰ ਦਿੱਤਾ ਗਿਆ ਕਿਉਂਕਿ ਸ਼ਿਕਾਇਤ ਦਾਇਰ ਕਰਨ ਲਈ ਤੈਅ ਸਮਾਂ ਨਿਕਲ ਚੁੱਕਾ ਸੀ। ਫਿਰ ਵੀ ਕੇਂਦਰੀ ਸੂਚਨਾ ਕਮਿਸ਼ਨ ਕੋਲ ਮਾਮਲਾ ਚੱਲ ਰਿਹਾ ਹੈ। ਸੁਣਵਾਈ ਦੌਰਾਨ ਐਸਓਐਲ ਦੇ ਕੇਂਦਰੀ ਜਨ ਸੰਪਰਕ ਅਧਿਕਾਰੀ ਓ.ਪੀ. ਤੰਵਰ ਨੇ ਕਿਹਾ ਕਿ ਇਸ ਵਿੱਚ ਤੀਜੀ ਧਿਰ ਵੱਲੋਂ ਜਾਣਕਾਰੀ ਮੰਗਣ ਕਾਰਨ ਉਨ੍ਹਾਂ ਸਮ੍ਰਿਤੀ ਇਰਾਨੀ ਨਾਲ ਸੰਪਰਕ ਕੀਤਾ। ਇਸ ਦੇ ਜਵਾਬ ਵਿੱਚ ਕੇਂਦਰੀ ਮੰਤਰੀ ਨੇ ਆਪਣੀ ਯੋਗਤਾ ਦਾ ਖੁਲਾਸਾ ਨਾ ਕਰਨ ਲਈ ਕਿਹਾ।

# ਐਨਡੀ ਤਿਵਾੜੀ ਨੇ ਬੇਟੇ ਰੋਹਿਤ ਨੂੰ ਦਿਵਾਈ ਭਾਜਪਾ ਦੀ ਮੈਂਬਰਸ਼ਿਪ, ਖ਼ੁਦ ਵੀ ਸਮਰਥਨ ਦੇਣਗੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਨੇਤਾ ਐਨ. ਡੀ. ਤਿਵਾੜੀ (91) ਆਪਣੇ ਪੁੱਤਰ ਰੋਹਿਤ ਸ਼ੇਖਰ ਨਾਲ ਕਾਂਗਰਸ ਨੂੰ ਅਲਵਿਦਾ ਆਖ ਰੋਹਿਤ ਨੂੰ ਭਾਜਪਾ ਦੀ ਮੈਂਬਰਸ਼ਿਪ ਦਿਵਾ ਦਿੱਤੀ ਹੈ। ਉਨ੍ਹਾਂ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਅਮਿਤ ਸ਼ਾਹ ਦੇ ਘਰ ਜਾ ਕੇ ਪੁੱਤਰ ਨੂੰ ਭਾਜਪਾ ਦੀ ਮੈਂਬਰਸ਼ਿਪ ਗ੍ਰਹਿਣ ਕਰਵਾਈ। ਉਨ੍ਹਾਂ ਕਿਹਾ ਕਿ ਉਹ ਵੀ ਭਾਜਪਾ ਨੂੰ ਆਪਣਾ ਸਮਰਥਨ ਦਿੰਦੇ ਰਹਿਣਗੇ। ਤਿਵਾੜੀ ਦੇਸ਼ ਦੇ ਇਕਲੌਤੇ ਅਜਿਹੇ ਨੇਤਾ ਹਨ ਜੋ 2 ਸੂਬਿਆਂ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਦੇ ਮੁੱਖ ਮੰਤਰੀ ਰਹੇ ਹਨ, ਇਸ ਦੇ ਨਾਲ ਹੀ ਰਾਜੀਵ ਗਾਂਧੀ ਸਰਕਾਰ ਵਿਚ ਉਹ ਕੇਂਦਰੀ ਮੰਤਰੀ ਤੇ ਕਈ ਸੂਬਿਆਂ ਦੇ ਰਾਜਪਾਲ ਵੀ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਆਪਣੇ ਪੁੱਤਰ ਰੋਹਿਤ ਨੂੰ ਕਾਂਗਰਸ ਤੋਂ ਟਿਕਟ ਨਾ ਮਿਲਣ ਦੀ ਸੰਭਾਵਨਾ ਨੂੰ ਵੇਖਦਿਆਂ ਉਹ ਭਾਜਪਾ ਦੇ ਨੇੜੇ ਹੋਏ ਹਨ। ਭਾਜਪਾ ਵੱਲੋਂ ਰੋਹਿਤ ਸ਼ੇਖਰ ਨੂੰ ਟਿਕਟ ਦਿੱਤੇ ਜਾਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਜਿਥੇ ਭਾਜਪਾ ਦੀ ਉਤਰਾਖੰਡ ਦੇ ਗੜਵਾਲੀ ਇਲਾਕੇ ਵਿਚ ਚੰਗੀ ਪਕੜ ਹੈ, ਉਥੇ ਕਮਾਉਂ ਨੂੰ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਹੈ। ਇਸੇ ਤਹਿਤ ਭਾਜਪਾ ਨੇ ਬਜ਼ੁਰਗ ਸਿਆਸਤਦਾਨ ਦੀ ਇਹ ਮੰਗ ਮਨਜ਼ੂਰ ਕਰ ਲਈ ਹੈ। ਹੁਣ ਐਨ.ਡੀ. ਤਿਵਾੜੀ ਆਪਣੇ ਬੇਟੇ ਨੂੰ ਸਿਆਸਤ ਵਿਚ ਸਥਾਪਤ ਕਰਨ ਦੀ ਕੋਸ਼ਿਸ਼ ਵਿਚ ਹਨ। ਤਿਵਾੜੀ ਵੱਲੋਂ ਪਹਿਲਾਂ ਰੋਹਿਤ ਨੂੰ ਸਮਾਜਵਾਦੀ ਪਾਰਟੀ ਵੱਲੋਂ ਟਿਕਟ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਸਫ਼ਲਤਾ ਨਾ ਮਿਲਣ 'ਤੇ ਭਾਜਪਾ ਦਾ ਰੁਖ਼ ਕੀਤਾ।

## ਅਬੂਧਾਬੀ: ਪੰਜਾਬੀਆਂ ਦੀ ਰਿਹਾਈ ਲਈ ਅਦਾਲਤ ਵਲੋਂ ਬਲੱਡ ਮਨੀ ਸਬੰਧੀ ਸਮਝੌਤਾ ਪੇਸ਼ ਕਰਨ ਦੇ ਹੁਕਮ

**ਲੁਧਿਆਣਾ/ਬਿਊਰੋ ਨਿਊਜ਼ :**
ਯੂ.ਏ.ਈ ਦੀ ਇਕਾਈ ਅਬੂਧਾਬੀ ਵਿੱਚ ਇੱਕ ਪਾਕਿਸਤਾਨੀ ਨਾਗਰਿਕ ਦੇ ਕਤਲ ਦੇ ਦੋਸ਼ ਵਿੱਚ ਫਾਂਸੀ ਦੀ ਸਜ਼ਾ ਪ੍ਰਾਪਤ 10 ਪੰਜਾਬੀਆਂ ਦੀ ਰਿਹਾਈ ਦੇ ਮਾਮਲੇ ਵਿੱਚ ਅਦਾਲਤ ਨੇ 27 ਫਰਵਰੀ ਤੱਕ ਪੀੜਤ ਪਰਿਵਾਰ ਨਾਲ ਮੁਲਾਕਾਤ ਕਰਕੇ ਸਮਝੌਤਾ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਇਸ ਮਾਮਲੇ ਸਬੰਧੀ ਅਬੂਧਾਬੀ ਦੀ ਅਦਾਲਤ ਵਿੱਚ ਸੁਣਵਾਈ ਹੋਈ। ਬਚਾਅ ਪੱਖ ਵੱਲੋਂ ਦੁਬਈ ਦੇ ਹੋਟਲ ਮਾਲਕ ਤੇ ਸਰਬੱਤ ਦਾ ਭਲਾ ਟਰੱਸਟ ਦੇ ਮੁਖੀ ਸੁਰਿੰਦਰਪਾਲ ਸਿੰਘ ਓਬਰਾਏ ਤੇ ਉਨ੍ਹਾਂ ਦੇ ਵਕੀਲ ਅਦਾਲਤ ਵਿੱਚ ਪੇਸ਼ ਹੋਏ।
ਐਸਪੀ ਸਿੰਘ ਓਬਰਾਏ ਨੇ ਦੱਸਿਆ ਕਿ ਉਨ੍ਹਾਂ ਦੇ ਦਲ ਦੇ ਕੁਝ ਮੈਂਬਰ ਪਿਸ਼ਾਵਰ ਦੇ ਰਹਿਣ ਵਾਲੇ ਮ੍ਰਿਤਕ ਫਰਹਾਨ ਦੇ ਪਰਿਵਾਰ ਨੂੰ ਮਿਲੇ ਅਤੇ ਉਨ੍ਹਾਂ ਨਾਲ ਸਮਝੌਤੇ ਵਜੋਂ ਕੁਝ ਪੈਸੇ ਦੇਣ ਦੀ ਗੱਲ ਹੋਈ ਹੈ। ਪੀੜਤ ਪਰਿਵਾਰ ਬਲੱਡ ਮਨੀ ਲਈ ਰਾਜ਼ੀ ਹੋ ਗਿਆ। ਇਸ ਹਫ਼ਤੇ ਉਨ੍ਹਾਂ ਦੇ ਸਾਥੀ ਪੀੜਤ ਪਰਿਵਾਰ ਨਾਲ ਮੁਲਾਕਾਤ ਕਰ ਕੇ ਬਲੱਡ ਮਨੀ ਦੇ ਤੌਰ ’ਤੇ ਪੈਸੇ ਦੇਣ ਦੀ ਗੱਲ ਪੂਰੀ ਕਰਨਗੇ। ਅਦਾਲਤ ਨੇ ਉਨ੍ਹਾਂ ਨੂੰ 27 ਫਰਵਰੀ ਤੱਕ ਦਾ ਸਮਾਂ ਦਿੱਤਾ ਹੈ ਕਿ ਪੀੜਤ ਪਰਿਵਾਰ ਨਾਲ ਗੱਲਬਾਤ ਕਰਕੇ ਬਲੱਡ ਮਨੀ ਬਾਰੇ ਸਮਝੌਤੇ ਦੇ ਕਾਗਜ਼ਾਤ ਪੇਸ਼ ਕੀਤੇ ਜਾਣ।
ਜ਼ਿਕਰਯੋਗ ਹੈ ਕਿ 10 ਜੁਲਾਈ 2014 ਦੀ ਰਾਤ ਨੂੰ ਅਲੈਨ ਸ਼ਹਿਰ ਵਿਚ ਸ਼ਰਾਬ ਦੀ ਨਾਜਾਇਜ਼ ਤਸਕਰੀ ਦੇ ਮਾਮਲੇ ’ਤੇ ਪਾਕਿਸਤਾਨੀ ਤੇ ਭਾਰਤੀ ਧੜਿਆਂ ਵਿਚ ਲੜਾਈ ਹੋਈ ਸੀ। ਇਸ ਕੁੱਟਮਾਰ ਦੌਰਾਨ ਇੱਕ ਪਾਕਿਸਤਾਨੀ ਨਾਗਰਿਕ ਦੀ ਮੌਤ ਹੋ ਗਈ ਸੀ ਜਦੋਂਕਿ ਦੋ ਗੰਭੀਰ ਜ਼ਖ਼ਮੀ ਹੋ ਗਏ ਸਨ। ਅਲੈਨ ਦੀ ਪੁਲੀਸ ਨੇ ਕੇਸ ਦਰਜ ਕਰਕੇ 11 ਭਾਰਤੀਆਂ ਨੂੰ ਜੁਲਾਈ 2014 ਵਿੱਚ ਕਾਬੂ ਕਰ ਲਿਆ ਸੀ। ਇਨ੍ਹਾਂ ਵਿਚੋਂ ਕੁਲਦੀਪ ਸਿੰਘ ਨੂੰ 2 ਲੱਖ ਦਰਹਾਮ ਜੁਰਮਾਨਾ ਲਾ ਕੇ ਰਿਹਾਅ ਕਰ ਦਿੱਤਾ ਗਿਆ। ਸਤਵਿੰਦਰ ਸਿੰਘ, ਚੰਦਰ ਸ਼ੇਖਰ, ਚਮਕੌਰ ਸਿੰਘ, ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ, ਧਰਮਵੀਰ ਸਿੰਘ, ਹਰਜਿੰਦਰ ਸਿੰਘ, ਤਰਸੇਮ ਸਿੰਘ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ ਨੂੰ ਅਦਾਲਤ ਨੇ ਦਸੰਬਰ 2016 ਵਿੱਚ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਸੀ।

## ਸੈਨਮੈਟੀਓ ਵਿਖੇ ਨਵੇਂ ਸਾਲ 2017 ਦੀ ਪੂਰਵ ਸੰਧਿਆ ਮੌਕੇ ਵਿਸ਼ੇਸ਼ ਤੌਰ ਤੇ ਧਾਰਮਿਕ ਕਵੀ ਦਰਬਾਰ

**ਸੈਨਮਟੀਓ/ਬਿਊਰੋ ਨਿਊਜ਼:**
ਸੈਨਮਟੀਓ ਦੇ ਵਿਸ਼ਾਲ ਖੇਤਰ ਵਿਚ Peninsula Temple 1700 Alameda De Las Pulgas, Sanmateo CA 94403 ਵਿਖੇ ਨਵੇਂ ਸਾਲ ਦੀ ਪੂਰਵ ਸੰਧਿਆ ਦੇ ਦਿਵਾਨ ਸਜਾਏ ਗਏ ਜਿਸ ਵਿਚ ਵਿਸ਼ੇਸ਼ ਤੌਰ ਤੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇਂ ਮੰਚ ਸੰਭਾਲਦਿਆਂ ਕਿਹਾ ਕਿ ਜਿਥੇ ਸਮੂਹ ਲੋਕਾਈ ਨਵੇਂ ਸਾਲ 2017 ਨੂੰ ਜੀ ਆਇਆਂ ਆਖ ਰਹੀ ਹੈ ਉਥੇ ਸਿੱਖ ਕੌਮ ਨੂੰ ਆਪਣੇ ਕੀਮਤੀ ਅਤੇ ਵਿਲੱਖਣ ਵਿਰਸੇ ਦੇ ਇਤਿਹਾਸ ਨੂੰ ਦ੍ਰਿੜ ਕਰਨਾ ਚਾਹੀਦਾ ਹੈ। ਪੋਹ ਦਾ ਮਹੀਨਾ ਸਿੱਖ ਇਤਿਹਾਸ ਵਿਚ ਸ਼ਹੀਦੀਆਂ ਦਾ ਮਹੀਨਾ ਹੈ ਜਿਸ ਵਿਚ ਸ੍ਰੀ ਆਨੰਦਪੁਰ ਸਾਹਿਬ ਤੋਂ ਚਲ ਕੇ ਬੇਸ਼ੁਮਾਰ ਸਿੰਘ ਨੇ ਸ਼ਹੀਦੀਆਂ ਦਿੱਤੀਆਂ, ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਤ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਜੁਲਮ ਅਤਿਆਚਾਰ ਦੇ ਵਿਰੁੱਧ ਮਨੁੱਖਤਾ ਦੀ ਭਲਾਈ ਵਾਸਤੇ ਆਪਣਾ ਸਰਬੰਸ ਵਾਰ ਦਿੱਤਾ। ਇਹ ਅਦੁੱਤੀਆਂ ਲਾਸਾਨੀ ਸ਼ਹੀਦੀਆਂ ਹਮੇਸ਼ਾਂ ਯਾਦ ਰਹਿਣਗੀਆਂ। ਸਿੱਖਾਂ ਨੂੰ ਇਹ ਪੋਹ ਦਾ ਮਹੀਨਾ ਕਦੇ ਨਹੀਂ ਭੁੱਲ ਸਕਦਾ।
ਕਵੀ ਦਰਬਾਰ ਵਿੱਚ ਸ਼ਾਮਲ ਸ਼ਾਇਰਾਂ ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੋਂਟ, ਪ੍ਰੋ. ਸੁਰਜੀਤ ਸਿੰਘ ਨਨੂਆ, ਮਹਿੰਦਰ ਸਿੰਘ ਰਾਜਪੂਤ, ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸਿੱਖ ਇਤਿਹਾਸ ਦੀਆਂ ਸ਼ਹੀਦੀਆਂ ਨੂੰ ਦਰਸਾਉਂਦੀਆਂ ਜੋਸ਼ੀਲੀਆਂ ਰਚਨਾਵਾਂ ਨਾਲ ਸੰਗਤਾਂ ਨੂੰ ਸੰਜੀਦਾ ਕਰ ਦਿੱਤਾ। ਪ੍ਰਬੰਧਕਾਂ ਵੱਲੋਂ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਵੱਡੇ ਪੱਧਰ ਤੇ ਧਾਰਮਿਕ ਕਵੀ ਦਰਬਾਰ ਕਰਵਾਏ ਜਾਣ ਦਾ ਐਲਾਨ ਕੀਤਾ ਅਤੇ ਕਵੀਆਂ ਦਾ ਸਨਮਾਨ ਕੀਤਾ।

# ਪੰਜਾਬ ਦੀ ਸਿਆਸਤ ’ਚ ਪਰਵਾਸੀ ਪੰਜਾਬੀਆਂ ਦੀ ਭੂਮਿਕਾ

**ਸਿੱਧੂ ਦਮਦਮੀ***
(ਸੰਪਰਕ: 001-626-400-3567)



ਪੰਜਾਬੀਆਂ ਦੀ ਵਸੋਂ ਵਾਲੇ ਪਰਦੇਸਾਂ ਵਿੱਚ ਅੱਜ-ਕੱਲ੍ਹ ਹਫ਼ਤਾਵਾਰੀ ਪਾਰਟੀਆਂ, ਪਰਿਵਾਰਕ ਸਮਾਗਮਾਂ ਅਤੇ ਗੁਰਦੁਆਰਿਆਂ ਦੇ ਇਕੱਠਾਂ ਸਮੇਤ ਹਰ ਜਗ੍ਹਾ ਪੰਜਾਬ ਦੀਆਂ



ਚੋਣਾਂ ਦੀ ਚਰਚਾ ਹੋ ਰਹੀ ਹੈ। ਹਰ ਪਰਵਾਸੀ ਪੰਜਾਬੀ ਇਨ੍ਹਾਂ ਬਾਰੇ ਸੂਚਨਾਵਾਂ ਤੇ ਸੁਝਾਵਾਂ ਨਾਲ ਭਰਿਆ ਪਿਆ ਹੈ। ਪਰਵਾਸੀ ਪੰਜਾਬੀ ਵਸੋਂ ਵਾਲੇ ਦੇਸ਼ਾਂ ਦੇ ਕੌਮਾਂਤਰੀ ਹਵਾਈ ਅੱਡਿਆਂ ’ਤੇ ਭਾਰਤ ਲਈ ਜਹਾਜ਼ ਫੜਨ ਵਾਲਿਆਂ ਦੀ ਭੀੜ ਆਮ ਦਿਨਾਂ ਨਾਲੋਂ ਵਧੀ ਹੋਈ ਹੈ। ਕਿਸੇ ਯਾਤਰਾ ’ਤੇ ਜਾਣ ਵਾਲੇ ਸ਼ਰਧਾਲੂਆਂ ਵਾਂਗ ਪਰਵਾਸੀ ਪੰਜਾਬੀ ਨਿੱਕੇ ਨਿੱਕੇ ਜਥਿਆਂ ਦੇ ਰੂਪ ਵਿੱਚ ਉਡਾਣਾਂ ਭਰ ਰਹੇ ਹਨ। ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ’ਤੇ ਉਨ੍ਹਾਂ ਦੇ ਸੁਆਗਤ ਲਈ ਹਮ-ਖ਼ਿਆਲਾਂ ਵੱਲੋਂ ਢੋਲ ਵਜਾਏ ਜਾ ਰਹੇ ਹਨ, ਹਾਰ ਪਾਏ ਜਾ ਰਹੇ ਹਨ।
ਉਂਜ ਤਾਂ ਸਾਲਾਨਾ ਛੁੱਟੀਆਂ ਕਾਰਨ ਦਸੰਬਰ ਤੋਂ ਲੈ ਕੇ ਫਰਵਰੀ ਤਕ ਪਰਵਾਸੀ ਪੰਜਾਬੀ ਪਰਿਵਾਰਾਂ ਸਮੇਤ ਸੂਬੇ ਦੀ ਅਕਸਰ ਗੇੜੀ ਮਾਰਦੇ ਹੀ ਹਨ ਪਰ ਇਸ ਵਾਰ ਫਰਵਰੀ ਵਿੱਚ ਹੋ ਰਹੀਆਂ ਚੋਣਾਂ ਕਾਰਨ ਬਹੁਤੇ ਇਸ ਵਾਰ ਦੀ ਗੇੜੀ ਨੂੰ ਤਹਿਦਾਰ ਸੈਂਡਵਿਚ ਵਾਂਗ ਨਿਪਟਾ ਰਹੇ ਹਨ। ਪਰਿਵਾਰਕ ਮਿਲਣੀਆਂ ਤੋਂ ਇਲਾਵਾ ਮਨਪਸੰਦ ਉਮੀਦਵਾਰਾਂ ਤੇ ਪਾਰਟੀਆਂ ਦੇ ਚੋਣ ਪ੍ਰਚਾਰ ਵਿੱਚ ਹਿੱਸਾ ਲੈਣਾ, ਮਾਇਕ ਤੇ ਹੋਰ ਸਾਧਨਾਂ ਦੀ ਮਦਦ ਕਰਕੇ ਹੌਸਲਾ-ਅਫ਼ਜ਼ਾਈ ਕਰਨਾ ਉਨ੍ਹਾਂ ਦੇ ਪ੍ਰੋਗਰਾਮਾਂ ਵਿੱਚ



ਸ਼ਾਮਿਲ ਹੈ। ਨਿਰਸੰਦੇਹ, ਪੰਜਾਬ ਚੋਣਾਂ ਵਿੱਚ ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ ਪਰ ਇੰਨੀ ਵੱਡੀ ਗਿਣਤੀ ਵਿੱਚ ਤੇ ਇੰਨੇ ਉਤਸ਼ਾਹ ਨਾਲ ਪਹਿਲੀ ਵਾਰ ਹੋ ਰਿਹਾ ਹੈ।
ਪੰਜਾਬ ਦੀ ਸਿਆਸਤ ਵਿੱਚ ਪਰਵਾਸੀ ਪੰਜਾਬੀਆਂ ਦੀ ਦਿਲਚਸਪੀ ਦਾ ਮੁੱਢ ਗ਼ਦਰੀ ਬਾਬਿਆਂ ਵੱਲੋਂ ਬੰਨ੍ਹਿਆ ਮੰਨਿਆ ਜਾ ਸਕਦਾ ਹੈ ਪਰ ਬਾਬਿਆਂ ਦੀ ਸਿਆਸੀ ਦਿਲਚਸਪੀ ਦੇ ਕਲਾਵੇ ਵਿੱਚ ਇਕੱਲਾ ਪੰਜਾਬ ਹੀ ਨਹੀਂ ਸਗੋਂ ਪੂਰਾ ਹਿੰਦੋਸਤਾਨ ਆਉਂਦਾ ਸੀ। ਆਜ਼ਾਦੀ ਤੋਂ ਬਾਅਦ ਸਿਆਸੀ ਤੇ ਸਮਾਜਿਕ ਕਾਰਨਾਂ ਕਰਕੇ ਪਰਵਾਸੀ ਪੰਜਾਬੀਆਂ ਦੀ ਸਿਆਸੀ ਦਿਲਚਸਪੀ ਜ਼ਿਆਦਾਤਰ ਪੰਜਾਬ ਤਕ ਸੀਮਤ ਰਹਿਣ ਲੱਗ ਪਈ। ਅੱਸੀ ਦੇ ਦਹਾਕੇ ਦੀ ਖਾੜਕੂ ਲਹਿਰ ਨੇ ਇਸ ਸੀਮਾ ਨੂੰ ਇੱਕ ਤਰ੍ਹਾਂ ਨਾਲ ਗੂੜ੍ਹਾ ਕਰ ਦਿੱਤਾ ਪਰ ਇਸੇ ਦੌਰਾਨ ਦੇਸ਼-ਦੇਸ਼ਾਂਤਰ ਵਿੱਚ ਪਨਪ ਰਹੇ ਪੰਜਾਬੀ ਪਛਾਣ ਵਾਲੇ ਵਿਸ਼ਵ-ਵਿਆਪੀ ਪੰਜਾਬ ਦੀ ਹੋਂਦ ਮਹਿਸੂਸ ਕੀਤੀ ਜਾਣ ਲੱਗੀ। ਇਸ ਦੇ ਨਤੀਜੇ ਵਜੋਂ ਪਰਵਾਸੀ ਪੰਜਾਬੀਆਂ ਵੱਲੋਂ ਆਪਣੇ ਪਰਵਾਸ ਵਾਲੇ ਦੇਸ਼ਾਂ ਦੀ ਸਿਆਸਤ ਵਿੱਚ ਭਾਗ ਲੈਣ ਦਾ ਰੁਝਾਨ ਜ਼ੋਰ ਫੜਨ ਲੱਗਾ। ਨਿਰਸੰਦੇਹ, ਇਸ ਵਰਤਾਰੇ ਦੀ ਨੀਂਹ ਦਲੀਪ ਸਿੰਘ ਸੌਂਧ ਨੇ ਭਾਵੇਂ ਪਿਛਲੀ ਸਦੀ ਦੇ ਪੰਜਾਹਵੇਂ ਦਹਾਕੇ ਵਿੱਚ ਅਮਰੀਕੀ ਪਾਰਲੀਮੈਂਟ ਦਾ ਮੈਂਬਰ ਬਣ ਕੇ ਰੱਖ ਦਿੱਤੀ ਸੀ। ਪਰ ਇਸ ਰੁਝਾਨ ਨੇ ਜ਼ੋਰ ਪਿਛਲੀ ਸਦੀ ਦੇ ਆਖ਼ਰੀ ਦਹਾਕੇ ’ਚ ਫੜਿਆ ਜਦੋਂ ਚੋਣਾਂ ਜਿੱਤ ਕੇ ਕੈਨੇਡਾ ਵਿੱਚ ਪੰਜਾਬੀ ਨਾ ਕੇਵਲ ਮੈਂਬਰ ਪਾਰਲੀਮੈਂਟ ਬਣਨ ਲੱਗੇ ਸਗੋਂ ਵਜ਼ੀਰਾਂ ਦੀਆਂ ਕੁਰਸੀਆਂ ’ਤੇ ਵੀ ਬੈਠਣ ਲੱਗ ਗਏ। ਇਨ੍ਹਾਂ ਵਿੱਚੋਂ ਬਹੁਤੇ ਕੈਨੇਡਾ ਵਿੱਚ ਜਨਤਕ ਅਹੁਦਾ ਹਾਸਲ ਕਰਨ ਪਿੱਛੋਂ ਪੰਜਾਬ ਦਾ ਗੇੜਾ ਜ਼ਰੂਰ ਮਾਰਦੇ ਸਨ ਜਿਵੇਂ ਗੁਰਬਖਸ਼ ਸਿੰਘ ਮੱਲ੍ਹੀ, ਉੱਜਲ ਦੋਸਾਂਝ ਅਤੇ ਰੂਬੀ ਢੱਲਾ । ਇਨ੍ਹਾਂ ਗੇੜਿਆਂ ਦੀ ਬਦੌਲਤ ਪੰਜਾਬ ਤੇ ਕੈਨੇਡਾ ਦੇ ਪੰਜਾਬੀ ਸਿਆਸਤਦਾਨਾਂ ਵਿੱਚ ਦੁਵੱਲੀ ਦਿਲਚਸਪੀ ਜਾਗਣ ਦਾ ਮਾਹੌਲ ਬਣ ਗਿਆ। ਆਰਥਿਕ ਤੰਗੀ ਵਿੱਚੋਂ ਗੁਜ਼ਰ ਰਹੇ ਪੰਜਾਬ ਦੀ ਬਾਦਲ ਸਰਕਾਰ ਨੂੰ ਇਸ ਮੇਲ-ਜੋਲ ਵਿੱਚੋਂ ਮਾਇਕ ਰਾਹਤ ਤੇ ਪੰਜਾਬੀ ਮੂਲ ਦੇ ਕੈਨੇਡੀਅਨ ਲੀਡਰਾਂ ਨੂੰ ਪੰਜਾਬ ਵਾਸੀਆਂ ਦੇ ਕੈਨੇਡਾ ਰਹਿੰਦੇ ਰਿਸ਼ਤੇਦਾਰਾਂ ਦੀਆਂ ਵੋਟਾਂ ਪੱਕੀਆਂ ਕਰਨ ਦੇ ਰੂਟ ਨਜ਼ਰ ਆਉਣ ਲੱਗੇ। ਨਤੀਜਨ, ਸੂਬਾ ਸਰਕਾਰ ਨਾਲ ਸਬੰਧਿਤ ਸ਼ਿਕਾਇਤਾਂ ਦੇ ਨਿਵਾਰਣ ਰਾਹੀਂ ਪਰਵਾਸੀਆਂ ਨੂੰ ਪਤਿਆਉਣ ਲਈ ਬਾਦਲ ਸਰਕਾਰ ਨੇ ਜਿੱਥੇ ਐਨਆਰਆਈ ਸਭਾ, ਮੰਤਰਾਲਾ, ਐਨਆਰਆਈ ਕਮਿਸ਼ਨ, ਹਾਟ ਲਾਈਨ ਤੇ ਪੁਲੀਸ ਸੈੱਲ/ਥਾਣੇ ਸਥਾਪਤ ਕੀਤੇ, ਉੱਥੇ ਪਰਵਾਸੀਆਂ ਨੇ ਪੰਜਾਬ ਦੇ ਉਦਯੋਗ ਵਿੱਚ ਨਿਵੇਸ਼ ਕਰਨ ਲਈ, ਦਾਨ ਰਾਹੀਂ ਵਿਕਾਸ ਦੇ ਪੇਂਡੂ ਪ੍ਰਾਜੈਕਟਾਂ ਨੂੰ ਅਪਣਾਉਣ ਲਈ ਸਹਿਮਤੀਆਂ ’ਤੇ ਸਹੀ ਪਾਉਣੀ ਸ਼ੁਰੂ ਕਰ ਦਿੱਤੀ। ਪਰਵਾਸੀਆਂ ਨਾਲ ਬਣਾਏ ਜਾ ਰਹੇ ਰਾਬਤੇ ਨੂੰ ਅਰਥ ਭਰਪੂਰ ਬਣਾਉਣ ਲਈ ਬਾਦਲ ਸਰਕਾਰ ਨੇ ਵੱਡੇ ਫੰਡ ਖ਼ਰਚ ਕੇ ਸਾਲਾਨਾ ਪਰਵਾਸੀ ਸੰਮੇਲਨ ਵੀ ਕਰਵਾਏ ਪਰ ਦੋਵਾਂ ਧਿਰਾਂ ਵਿਚਲਾ ਇਹ ਹਨੀਮੂਨ ਜਲਦੀ ਹੀ ਖ਼ਤਮ ਹੋ ਗਿਆ। ਪਰਵਾਸੀ ਸੰਮੇਲਨ ਤਕ ਪਹੁੰਚਦੇ ਪਹੁੰਚਦੇ ਭਾਵੇਂ ਦਫ਼ਤਰੀ ਕੰਮ ਤੇ ਸਰਕਾਰੀ ਆਓਭਗਤ ਹੋਣ ਕਾਰਨ ਪਰਵਾਸੀ ਅਕਾਲੀ ਲੀਡਰ ਤਾਂ ਬਾਦਲ ਸਰਕਾਰ ਤੋਂ ਖ਼ੁਸ਼ ਹੋ ਗਏ ਪਰ ਆਮ ਪਰਵਾਸੀ ਨਿਰਾਸ਼ ਹੋ ਗਏ। ਦੂਜੇ ਸਾਲਾਨਾ ਪਰਵਾਸੀ ਸੰਮੇਲਨ ਵਿੱਚ ਅਣਸੁਲਝੇ ਪੁਲੀਸ ਕੇਸਾਂ, ਜਾਇਦਾਦਾਂ ਦੇ ਨਜਾਇਜ਼ ਕਬਜ਼ਿਆਂ ਤੇ ਸੁਰੱਖਿਆ ਨਾਲ ਸਬੰਧਿਤ ਮਾਮਲਿਆਂ ਦੀ ਗਿਣਤੀ ਇੰਨੀ ਵਧ ਗਈ ਅਤੇ ਪੀੜਤਾਂ ਦੀ ਸੁਰ ਇੰਨੀ ਤਿੱਖੀ ਹੋ ਗਈ ਕਿ ਬਾਦਲ ਸਰਕਾਰ ਲਈ ਇਹ ਸੰਮੇਲਨ ਘਾਟੇ ਦਾ ਸੌਦਾ ਬਣਦੇ ਜਾਪੇ। ਪਰਵਾਸੀ ਪੰਜਾਬੀਆਂ ਦੀ ਲੁਕਵੀਂ ਨਾਰਾਜ਼ਗੀ ਬਾਹਰ ਆਉਣ ਲੱਗੀ। ਨਤੀਜਨ, ਸਾਲਾਨਾ ਪਰਵਾਸੀ ਸੰਮੇਲਨ ਠੰਢੇ ਬਸਤੇ ਵਿੱਚ ਪੈ ਗਏ।
ਇਸ ਅਮਲ ਨਾਲ ਜ਼ਿਕਰਯੋਗ ਪੰਜਾਬੀ ਵਸੋਂ ਵਾਲੇ ਲਗਪਗ ਸਾਰੇ ਪਰਦੇਸਾਂ ਵਿੱਚ ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਮਾਨ ਅਕਾਲੀ ਦਲ ਤੇ ਕਾਂਗਰਸ ਦੀਆਂ ਇਕਾਈਆਂ ਸਥਾਪਿਤ ਤਾਂ ਜ਼ਰੂਰ ਹੋ ਗਈਆਂ ਸਨ ਪਰ ਕਿਸੇ ਸਿਆਸੀ ਗਤੀਵਿਧੀ ਦੀ ਥਾਂ ਇਹ ਪੰਜਾਬ ਤੋਂ ਵਿਦੇਸ਼ ਘੁੰਮਣ ਆਉਣ ਵਾਲੇ ਲੀਡਰਾਂ ਤੇ ਅਫ਼ਸਰਸ਼ਾਹਾਂ ਦੀ ਮਹਿਮਾਨ ਨਿਵਾਜ਼ੀ ਤਕ ਹੀ ਸੀਮਤ ਰਹਿੰਦੀਆਂ ਸਨ। ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਦੇ 2012 ਦੀਆਂ ਚੋਣਾਂ ਵੇਲੇ ਹੋਂਦ ਵਿੱਚ ਆਉਣ ਨਾਲ ਪਰਵਾਸੀਆਂ ਦਾ ਪੰਜਾਬ ਨਾਲ ਸਬੰਧਾਂ ਵਿੱਚ ਚੀਅਰਲੀਡਰਜ਼/ਹੱਲਾਸ਼ੇਰੀ ਦੇਣ ਵਾਲਿਆਂ ਦੇ ਰੂਪ ਵਿੱਚ ਸਿਆਸੀ ਦਾਖ਼ਲਾ ਸ਼ੁਰੂ ਹੋ ਗਿਆ। ਪੰਜਾਬ ਨੂੰ ਬਚਾਉਣ’ ਤੇ ‘ਬਦਲਣ’ ਦੇ ਨਾਅਰੇ ਸਮੁੰਦਰੋਂ ਪਾਰ ਉੱਠਣ ਲੱਗੇ। ਸੂਬੇ ਵਿੱਚ ਦੋ ਰਵਾਇਤੀ ਸਿਆਸੀ ਪਾਰਟੀਆਂ ਵੱਲੋਂ ਰਚੇ ਗਏ ਸਿਆਸੀ ਵਿਊਹਚੱਕਰ ਨੂੰ ਤੋੜਨ ਲਈ ਤੀਜੇ ਬਦਲ ਦੀ ਸੰਭਾਵਨਾ ਪੈਦਾ ਹੋ ਗਈ। ਪੰਜਾਬ ਦੇ ਲੀਡਰਾਂ ਦੀ ਭ੍ਰਿਸ਼ਟਾਚਾਰੀ, ਦਾਦਾਗਿਰੀ, ਭਾਈ ਭਤੀਜਾਵਾਦ ਤੇ ਸਿਆਸੀ ਲੁੱਟ-ਕੁੱਟ ਤੋਂ ਸਤੇ ਪਰਵਾਸੀਆਂ ਨੂੰ ਮਨਪ੍ਰੀਤ ਵਿੱਚ ਪੰਜਾਬ ਨੂੰ ਮੁੜ ਲੀਹ ’ਤੇ ਲਿਆਉਣ ਵਾਲਾ ਮਸੀਹਾ ਨਜ਼ਰ ਆਇਆ। ਇਸ ਦੇ ਫਲਸਰੂਪ ਵਿਦੇਸ਼ਾਂ ਵਿੱਚ ਉਸ ਦੀਆਂ ਰੈਲੀਆਂ ਨੂੰ ਵੱਡਾ ਹੁੰਗਾਰਾ ਮਿਲਿਆ, ਫੰਡ ਇਕੱਠੇ ਹੋਣ ਲੱਗੇ। 2012 ਦੀਆਂ ਚੋਣਾਂ ਦੇ ਪ੍ਰਚਾਰ ਲਈ ਪਹਿਲੀ ਵਾਰ ਪਰਵਾਸੀ ਮਿੱਥ ਕੇ ਪੰਜਾਬ ਆਏ। ਭਾਵੇਂ ਇਨ੍ਹਾਂ ਦੀ ਗਿਣਤੀ ਬਹੁਤੀ ਨਹੀਂ ਸੀ ਪਰ ਦੁਆਬੇ ਤੇ ਮਾਲਵੇ ਦੇ ਕੁਝ ਚੋਣ ਹਲਕਿਆਂ ਵਿੱਚ ਇਨ੍ਹਾਂ ਨੇ ਅਸਰ ਭਰਵਾਂ ਕੀਤਾ।



ਭਾਵੇਂ ਪਰਵਾਸੀ ਪੰਜਾਬੀਆਂ ਦੀ ਹੱਲਾਸ਼ੇਰੀ ਨਾਲ ਚੜ੍ਹੀ ਮਨਪ੍ਰੀਤ ਬਾਦਲ ਦੀ ਪਾਰਟੀ ਤਾਂ ਬੁਰੀ ਤਰ੍ਹਾਂ ਹਾਰ ਗਈ ਪਰ ਚੋਣਾਂ ਰਾਹੀਂ ਪੰਜਾਬ ਦੇ ਸਿਸਟਮ ਤੇ ਸਿਆਸਤ ਦੀ ਸੁਧਾਈ ਕਰਨ ਲਈ ਪਰਵਾਸੀਆਂ ਨੂੰ ਦ੍ਰਿੜ ਕਰ ਗਈ। ਪਰਵਾਸੀਆਂ ਦੇ ਇਸੇ ਇਰਾਦੇ ਨੂੰ ਅੱਗੇ ਜਾ ਕੇ ਕੇਜਰੀਵਾਲ ਦੀ ਆਮ ਆਦਮੀ ਪਾਰਟੀ (ਆਪ) ਨੇ ਨਾ ਕੇਵਲ ਬੋਚ ਲਿਆ ਸਗੋਂ ਆਕਲੀ-ਭਾਜਪਾ ਗੱਠਜੋੜ ਦੇ ਲਗਾਤਾਰ ਦੋ ਪਾਰੀਆਂ ਦੇ ਰਾਜ ਤੋਂ ਅੱਕੇ ਤੇ ਚਿੜੇ ਪਏ ਪੰਜਾਬ ਵਾਸੀਆਂ ਦੀ ਨਾਰਾਜ਼ਗੀ ਨੂੰ ਸੂਬੇ ਵਿੱਚ ਆਪਣੀ ਸਿਆਸੀ ਸ਼ਕਤੀ ਬਣਾ ਲਿਆ। ਫਲਸਰੂਪ, ਮਾਮੂਲੀ ਆਧਾਰ ਵਾਲੀ ਇਹ ਪਾਰਟੀ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਭਗਵੰਤ ਮਾਨ ਦੀ ਰਿਕਾਰਡ ਜਿੱਤ ਸਮੇਤ ਪਾਰਲੀਮੈਂਟ ਦੀਆਂ ਚਾਰ ਸੀਟਾਂ ਜਿੱਤ ਗਈ। ਇਨ੍ਹਾਂ ਨਤੀਜਿਆਂ ਤੋਂ ਹੱਲਾਸ਼ੇਰੀ ਲੈ ਕੇ ਆਪ’ ਨੇ ਪੰਜਾਬ ਚੋਣਾਂ ਵਿੱਚ ਪਰਵਾਸੀ ਪੰਜਾਬੀਆਂ ਦੀ ਸ਼ਮੂਲੀਅਤ ਦਾ ਅਗਲਾ ਗੇੜ ਸ਼ੁਰੂ ਕਰ ਦਿੱਤਾ। ਪੰਜਾਬ ਦੀਆਂ 2017 ਦੀਆਂ ਅਸੈਂਬਲੀ ਚੋਣਾਂ ਦਾ ਬਿਗਲ ਵੱਜਦਿਆਂ ਹੀ ਪਰਵਾਸੀਆਂ ਦਾ ਰੋਲ ਕੇਵਲ ਮਾਇਕ ਸਹਾਇਤਾ ਤੇ ਵਿਰਲਾ ਵਾਂਝਾ ਚੋਣ ਪ੍ਰਚਾਰ ਕਰਨ ਤਕ ਹੀ ਸੀਮਤ ਨਾ ਰਿਹਾ ਸਗੋਂ ਵਧ ਕੇ ਸਰਗਰਮ ਸਿਆਸੀ ਵਰਕਰਾਂ ਤੇ ਲੀਡਰਾਂ ਵਾਲਾ ਬਣਨ ਲੱਗਿਆ। ਇੱਕ-ਦੋ ਪਰਵਾਸੀਆਂ ਨੇ ਤਾਂ ਚੋਣਾਂ ਵਿੱਚ ਸਿੱਧਾ ਕੁੱਦਣ ਲਈ ਮਹਿੰਗੇ ਮੁੱਲ ਹਾਸਲ ਕੀਤੀ ਅਮਰੀਕਾ/ਕੈਨੇਡਾ ਦੀ ਸਿਟੀਜ਼ਨਸ਼ਿਪ ਵੀ ਛੱਡ ਦਿੱਤੀ। ਪਰਵਾਸੀ ਭਾਈਚਾਰੇ ਦੀ ਚੋਣਾਂ ਵਿੱਚ ਤਾਜ਼ੀ ਉਜਾਗਰ ਹੋਈ ਤਾਕਤ ਨੂੰ ਸਿਆਸੀ ਕਲਾਵੇ ’ਚ ਲੈਣ ਲਈ ਭਾਵੇਂ ਦੂਜੀਆਂ ਪਾਰਟੀਆਂ ਖ਼ਾਸ ਤੌਰ ’ਤੇ ਕਾਂਗਰਸ ਤੇ ਸੱਤਾਧਾਰੀ ਬਾਦਲ ਅਕਾਲੀ ਦਲ ਨੇ ਵੀ ਆਪਣੇ ਲੀਡਰਾਂ ਦੇ ਵਿਦੇਸ਼ੀ ਦੌਰਿਆਂ ਰਾਹੀਂ ਕੋਸ਼ਿਸ਼ ਕੀਤੀ ਪਰ ਇਨ੍ਹਾਂ ਨੂੰ ਆਪ’ ਵਾਲਾ ਭਰਵਾਂ ਹੁੰਗਾਰਾ ਨਹੀਂ ਮਿਲਿਆ।
ਰੌਚਕ ਗੱਲ ਇਹ ਕਿ ਪੰਜਾਬ ਸਿਆਸਤ ਵਿੱਚ ਪਰਵਾਸੀ ਫੈਕਟਰ ਦੇ ਪੈਦਾ ਹੋਣ ਦਾ ਜੈਵਿਕ ਕਾਰਨ ਸੂਚਨਾ ਕ੍ਰਾਂਤੀ ਬਣੀ ਹੈ। ਇਸ ਤੋਂ ਪਹਿਲਾਂ ਪ੍ਰਦੇਸ਼ ਗਿਆਂ ਨਾਲ ਪਿੱਛੇ ਰਹਿ ਗਿਆਂ ਦਾ ਸੰਪਰਕ ਵਰ੍ਹੇ-ਛਿਮਾਹੀਂ ਆਉਣ ਵਾਲੀ ਚਿੱਠੀ ਹੀ ਹੋਇਆ ਕਰਦੀ ਸੀ ਪਰ ਹੁਣ ਸਸਤੀ ਤੇ ਸੌਖੀ ਸਮਾਰਟ ਫੋਨ ਨੈੱਟ ਸਹੂਲਤ ਕਾਰਨ ਸਮਾਂ ਅਤੇ ਵਿੱਥ ਮਿਟ ਗਈ ਹੈ। ਪੰਜਾਬੀ ਪਰਵਾਸੀ ਤੇ ਪੰਜਾਬ ਵਾਸੀ ਰੀਅਲਟਾਈਮ ਵਿੱਚ ਇੱਕ-ਦੂਜੇ ਨਾਲ ਸਾਈਬਰ ਸਪੇਸ ਵਿੱਚ ਚੌਵੀ ਘੰਟੇ ਜੁੜੇ ਰਹਿੰਦੇ ਹਨ। ਭਾਵੇਂ ਉਹ ਦੁਨੀਆਂ ਦੇ ਜਿਹੜੇ ਮਰਜ਼ੀ ਕੋਨੇ ਵਿੱਚ ਰਹਿੰਦੇ ਹੋਣ, ਪੰਜਾਬ ਵਿੱਚੋਂ ਗੈਰਹਾਜ਼ਰ ਨਹੀਂ ਹੁੰਦੇ। ਇੰਜ ਪੰਜਾਬ ਵਿੱਚ ਅਜੋਕੇ ਪਰਵਾਸੀਆਂ ਦੀ ਸਾਈਬਰ-ਸਪੇਸੀ ਹਾਜ਼ਰੀ ਇੱਕ ਤਰ੍ਹਾਂ ਨਾਲ ਉਨ੍ਹਾਂ ਨੂੰ ਸਿਆਸਤ ਸਮੇਤ ਸੂਬੇ ਦੇ ਹਰ ਸ਼ੋਹਬੇ ਨਾਲ ਵਾਵਾਸਤਾ ਰੱਖਦੀ ਹੈ। ਇੰਟਰਨੈੱਟ ਕਾਰਨ ਬਰਾਡਕਾਸਟਿੰਗ ਤੇ ਛਪਾਈ ਤਕਨੀਕਾਂ ਸਰਲ ਤੇ ਸਸਤੀਆਂ ਹੋਣ ਕਾਰਨ ਅਨੇਕਾਂ ਅਖ਼ਬਾਰ, ਟੈਲੀਵਿਜ਼ਨ, ਰੇਡੀਓ ਅਤੇ ਬਲਾਗ’ ਨਾ ਕੇਵਲ ਪੰਜਾਬ ਦੀ ਨਿੱਕੀ ਤੋਂ ਨਿੱਕੀ ਤੇ ਤਾਜ਼ਾ-ਤਰੀਨ ਖ਼ਬਰ ਦਿੰਦੇ ਰਹਿੰਦੇ ਹਨ ਸਗੋਂ ਅਹਿਮ ਘਟਨਾਵਾਂ ਨੂੰ ਅਕਸਰ ਲਾਈਵ’ ਵੀ ਕਰਦੇ ਰਹਿੰਦੇ ਹਨ।
ਇਸ ਵਾਰ ਪੰਜਾਬ ਚੋਣਾਂ ਵਿੱਚ ਪਰਵਾਸੀਆਂ ਦੀ ਭਰਵੀਂ ਸ਼ਿਰਕਤ ਦੇ ਪਿਛੋਕੜ ਵਿੱਚ ਇਹ ਸਾਰੇ ਤੱਥ ਪਏ ਹਨ। ਪਰਵਾਸੀਆਂ ਦੇ ਜ਼ਿਆਦਾਤਰ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਸਰਗਰਮ ਹੋਣ ਕਾਰਨ ਭਾਵੇਂ ਦੂਜੀਆਂ ਦੋਵੇਂ ਵੱਡੀਆਂ ਪਾਰਟੀਆਂ-ਬਾਦਲ ਆਕਾਲੀ ਦਲ ਤੇ ਕਾਂਗਰਸ, ਨਾ ਕੇਵਲ ਔਖੀਆਂ ਹਨ ਸਗੋਂ ਕਾਂਗਰਸ ਨੇ ਤਾਂ ਪ੍ਰਚਾਰ ਦੌਰਾਨ ਚੋਣ ਕਮਿਸ਼ਨ ਤੋਂ ਇਨ੍ਹਾਂ ਨੂੰ ਸੂਬੇ ਤੋਂ ਬਾਹਰ ਕੱਢਣ ਦੀ ਮੰਗ ਵੀ ਕੀਤੀ ਹੈ। ਹਾਲਾਂਕਿ ਪ੍ਰਚੱਲਿਤ ਚੋਣ ਨਿਯਮਾਂ ਅਨੁਸਾਰ ਭਾਰਤੀ ਪਾਸਪੋਰਟ ਵਾਲੇ ਪਰਵਾਸੀ ਨਾ ਕੇਵਲ ਚੋਣ ਪਚਾਰ ਵਿੱਚ ਹਿੱਸਾ ਲੈ ਸਕਦੇ ਹਨ ਸਗੋਂ ਕਮਿਸ਼ਨ ਵੱਲੋਂ ਮਿਥੇ ਗਏ ਤਰੀਕਾ-ਏ-ਕਾਰ ਰਾਹੀਂ ਵੋਟ ਵੀ ਪਾ ਸਕਦੇ ਹਨ।
ਸੋ ਪਰਵਾਸੀ ਪੰਜਾਬੀ ਜੇ ਇਸ ਵਾਰ ਵੋਟਿੰਗ ਦਾ ਰੁਖ਼ ਮੋੜਨ ਵਿੱਚ ਕਾਮਯਾਬ ਹੋ ਗਏ ਤਾਂ ਅੱਗੇ ਤੋਂ ਪੰਜਾਬ ਚੋਣਾਂ ਦੇ ਵਿਉਂਤਕਾਰਾਂ ਲਈ ਮਾਲਵਾ, ਮਾਝਾ ਤੇ ਦੋਆਬਾ ਦੇ ਤਿੰਨ ਖੇਤਰਾਂ ਵਿੱਚ ਚੌਥੇ ਖੇਤਰ ਦੇ ਤੌਰ ’ਤੇ ਪਰਵਾਸੀ ਪੰਜਾਬ’ ਪੱਕੇ ਤੌਰ ’ਤੇ ਜੁੜ ਜਾਵੇਗਾ।

**ਲੇਖਕ ਸੀਨੀਅਰ ਪੱਤਰਕਾਰ ਅਤੇ ਅੱਜ-ਕੱਲ੍ਹ ਅਮਰੀਕਾ ਨਿਵਾਸੀ ਹੈ।*

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਟੋਪੀ ਆਲਿਆਂ ਦੀ ਟੈਂ ਟੈਂ ਈ ਪਿੱਛਾ ਨੀਂ ਛਡਦੀ !

ਕੈਪਟਨ ਅਮਰਿੰਦਰ–ਆਹ 'ਆਪ' ਵਾਲਿਆਂ ਨੇ ਮੇਰੇ ਨੱਕ 'ਚ ਦਮ ਕੀਤਾ ਹੋਇਐ!

ਸੁਥਰਾ– ਰਾਜਾ ਸਾਹਿਬ ਇਹ ਤਾਂ ਸਿਆਸਤ ਐ, ਉਨ੍ਹਾਂ ਭਲਾ ਤੁਹਾਨੂੰ ਅਜਿਹਾ ਕੀ ਕਹਿ ਦਿੱਤਾ।

ਕੈਪਟਨ– ਸੁਥਰਿਆ ਟਿਕਣ ਹੀ ਨਹੀਂ ਦਿੰਦੇ...ਪਹਿਲਾਂ ਕਹੀ ਗਏ ਕਿ ਕੈਪਟਨ ਤੇ ਬਾਦਲ ਤਾਂ ਰਲੇ ਹੋਏ ਨੇ...ਇਹ ਮਿਲ ਕੇ ਚੋਣਾਂ ਲੜ ਰਹੇ ਨੇ...ਹਿੰਮਤ ਐ ਤਾਂ ਕੈਪਟਨ ਬਾਦਲ ਖ਼ਿਲਾਫ਼ ਚੋਣ ਲੜ ਕੇ ਦਿਖਾਉਣ।

ਸੁਥਰਾ– ਸਾਹਿਬ ਬਹਾਦਰ, ਉਂ ਤਾਂ ਇਹਦੇ 'ਚ ਸ਼ੱਕ ਕੋਈ ਨਹੀਂ, ਪਰ ਤੁਸੀਂ ਤਾਂ ਹੁਣ ਵੱਡੇ ਬਾਦਲ ਖ਼ਿਲਾਫ਼ ਮੈਦਾਨ ਵਿਚ ਨਿਤਰ ਹੀ ਪਏ ਹੋ, ਹੁਣ ਕਾਹਦਾ ਗਿਲਾ।

ਕੈਪਟਨ– ਨਾ ਸੁਥਰਿਆ, ਗਿਲਾ ਮੈਨੂੰ ਕਾਹਦਾ, ਭੁੜਕੀ ਤਾਂ 'ਆਪ' ਵਾਲੇ ਜਾਂਦੇ ਨੇ..ਕਿਸੇ ਪਾਸੇ ਜੀਣ ਨਹੀਂ ਦਿੰਦੇ। ਹੁਣ ਕਹਿੰਦੇ–ਅਖੇ, 'ਕੈਪਟਨ ਨੇ ਤਾਂ ਬਾਦਲ ਦਾ ਪੱਖ ਪੂਰਿਐ...ਬਾਦਲ ਡਰ ਗਿਆ ਸੀ ਤੇ ਉਹਨੇ ਕੈਪਟਨ ਨੂੰ ਸੱਦ ਲਿਆ ਕੇ ਵੀਰ ਆ ਕੇ ਬਚਾ..ਹੁਣ ਵੋਟਾਂ ਵੰਡੀਆਂ ਜਾਣਗੀਆਂ ਤੇ ਇਹਦਾ ਲਾਹਾ ਬਾਦਲ ਨੂੰ ਹੋ ਜਾਉ..। ਭਲਾ ਇਨ੍ਹਾਂ ਨੂੰ ਪੁਛੇ ਜੇ ਮੈਂ ਹਾਰ ਗਿਆ ਤਾਂ ਨੱਕ ਤਾਂ ਮੇਰਾ ਵਢਿਆ ਜਾਉ, ਬਈ ਬੜੀਆਂ ਡੀਂਗਾਂ ਮਾਰਦਾ ਸੀ ਕਿ ਬਾਦਲਾਂ ਦੇ ਫੱਟੇ ਚੁੱਕ ਦੂੰ ਤੇ ਆਖ਼ਰੀ ਚੋਣ ਹਾਰ ਗਿਆ। ਕੀ ਕਰਾਂ ਮੈਂ ਇਨ੍ਹਾਂ ਟੋਪੀ ਵਾਲਿਆਂ ਦੀ ਟੈਂ ਟੈਂ ਦਾ ?!!!

## ਹੁਣ ਤਾਂ ਮੂੰਹ 'ਚ ਬੁਰਕੀਆਂ ਪਾਵਾਂਗੇ !!

ਸ਼੍ਰੋਮਣੀ ਅਕਾਲੀ ਦਲ ਨੇ ਵੀ ਆਖ਼ਰ ਆਪਣਾ ਚੋਣ ਮੈਨੀਫੈਸਟੋ ਜਾਰੀ ਕਰ ਦਿੱਤਾ ਹੈ। ਹੁਣ ਤਕ ਪੰਜਾਬ ਵਿਚ ਬੱਜਰੀ, ਰੇਤੇ, ਟਰਾਂਸਪੋਰਟ ਤੋਂ ਲੈ ਕੇ ਹਰ ਚੀਜ਼ ਦੀ ਲੁੱਟ ਮੱਚੀ ਰਹੀ...ਬਜਟ ਵਿਚ ਲੋਕਾਂ ਨੂੰ ਠੇਂਗਾ ਮਿਲਦਾ ਰਿਹਾ...ਵਿਧਾਇਕਾਂ–ਮੰਤਰੀਆਂ ਦੀਆਂ ਤਨਖ਼ਾਹਾਂ ਵਧਦੀਆਂ ਰਹੀਆਂ, ਮਹਿੰਗੀਆਂ ਗੱਡੀਆਂ ਮਿਲਦੀਆਂ ਰਹੀਆਂ, ਜਾਇਦਾਦਾਂ ਵਧਦੀਆਂ ਗਈਆਂ ਉਦੋਂ ਬਾਦਲ ਸਰਕਾਰ ਨੂੰ ਲੋਕਾਂ ਦਾ ਧਿਆਨ ਨਾ ਆਇਆ। ਜੋ ਕੁਝ ਬਜਟ 'ਚ ਨਹੀਂ ਦਿੱਤਾ, ਹੁਣ ਚੋਣ ਮੈਨੀਫੈਸਟੋ ਵਿਚ ਦੇ ਰਹੇ ਨੇ...। ਆਟਾ, ਘਿਓ, ਚ9ਨੀ, ਪ੍ਰੈੱਸ਼ਰ ਕੁੱਕਰ ਤਕ ਦੇ ਵਾਅਦੇ ਹੋ ਰਹੇ ਨੇ, ਲਗਦੈ ਬਾਦਲ ਪਿਓ–ਪੁੱਤ ਹੁਣ ਲੋਕਾਂ ਦੇ ਮੂੰਹ 'ਚ ਜਾ ਕੇ ਬੁਰਕੀਆਂ ਪਾਉਣਗੇ। ਇਨ੍ਹਾਂ ਨੂੰ ਪੁਛੇ, ਬਈ ਦਸ ਸਾਲ ਤਾਂ ਤੁਸੀਂ ਲੋਕਾਂ ਲਈ ਖਜ਼ਾਨਾ ਖਾਲੀ ਰੱਖਿਆ, ਜੇ ਦੁਬਾਰਾ ਸੱਤਾ ਵਿਚ ਆ ਗਏ ਤਾਂ ਕਿਹੜਾ ਡਾਕਾ ਮਾਰ ਕੇ ਲੋਕਾਂ ਨਾਲ ਕੀਤੇ ਵਾਅਦੇ ਪੂਰਨੇ ਆ...। ਇਨ੍ਹਾਂ ਦੇ ਸੁੱਖ–ਵਿਲਾਸ ਦੇ ਚੱਕਰ 'ਚ ਲੋਕਾਂ ਦੀਆਂ ਕੱਚੀਆਂ ਕੰਧਾਂ ਤਕ ਢਹਿ ਗਈਆਂ...ਹੁਣ ਕਿ ਉਹ ਸੁੱਖ ਵਿਲਾਸ ਢਾਹ ਕੇ ਕੱਚੇ ਕੋਠੇ ਉਸਾਰਨਗੇ!!!




## ਪਿੰਡ ਵਸਿਆ ਨਹੀਂ...!!

ਇਕ ਕਹਾਵਤ ਮਸ਼ਹੂਰ ਹੈ ਕਿ 'ਪਿੰਡ ਵਸਿਆ ਨਹੀਂ, ਮੰਗਤੇ ਪਹਿਲਾਂ ਆ ਗਏ।' ਠੀਕ ਇਹੀ ਹਾਲ ਅੱਜ ਕੱਲ੍ਹ ਕਾਂਗਰਸ ਪਾਰਟੀ ਅੰਦਰ ਦਿਖਾਈ ਦੇ ਰਿਹਾ ਹੈ। ਜਿੱਤ ਦਾ ਹਾਲ ਪਤਾ ਨਹੀਂ ਪਰ ਇਹਦੇ ਆਗੂਆਂ ਨੇ ਅਹੁਦੇ ਵੀ ਮੰਗਣੇ ਸ਼ੁਰੂ ਕਰ ਦਿੱਤੇ ਹਨ। ਅਕਾਲੀ ਦਲ ਛੱਡ ਕੇ ਆਏ ਮਨਪ੍ਰੀਤ ਬਾਦਲ ਨੇ ਆਪਣਾ ਪਸੰਦੀਦਾ ਵਿਤ ਮੰਤਰਾਲੇ ਮੰਗ ਲਿਆ ਤੇ ਅੱਗੋਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਪੰਜਾਬ ਦੇ ਖਜ਼ਾਨੇ, ਜਿਹੜਾ ਬਾਦਲਾਂ ਦੀ ਮੇਹਰਬਾਨੀ ਕਾਰਨ ਭਾਂ–ਭਾਂ ਕਰਦਾ ਹੈ, ਦੀਆਂ ਚਾਬੀਆਂ ਉਸਨੂੰ ਦੇਣ ਦੀ ਹਾਮੀ ਭਰ ਦਿੱਤੀ ਹੈ। ਅਕਾਲੀ ਸਰਕਾਰ ਵੇਲੇ ਵਿਤ ਮੰਤਰੀ ਰਹਿੰਦਿਆਂ ਮਨਪ੍ਰੀਤ ਬਾਦਲ ਨੇ ਕਿਸਾਨਾਂ ਨੂੰ ਸਬਸਿਡੀਆਂ ਦੇਣ ਦਾ ਵਿਰੋਧ ਕੀਤਾ ਸੀ, ਹੁਣ ਜੇ ਵਿਤ ਮੰਤਰੀ ਬਣ ਗਏ ਤਾਂ ਪਤਾ ਨਹੀਂ ਕੀ ਕੀ ਬੰਦ ਹੋਵੇਗਾ। ਉਂਜ ਵੀ ਅਕਾਲੀਆਂ ਨੇ ਖਜ਼ਾਨਾ ਤਾਂ ਪਹਿਲਾਂ ਹੀ ਖਾਲੀ ਕਰ ਦਿੱਤਾ ਹੈ ਤੇ ਜਿਹੜੀ ਵੀ ਸਰਕਾਰ ਸੱਤਾ ਵਿਚ ਆਈ, ਉਹਦੇ ਲਈ ਇਹ ਬਹਾਨਾ ਚੰਗਾ ਹੋਵੇਗਾ ਕਿ ਅਸੀਂ ਭਲਾ ਕੀ ਦੇ ਸਕਦੇ ਆਂ, ਖਜ਼ਾਨਾ ਤਾਂ ਖਾਲੀ ਐ। ਦੇਖੋ, ਖਜ਼ਾਨਾ ਭਰਨ ਲਈ ਪੰਜਾਬੀਆਂ 'ਤੇ ਹੋਰ ਕਿੰਨੇ ਟੈਕਸਾਂ ਦੀ ਮਾਰ ਪਊ!!

## ਅੱਛੇ ਦਿਨ ਹੋਏ ਗੁੱਲ!!

ਜਦੋਂ ਬੁਰਾ ਵਕਤ ਆਉਂਦੈ, ਉਦੋਂ ਪਰਛਾਵਾਂ ਵੀ ਸਾਥ ਛੱਡ ਦਿੰਦੈ। ਇਨ੍ਹੀਂ ਦਿਨੀਂ ਪੰਜਾਬ ਵਿਚ ਸੱਤਾ ਵਿਰੋਧੀ ਲਹਿਰ ਦੇ ਚਲਦਿਆਂ ਬਾਦਲਾਂ ਦੇ ਵੀ 'ਅੱਛੇ ਦਿਨ' ਲੱਦ ਗਏ ਲਗਦੇ ਹਨ। ਹੁਣ ਤਕ ਜਿਹੜੇ ਦਾਅਵੇ ਕੀਤੇ ਜਾ ਰਹੇ ਸਨ, ਉਹ ਵੀ ਮੂੰਹ ਚਿੜਾਉਂਦੇ ਪ੍ਰਤੀਤ ਹੋ ਰਹੇ ਹਨ। ਲੁਧਿਆਣਾ ਦੇ ਸੁਨੇਤ ਇਲਾਕੇ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੇ ਰਾਜ ਦੀਆਂ ਡੀਂਗਾਂ ਮਾਰ ਰਹੇ ਸਨ। ਉਨ੍ਹਾਂ ਬੜੇ ਜੋਸ਼ੀਲੇ ਅੰਦਾਜ਼ ਵਿਚ ਕਿਹਾ–'ਭਰਾਵੋ ਅਸੀਂ ਜੋ ਕਿਹਾ ਸੀ, ਕਰਕੇ ਦਿਖਾ 'ਤਾ, ਪੰਜਾਬ 'ਚ ਬਿਜਲੀ ਸਰਪਲਸ ਕੀਤੀ।' ਇਸ ਤੋਂ ਪਹਿਲਾਂ ਕਿ ਅਗਲਾ ਵਾਕ ਬੋਲਦੇ, ਬਿਜਲੀ ਗੁੱਲ ਹੋ ਗਈ। ਲਗਦਾ ਬਿਜਲੀ ਵੀ ਉਨ੍ਹਾਂ ਦੇ ਝੂਠੇ ਲਾਅਰਿਆਂ, ਦਾਅਵਿਆਂ ਤੋਂ ਤੰਗ ਆ ਕੇ ਨਾਰਾਜ਼ ਹੋ ਗਈ–ਉਹਨੇ ਵੀ ਅੱਗੋਂ ਆਪਣਾ ਜਲਵਾ ਦਿਖਾ ਦਿੱਤਾ–"ਭਰਾਵਾ ਪਹਿਲਾਂ ਲੋਕਾਂ ਦੇ ਘਰੇ ਲਾਟੂ ਬਲਦੇ ਤਾਂ ਕਰਦੇ, ਫੇਰ ਸਰਪਲਸ ਬਿਜਲੀ ਦਾ ਰਾਗ ਅਲਾਪੀਂ।"!!



# ਪੰਜਾਬ ਪਾਣੀਆਂ ਦਾ ਮਸਲਾ : ਅਦਾਲਤ ਵਿੱਚ ਪਟੀਸ਼ਨ ਪਾਉਣ ਲਈ ਸਿੱਖਾਂ ਦਾ ਐਮਸਟਰਡਮ 'ਚ ਇਕੱਠ ਹੋਇਆ

### ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਅਤੇ ਸੰਗਤਾਂ ਵਲੋਂ ਸਿੱਖਸ ਫਾਰ ਜਸਟਿਸ ਨੂੰ ਹਮਾਇਤ ਦਾ ਪੂਰਨ ਭਰੋਸਾ

**ਹਾਲੈਂਡ/ਬਿਊਰੋ ਨਿਊਜ਼ :** ਪੰਜਾਬ ਪਾਣੀਆਂ ਦੇ ਮਸਲੇ ਲਈ ਪਟੀਸ਼ਨ ਡੈਨਹਾਗ ਇੰਟਰਨੈਸ਼ਨਲ ਅਦਾਲਤ ਵਿੱਚ ਪਾਉਣ ਲਈ ਯੂਰਪ ਦੇ ਸਿੱਖਾਂ ਦਾ ਇਕੱਠ ਹਾਲੈਂਡ ਐਮਸਟਰਡਮ ਵਿੱਚ ਹੋਇਆ। ਯੂਰਪ ਭਰ ਤੋਂ ਪਹੁੰਚੇ ਪੰਜਾਬੀਆਂ ਨੇ ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ, ਅਵਤਾਰ ਸਿੰਘ ਪੰਨੂ, ਗੁਰਦਿਆਲ ਸਿੰਘ ਕੰਗ ਨਾਲ ਪੰਜਾਬ ਪਾਣੀਆਂ ਦੇ ਮਸਲੇ 'ਤੇ ਵਿਸਥਾਰ ਸਹਿਤ ਚਰਚਾ ਕੀਤੀ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਅਤੇ ਸੰਗਤਾਂ ਵਲੋਂ ਸਿੱਖਸ ਫਾਰ ਜਸਟਿਸ ਨੂੰ ਇਸ ਮੁੱਦੇ 'ਤੇ ਹਮਾਇਤ ਦਾ ਪੂਰਨ ਭਰੋਸਾ ਦਿੱਤਾ ਗਿਆ।

ਗੁਰਪਤਵੰਤ ਸਿੰਘ ਪੰਨੂ ਨੇ ਪੰਜਾਬ ਨਾਲ ਹੋ ਰਹੇ ਧੱਕੇ ਬਾਰੇ ਜਾਣੂ ਕਰਵਾਇਆ ਅਤੇ ਸਿੱਖਾਂ ਨੂੰ ਵਾਟਰ ਰੈਫਰੰਡਮ ਉੱਪਰ ਵੱਧ ਤੋਂ ਵੱਧ ਦਸਤਖ਼ਤ ਜਾਂ ਆਨਲਾਈਨ ਮੁਹਿੰਮ ਚਲਾਉਣ ਉੱਪਰ ਜ਼ੋਰ ਦਿੱਤਾ। ਇਹ ਮੀਟਿੰਗ ਗੁਰੂ ਨਾਨਾਕ ਗੁਰਦੁਆਰਾ ਐਮਸਟਰਡਮ ਵਿੱਚ ਹੋਈ। ਭਾਈ ਜਸਵਿੰਦਰ ਸਿੰਘ ਅਤੇ ਹਰਜੀਤ ਸਿੰਘ ਡੈਨਹਾਗ ਨੇ ਸੰਗਤਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਪੰਜਾਬੀ ਮੀਡੀਆ ਵਲੋਂ ਹਰਜੋਤ ਸੰਧੂ ਨੇ ਫੇਸਬੁੱਕ ਉੱਪਰ ਲਾਈਵ ਕੀਤਾ। ਬਲਜੀਤ ਸਿੰਘ ਨੇ ਸਾਰਾ ਪ੍ਰੋਗਰਾਮ ਰਿਕਾਰਡ ਕੀਤਾ ਜੋ ਕੇ ਪੰਜਾਬੀ ਮੀਡੀਆ ਉੱਪਰ





ਦਿਖਾਇਆ ਜਾਵੇਗਾ। ਇਸ ਮੌਕੇ ਹਾਲੈਂਡ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਾਕ ਗੁਰਦੁਆਰਾ ਐਮਸਟਰਡਮ, ਗੁਰਦੁਆਰਾ ਮਾਨਸਰੋਵਰ ਸਾਹਿਬ ਐਮਸਟਰਡਮ, ਗੁਰਦੁਆਰਾ ਸਿੱਖ ਸੰਗਤ ਅਲਮੇਅਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡੈਨਹਾਗ, ਜਰਮਨੀ ਦੇ ਗੁਰਦੁਆਰਾ ਦਸਮੇਸ਼ ਦਰਬਾਰ ਕੋਲਨ ਦੀਆਂ ਸੰਗਤਾਂ ਅਤੇ ਪ੍ਰਬੰਧਕ ਕਮੇਟੀਆਂ ਪਹੁੰਚੀਆਂ ਹੋਈਆਂ ਸਨ।

ਐਮਸਟਰਡਮ ਤੋਂ ਭਾਈ ਜਸਵਿੰਦਰ ਸਿੰਘ, ਭਾਈ ਬਲਜੀਤ ਸਿੰਘ, ਜਥੇਦਾਰ ਕਰਮ ਸਿੰਘ, ਭਾਈ ਬੌਬੀ ਸਿੰਘ, ਭਾਈ ਰਾਮ ਸਿੰਘ, ਭਾਈ ਗੁਰਦੇਵ ਸਿੰਘ, ਭਾਈ ਅਮਰਜੀਤ ਸਿੰਘ, ਅਲਮੇਅਰ ਤੋਂ ਭਾਈ ਹਰਜਿੰਦਰ ਸਿੰਘ ਔਜਲਾ, ਭਾਈ ਸੋਹਨ ਸਿੰਘ, ਭਾਈ ਬੰਟੀ ਸਿੰਘ, ਡੈਨਹਾਗ ਤੋਂ ਭਾਈ ਹਰਜੀਤ ਸਿੰਘ, ਭਾਈ ਬਿੰਦਰ ਸਿੰਘ, ਭਾਈ ਦਲਜੀਤ ਸਿੰਘ ਮਲਾਹਰ, ਭਾਈ ਮੇਜਰ ਸਿੰਘ ਭਾਈ ਹਰਜਿੰਦਰ ਸਿੰਘ, ਭਈ ਭਜਨ ਸਿੰਘ, ਭਾਈ ਚਰਨ ਸਿੰਘ, ਭਾਈ ਸੁਖਵੀਰ ਸਿੰਘ ਸਿੱਧੂ, ਭਾਈ ਗੁਰਲਾਲ ਸਿੰਘ, ਭਾਈ ਹਰਜੋਤ ਸਿੰਘ ਸੰਧੂ, ਜਰਮਨੀ ਤੋਂ ਜਥੇਦਾਰ ਹਰਦਵਿੰਦਰ ਸਿੰਘ ਬੱਬਰ, ਭਾਈ ਗੁਰਪਾਲ ਸਿੰਘ ਪਾਲਾ ਖਾਸ ਤੌਰ 'ਤੇ ਪਹੁੰਚੇ ਹੋਏ ਸਨ। ਸਾਰੇ ਸਿੰਘਾਂ ਨੇ ਪੰਜਾਬੀਆਂ ਨੂੰ ਪਾਣੀਆਂ ਦੇ ਮਸਲੇ ਲਈ ਲਾਮਬੰਦ ਹੋਣ ਦੀ ਅਪੀਲ ਕੀਤੀ।

# ਅਕਾਲੀ ਆਗੂ ਦੀ ਦੀਪ ਟਰਾਂਸਪੋਰਟ ਦੀ ਬੱਸ ਦੇ ਕੰਡਕਟਰ ਨੇ ਔਰਤ ਦੇ ਮਾਰਿਆ ਥੱਪੜ

**ਫ਼ਰੀਦਕੋਟ/ਬਿਊਰੋ ਨਿਊਜ਼ :** ਇੱਥੇ ਬਠਿੰਡੇ ਤੋਂ ਫਰੀਦਕੋਟ ਆ ਰਹੀ ਨਿਊ ਦੀਪ ਟਰਾਂਸਪੋਰਟ ਕੰਪਨੀ ਦੇ ਇੱਕ ਕੰਡਕਟਰ ਨੇ ਕਥਿਤ ਤੌਰ 'ਤੇ ਇੱਕ ਔਰਤ ਦੇ ਥੱਪੜ ਮਾਰ ਦਿੱਤਾ। ਇਹ ਘਟਨਾ ਜੁਬਲੀ ਸਿਨੇਮੇ ਨੇੜੇ ਵਾਪਰੀ। ਇਸ ਤੋਂ ਬਾਅਦ ਗੁੱਸੇ ਵਿਚ ਆਏ ਲੋਕਾਂ ਨੇ ਦੀਪ ਟਰਾਂਸਪੋਰਟ ਕੰਪਨੀ ਬੱਸ ਘੇਰ ਲਈ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਸਿਟੀ ਪੁਲੀਸ ਫਰੀਦਕੋਟ ਨੇ ਵਿਵਾਦ ਪੈਦਾ ਹੋਣ ਤੋਂ ਬਾਅਦ ਨਿਊ ਦੀਪ ਟਰਾਂਸਪੋਰਟ ਕੰਪਨੀ ਦੀ ਬੱਸ ਜ਼ਬਤ ਕਰ ਲਈ ਅਤੇ ਕੰਡਕਟਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਡੀ.ਐੱਸ.ਪੀ. ਮਨਜੀਤ ਕੌਰ ਨੇ ਕਿਹਾ ਕਿ ਪੀੜਤ ਔਰਤ ਦੀ ਸ਼ਿਕਾਇਤ ਦੇ ਆਧਾਰ 'ਤੇ ਦੋਸ਼ੀਆਂ ਖ਼ਿਲਾਫ਼ ਫੌਜਦਾਰੀ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਛਿੰਦਰਪਾਲ ਕੌਰ ਆਪਣੇ ਲੜਕੇ ਤੇ ਪਤੀ ਸਮੇਤ ਤਰਨ ਤਾਰਨ ਆਪਣੇ ਪਿਤਾ ਦੇ ਅੰਤਿਮ ਸੰਸਕਾਰ ਲਈ ਜਾ ਰਹੀ ਸੀ। ਉਸ ਨੇ ਨਹਿਰਾਂ ਨੇੜੇ ਬਾਈਪਾਸ 'ਤੇ ਉੱਤਰਨ



ਵਾਸਤੇ ਕੰਡਕਟਰ ਨੂੰ ਬੱਸ ਰੋਕਣ ਲਈ ਕਿਹਾ ਪਰ ਕੰਡਕਟਰ ਨੇ ਬੱਸ ਨਹੀਂ ਰੋਕੀ। ਜਦੋਂ ਔਰਤ ਤੇ ਉਸ ਦੇ ਪੁੱਤ ਨੇ ਇਸ ਗੱਲ ਦਾ ਬੱਸ ਮੁਲਾਜ਼ਮਾਂ ਕੋਲ ਗਿਲਾ ਕੀਤਾ ਤਾਂ ਬੱਸ ਮੁਲਾਜ਼ਮਾਂ ਨੇ ਕਥਿਤ ਤੌਰ 'ਤੇ ਉਨ੍ਹਾਂ ਦੋਵਾਂ ਨਾਲ ਦੁਰਵਿਹਾਰ ਕੀਤਾ। ਪੀੜਤ ਔਰਤ ਦੇ ਲੜਕੇ ਗੁਰਦੀਪ ਸਿੰਘ ਦਾ ਕਹਿਣਾ ਹੈ ਕਿ ਪਹਿਲਾਂ ਬੱਸ ਅਮਲੇ ਨੇ ਉਸ ਦੇ ਥੱਪੜ ਮਾਰਿਆ। ਜਦੋਂ ਉਸ ਦੀ ਮਾਂ ਬਚਾਅ ਲਈ ਅੱਗੇ ਆਈ ਤਾਂ ਉਨ੍ਹਾਂ ਉਸ ਦੀ ਮਾਂ ਦੇ ਵੀ ਥੱਪੜ ਮਾਰ ਦਿੱਤਾ। ਡਾ. ਜੀਵਨ ਜੋਤ ਕੌਰ, ਕਰਨ ਸਿੰਘ, ਅਮਨ ਵੜਿੰਗ, ਵੀਨਾ ਸ਼ਰਮਾ ਤੇ ਸਵਰਨ ਸਿੰਘ ਨੇ ਕਿਹਾ ਕਿ ਦੀਪ ਟਰਾਂਸਪੋਰਟ ਕੰਪਨੀ ਹਾਕਮ ਧਿਰ ਨਾਲ ਸਬੰਧਤ ਹੈ। ਦੀਪ ਟਰਾਂਸਪੋਰਟ ਕੰਪਨੀ ਦੇ ਅੱਡਾ ਇੰਚਾਰਜ ਸੱਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਮੁਲਾਜ਼ਮਾਂ ਨੇ ਕਿਸੇ ਸਵਾਰੀ ਨਾਲ ਦੁਰਵਿਹਾਰ ਨਹੀਂ ਕੀਤਾ, ਸਵਾਰੀ ਅੱਡੇ ਤੋਂ ਪਹਿਲਾਂ ਉਤਰਨਾ ਚਾਹੁੰਦੀ ਸੀ। ਇਸ ਕਾਰਨ ਥੋੜ੍ਹੀ ਜਿਹੀ ਬਹਿਸ ਹੋਈ ਸੀ।

# Sir Speedy Tustin® *Printers to the Community*




**Outdoor 3'x11' Promo Flag**

**Only $29/-**

Pole & Spike $55/-

GURU NANAK SIKH TEMPLE
FAIRFIELD
*Visit Our Website:*
www.FairfieldGurudwara.com

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**

**Receipt Books**

Customized with your information and design. 2 part carbonless with numbering and perforation.

**Call for Price**

Love
Cartier

**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**

7 ELEVEN
OPEN 24 HOURS
OPEN HOUSE! Welcome
Century 21 Call Toll Free: 855 360-HOME

**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Your Printed T-Shirts**

**Only $4.99**

YOUR LOGO HERE

1 color in 1 position. Min Qty. 100

**Your Printed Caps**

**Only $4.99**

DAILY TRIP ENVELOPE

**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

Thank You

*South Asian Wedding Cards*

CALL NOW

# ਗੁਜਰਾਤ ਫਾਈਲਜ਼

## ਪਰਦਾਪੋਸ਼ੀ ਦੀ ਚੀਰਫਾੜ

ਅਨੁਵਾਦ : ਬੂਟਾ ਸਿੰਘ



## ਅਮਿਤ ਸ਼ਾਹ, ਜੋ ਹੁਣ ਜੇਲ੍ਹ ਵਿਚ ਹੈ, ਉਹ ਵੀ ਆਰ ਐੱਸ ਐੱਸ ਦੇ ਬਹੁਤ ਨੇੜੇ ਸੀ-ਪਾਂਡੇ

**ਰਾਣਾ ਅਯੂਬ**

ਪੁਲਿਸ ਵਿਚਲੇ ਬਹੁਤ ਸਾਰੇ ਲੋਕ ਉਸ ਨੂੰ ਸ਼ੁਤਰਮੁਰਗ ਕਹਿੰਦੇ ਸਨ ਜਦਕਿ ਕੁਝ ਦੇ ਮੁਤਾਬਿਕ ਉਹ ਬਹੁਤ ਹੀ ਜਾਂਬਾਜ, ਸਲੀਕੇਦਾਰ ਅਫ਼ਸਰ ਸੀ ਜੋ ਸਪਸ਼ਟ ਅਤੇ ਮਿੱਠਬੋਲੜਾ ਸੀ। ਇਕ ਐਸਾ ਬੰਦਾ ਜਿਸ ਉਪਰ ਮੁੱਖ ਮੰਤਰੀ ਨੂੰ ਸਭ ਤੋਂ ਵੱਧ ਯਕੀਨ



ਸੀ ਅਤੇ ਮੋਦੀ ਅਤੇ ਸ਼ਾਹ ਸੂਬੇ ਦੇ ਸਾਰੇ ਅਹਿਮ ਮਾਮਲਿਆਂ ਵਿਚ ਉਸ 'ਤੇ ਭਰੋਸਾ ਕਰਦੇ ਸਨ। ਉਹ ਐਸਾ ਬੰਦਾ ਸੀ ਜਿਸ ਨੂੰ ਜ਼ਿੰਦਗੀ ਦੀਆਂ ਨਿਆਮਤਾਂ-ਬਦੇਸ਼ਾਂ ਵਿਚ ਛੁੱਟੀਆਂ ਮਨਾਉਣ, ਆਪਣੇ ਬਾਰੇ ਪੁਰਜੋਸ਼ ਰੀਵਿਊ ਲਿਖਵਾਉਣ ਅਤੇ ਸ਼ਾਮ ਨੂੰ ਕਲੱਬ ਜਾਂ ਜਿਮਖ਼ਾਨੇ ਵਿਚ ਦੋਸਤਾਂ ਨਾਲ ਜਾਮ ਟਕਰਾਉਣ ਨਾਲ ਮੋਹ ਸੀ।

ਦ ਟੈਲੀਗ੍ਰਾਫ਼ ਨੇ ਆਪਣੇ 2 ਮਾਰਚ 2002 ਦੇ ਅੰਕ ਵਿਚ ਉਸ ਦੀ ਹੇਠ ਦਿੱਤੀ ਤਸਵੀਰ ਪੇਸ਼ ਕੀਤੀ ਸੀ।

ਅਹਿਮਦਾਬਾਦ ਦਾ ਸਾਬਕਾ ਪੁਲਿਸ ਕਮਿਸ਼ਨਰ ਸ੍ਰੀ ਪੀ ਸੀ ਪਾਂਡੇ (ਜਦੋਂ ਕਤਲੇਆਮ ਹੋਇਆ ਉਹ ਪੁਲਿਸ ਕਮਿਸ਼ਨਰ ਸੀ) ਪੁਲਿਸ ਕਮਿਸ਼ਨਰ ਪੀ ਸੀ ਤੋਂ ਬਿਹਤਰ ਪੁਲਿਸ ਦੀ ਭੂਮਿਕਾ ਦੀ ਹੋਰ ਕੋਈ ਮਿਸਾਲ ਨਹੀਂ। ਪਾਂਡੇ ਦਾ ਇਹ ਬਿਆਨ ਕਿ, 'ਪੁਲਿਸ ਆਮ ਸਮਾਜੀ ਮਾਹੌਲ ਤੋਂ ਅਟੰਕ ਨਹੀਂ.... (ਜਦੋਂ) ਸਮਾਜ ਦੀ ਸੋਝੀ ਵਿਚ ਬਦਲਾਓ ਆਉਂਦਾ ਹੈ, ਪੁਲਿਸ ਵੀ ਇਸਦਾ ਹਿੱਸਾ ਹੁੰਦੀ ਹੈ ਅਤੇ ਇਸਦਾ ਇਕ ਛੂਤ ਵਾਲਾ ਪ੍ਰਭਾਵ ਵੀ ਹੁੰਦਾ ਹੈ।

ਮੈਂ ਮਾਈਕ ਤੋਂ ਪਾਂਡੇ ਨੂੰ ਫ਼ੋਨ ਕਰਵਾਇਆ ਸੀ ਅਤੇ ਫਿਰ ਉਸ ਨੂੰ ਫ਼ੋਨ ਕਰਕੇ ਉਸਦੇ ਰੁਝੇਵਿਆਂ ਦਾ ਪਤਾ ਕਰਦੀ ਰਹੀ ਸੀ। ਮੇਰੇ ਸੁਨਣ 'ਚ ਆ ਰਿਹਾ ਸੀ ਕਿ ਉਹ ਸਾਡੇ ਤੋਂ ਪ੍ਰਭਾਵਿਤ ਸੀ। ਜਦੋਂ ਅਸੀਂ ਅਹਿਮਦਾਬਾਦ ਉਸਦੇ ਬੰਗਲੇ ਵਿਚ ਦਾਖ਼ਲ ਹੋਏ ਉਹ ਬਗ਼ੀਚੇ ਵਿਚ ਆਪਣੀ ਪਹੀਆ ਕੁਰਸੀ ਨਾਲ ਜੁੜੀ ਮਾਂ ਨੂੰ ਘੁੰਮਾ ਰਿਹਾ ਸੀ। 'ਨਮਸਤੇ' ਮੈਂ ਉਸਨੂੰ ਤੇ ਉਸਦੀ ਮਾਤਾ ਨੂੰ ਪ੍ਰਣਾਮ ਕੀਤੀ। ਮਾਈਕ ਦਾ ਤੁਆਰਫ਼ ਸਹਾਇਕ ਦੇ ਤੌਰ 'ਤੇ ਕਰਵਾਇਆ ਗਿਆ ਅਤੇ ਫਿਰ ਸਾਨੂੰ ਅੰਦਰ ਲਿਜਾਇਆ ਗਿਆ। ਉਸਦੀ ਪਤਨੀ ਜਿਸ ਬਾਰੇ ਸਾਨੂੰ ਦਸਿਆ ਗਿਆ ਕਿ ਉਸਦਾ ਕੈਂਸਰ ਦਾ ਇਲਾਜ ਚੱਲ ਰਿਹਾ ਸੀ, ਖੁਚੱਲ ਕੇ ਬੈਠਕ ਵਿਚ ਸਾਨੂੰ ਮਿਲਣ ਆਈ। ਉੱਥੇ ਅਖ਼ਬਾਰਾਂ ਅਤੇ ਰਸਾਲਿਆਂ ਦੇ ਅੰਬਾਰ ਲੱਗੇ ਹੋਏ ਸਨ ਕੌਫ਼ੀ ਮੇਜ਼ ਉਪਰ ਇੰਡੀਆ ਟੁਡੇ ਦੀ ਇਕ ਕਾਪੀ ਅਤੇ ਗੁਜਰਾਤੀ ਅਖ਼ਬਾਰਾਂ ਪਈਆਂ ਸਨ।

ਉਸ ਨੇ ਮੇਰੇ ਤੋਂ ਜੋ ਪਹਿਲੀ ਚੀਜ਼ ਪੁੱਛੀ ਉਹ ਸੀ ਮੇਰੇ ਨਾਂ ਤਿਆਗੀ ਬਾਰੇ। ਮੈਂ ਉਸਨੂੰ ਆਪਣੇ ਆਰ ਐਸ ਐਸ ਨਾਲ ਸਬੰਧਤ ਪਿਛੋਕੜ, ਸੰਸਕ੍ਰਿਤ ਦੇ ਇਕ ਉਸਤਾਦ ਆਪਣੇ ਪਿਤਾ ਅਤੇ ਆਪਣੇ ਅਮਰੀਕਨ ਕਾਬਲੀਅਤ ਪ੍ਰਮਾਣਾਂ ਬਾਰੇ ਦਸਿਆ। ਇਹ ਕਿ ਮੈਂ ਇਕ ਕਾਇਸਥ ਸੀ। ਜਿਸਦਾ ਪਰਿਵਾਰ ਮੁੰਬਈ ਅਤੇ ਕਾਨਪੁਰ ਵਿਚ ਸੀ ਅਤੇ ਕਿ ਮੈਂ ਧਰਮ ਤੋਂ ਦੂਰ ਹੋ ਚੁੱਕੀ ਸੀ। ਪਰ ਮੈਂ ਉਸ ਨੂੰ ਯਕੀਨ ਦਿਵਾਇਆ ਕਿ ਮੁਲਕ ਵਿਚ ਮੁਸਲਮਾਨਾਂ ਨੂੰ ਖੁਸ਼ ਕਰਨ ਦਾ ਜੋ ਮਾਹੌਲ ਸੀ ਉਹ ਮੈਨੂੰ ਮੁੜ ਆਪਣੇ ਧਰਮ ਦੇ ਨੇੜੇ ਲਿਆ ਰਿਹਾ ਸੀ।

ਇਸ ਦਾ ਮਨਚਾਹਿਆ ਪ੍ਰਭਾਵ ਪਿਆ, ਪਰ ਪਾਂਡੇ ਇਕ ਘਾਗ ਬੰਦਾ ਸੀ। ਉਹ ਇਹ ਜਾਨਣ ਲਈ ਉਤਸੁਕ ਸੀ ਕਿ ਕੀ ਉਸ ਨੂੰ ਮਿਲਣ ਲਈ ਆਉਣ ਤੋਂ ਪਹਿਲਾਂ ਕਿਸੇ ਨੇ ਸਾਨੂੰ ਮੀਡੀਆ ਵਿਚ ਉਸਦੀ ਕਥਿਤ ਸੱਭੂਮਿਕਾ ਬਾਰੇ ਕੁਝ ਦਸਿਆ ਤਾਂ ਨਹੀਂ ਸੀ। ਉਹ ਆਪਣੇ ਪੱਤੇ ਚਲਾਕੀ ਨਾਲ ਖੇਡ ਰਿਹਾ ਸੀ। ਉਸ ਦਿਨ ਮੈਂ ਆਪਣਾ ਸਾਜ਼ੋਸਮਾਨ ਨਾਲ ਲੈ ਕੇ ਨਹੀਂ ਗਈ ਸੀ। ਮੈਂ ਉਸ ਨੂੰ ਬਹੁਤ ਹੀ ਖੁਸ਼ ਹੋ ਕੇ ਦਸਿਆ ਕਿ ਮੈਂ ਫਿਲਮਸਾਜ਼ ਨਰੇਸ਼ ਕਨੌੜੀਆ ਤੋਂ ਉਸ ਦੀ ਤਾਰੀਫ਼ ਹੀ ਸੁਣੀ ਸੀ ਜੋ ਗੁਜਰਾਤ ਵਿਚ ਸਾਡੇ ਕੋਲ ਹਵਾਲਾ ਦੇਣ ਲਈ ਇਕੋਇਕ ਨੁਕਤਾ ਸੀ।

'ਹਾਂ ਹੁਣ ਮੈਂ ਸਮਝਿਆ, ਉਹ ਖੁਸ਼ ਹੋ ਕੇ ਬੋਲਿਆ, ਨਹੀਂ ਤਾਂ ਤੁਹਾਡਾ ਵਾਹ ਅਲ ਜਜ਼ੀਰਾ ਕਿਸਮ ਦੇ ਤੁਅੱਸਬੀ ਦਿਮਾਗਾਂ ਅਤੇ ਇਸ ਮੁਲਕ ਦੇ ਪੀਲੇ ਪੱਤਰਕਾਰਾਂ ਨਾਲ ਹੀ ਪੈਣਾ ਸੀ।

ਮੈਂ ਉਸਨੂੰ ਦਸਿਆ ਕਿ ਮੈਂ ਸੂਰਤ ਦੇ ਹੀਰੇ ਦੇ ਵਪਾਰੀਆਂ ਨੂੰ ਮਿਲਣਾ ਚਾਹੁੰਦੀ ਸੀ ਜੋ ਕੁਲ ਆਲਮ ਵਿਚ ਮਸ਼ਹੂਰ ਸਨ। ਮੈਂ ਪੂਰੀ ਤਿਆਰੀ ਕੀਤੀ ਹੋਈ ਸੀ। ਪਾਂਡੇ ਦਾ ਪੁੱਤਰ ਸੂਰਤ ਚਿ ਹੀਰੇ ਦਾ ਕਾਰੋਬਾਰ ਕਰਦਾ ਸੀ ਅਤੇ ਉਸਨੇ ਪੂਰੇ ਉਤਸ਼ਾਹ ਨਾਲ ਮੈਨੂੰ ਉਸਦੇ ਸੰਪਰਕਾਂ ਦਾ ਵੇਰਵਾ ਦੇ ਦਿੱਤਾ। ਮੈਂ ਪਾਂਡੇ ਨੂੰ ਕਿਸੇ ਐਸੇ ਬੰਦੇ ਨੂੰ ਮਿਲਣ ਵਿਚ ਮਦਦ ਕਰਨ ਲਈ ਵੀ ਕਿਹਾ ਜੋ ਫਿਲਮ ਡਿਵੀਜਨ ਜਾਂ ਵਾਈਬਰੈਂਟ ਗੁਜਰਾਤ ਬਾਰੇ ਪ੍ਰਚਾਰ ਸ਼ਾਖਾ ਦਾ ਕਰਤਾ ਧਰਤਾ ਹੋਵੇ। ਸਰ ਮੈਨੂੰ ਕੱਛ ਬਾਰੇ ਜਾਣਕਾਰੀ ਦੀ ਜ਼ਰੂਰਤ ਹੈ, ਕੱਕੀ ਰੇਤ, ਨਵੇਂ ਬਣੇ ਹਾਈਵੇਅ ਅਤੇ ਅਤਿ ਆਧੁਨਿਕ ਤਕਨਾਲੋਜੀ ਜੋ ਗੁਜਰਾਤ ਨੂੰ ਹਿੰਦੁਸਤਾਨ ਦੇ ਐਸੇ ਸੂਬਿਆਂ ਵਿਚੋਂ ਸਿਰਕੱਢ ਬਣਾਉਂਦੇ ਹਨ ਜਿਸ ਦੀਆਂ ਗੂੰਜਾਂ ਚਾਰੇ ਚੁਫੇਰੇ ਹਨ। ਥੋੜ੍ਹੀ ਜਾਣਕਾਰੀ ਇਸਦੀ ਸੰਸਕ੍ਰਿਤੀ ਬਾਰੇ ਵੀ।

ਹਿੰਸਾ ਦੌਰਾਨ ਆਪਣੀ ਵਿਵਾਦਪੂਰਨ ਭੂਮਿਕਾ ਬਾਰੇ ਪਾਂਡੇ ਦੀ ਭੜਕਾਹਟ ਦੇ ਬਾਵਜੂਦ ਮੈਂ ਇਸ ਤਰ੍ਹਾਂ ਦਿਖਾਵਾ ਕੀਤਾ ਜਿਵੇਂ ਮੇਰੀ ਇਸ ਵਿਚ ਕੋਈ ਰੁਚੀ ਹੀ ਨਾ ਹੋਵੇ। ਮੈਨੂੰ ਥਿਰੂਪੁਗਜ਼ਾ, ਨਾਂ ਦੇ ਇਕ ਦੱਖਣੀ ਹਿੰਦੁਸਤਾਨੀ ਨੌਕਰਸ਼ਾਹ ਭੱਦਰਪੁਰਸ਼ ਦਾ ਸੰਪਰਕ ਨੰਬਰ ਦਿਤਾ ਗਿਆ ਜੋ ਮੈਨੂੰ ਗੁਜਰਾਤ ਬਾਰੇ, ਖ਼ਾਸ ਕਰਕੇ ਵਈਬਰੈਂਟ ਗੁਜਰਾਤ ਬਾਰੇ ਸਾਰੀ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾ ਦੇਵੇਗਾ।




ਭਾਗ ਸੱਤਵਾਂ

ਅਤੇ ਮੈਥਿਲੀ ਤੁਹਾਨੂੰ ਸੁਹੇਲ ਸੇਠ ਨਾਂ ਦੇ ਇਕ ਬਹੁਤ ਹੀ ਸਨਮਾਨਯੋਗ ਬੁੱਧੀਜੀਵੀ ਦਾ ਅਖ਼ਬਾਰੀ ਕਾਲਮ ਵੀ ਲਾਜ਼ਮੀ ਪੜ੍ਹਨਾ ਚਾਹੀਦਾ ਹੈ। ਉਸ ਨੇ ਪੂਰੀ ਤਿਆਰੀ ਕੀਤੀ ਹੋਈ ਸੀ। ਉਸ ਨੇ ਮੋਦੀ ਦਾ ਗੁਣਗਾਣ ਕਰਦੇ ਸਾਰੇ ਲੇਖਾਂ ਦੇ ਪ੍ਰਿੰਟ ਆਊਟ ਤਿਆਰੀ ਕੀਤੀ ਹੋਈ ਸੀ। ਉਸਨੇ ਮੋਦੀ ਦਾ ਗੁਣਗਾਣ ਕਰਦੇ ਸਾਰੇ ਲੇਖਾਂ ਦੇ ਪ੍ਰਿੰਟ ਆਊਟ ਤਿਆਰ ਕਰਕੇ ਰੱਖੇ ਹੋਏ ਸਨ ਅਤੇ ਇੰਡੀਆ ਟੂਡੇ ਦੇ ਉਸ ਅੰਕ ਦੀ ਇਕ ਕਾਪੀ ਵੀ ਜਿਸ ਵਿਚ ਦਿਓਬੰਦ ਦੇ ਮੌਲਾਨਾ ਵਾਸਤਨਵੀ ਦਾ ਬਿਆਨ ਛਪਿਆ ਹੋਇਆ ਸੀ ਜਿਸ ਵਿਚ ਮੋਦੀ ਦੇ ਗੁਣ ਗਾਏ ਹੋਏ ਸਨ ਇਕ ਬਿਆਨ ਜਿਸ ਬਾਰੇ ਉਸਨੇ ਬਾਅਦ ਵਿਚ ਕਿਹਾ ਕਿ ਇਸ ਦਾ ਗਲਤ ਹਵਾਲਾ ਦਿੱਤਾ ਗਿਆ ਸੀ। ਪਾਂਡੇ ਕੋਲ ਸੁਹੇਲ ਸੇਠ ਦੇ ਕਾਲਮ ਦੀਆਂ ਘੱਟੋ ਘੱਟ ਬਾਰਾਂ ਕਾਪੀਆਂ ਸਨ, ਜਿਨ੍ਹਾਂ ਵਿਚੋਂ ਇਕ ਉਸਨੇ ਮੈਨੂੰ ਦੇ ਦਿੱਤੀ। ਪਾਂਡੇ ਨੇ ਇਹ ਵੀ ਕਿਹਾ ਅਤੇ ਜੋ ਫਿਲਮ ਅਮਰੀਕਾ ਵਿਚਲੇ ਗੁਜਰਾਤੀਆਂ ਲਈ ਹੈ ਮੈਨੂੰ ਯਕੀਨ ਹੈ ਕਿ ਮੋਦੀ ਜੀ ਤੁਹਾਡੇ ਬਾਰੇ ਸੁਣ ਕੇ ਬਹੁਤ ਖੁਸ਼ ਹੋਣਗੇ। ਮੈਨੂੰ ਦੱਸੋ ਅਤੇ ਮੀਟਿੰਗ ਤੈਅ ਕਰਵਾ ਦਿਆਂਗਾ।

ਮੈਂ ਥੋੜ੍ਹਾ ਉਤਸ਼ਾਹ ਦਿਖਾਇਆ ਅਤੇ ਕਿਹਾ ਕਿ ਪਾਂਡੇ ਜਿਸ ਕਿਸੇ ਨੂੰ ਵੀ ਮੈਨੂੰ ਮਿਲਾਉਣਾ ਚਾਹੇਗਾ ਮੈਂ ਉਸਨੂੰ ਮਿਲਾਂਗੀ ਕਿਉਂਕਿ ਸਾਡੇ ਲਈ ਉਹ ਐਸਾ ਬੰਦਾ ਸੀ ਜਿਸਨੂੰ ਗੁਜਰਾਤ ਬਾਰੇ ਭਰਪੂਰ ਜਾਣਕਾਰੀ ਸੀ ਅਤੇ ਮੈਨੂੰ ਉਸਦੇ ਮਾਰਗ ਦਰਸ਼ਨ ਦੀ ਜ਼ਰੂਰਤ ਰਹੇਗੀ ਕਿ ਮੈਂ ਗੁਜਰਾਤ ਬਾਰੇ ਫਿਲਮ ਕਿਵੇਂ ਬਣਾਵਾਂ। ਇਸਨੂੰ ਲੈ ਕੇ ਪਾਂਡੇ ਖੁਸ਼ ਜਾਪਦਾ ਸੀ।

ਜਦੋਂ ਬਾਅਦ ਵਿਚ ਅਸੀਂ ਕੈਂਟੀਨ ਵਿਚ ਬੈਠੇ ਆਪਣਾ 20 ਰੁਪਏ ਵਾਲਾ ਦੁਪਹਿਰ ਦਾ ਖਾਣਾ ਖਾ ਰਹੇ ਸੀ ਮੈਂ ਮਾਈਕ ਨੂੰ ਦਸਿਆ ਕਿ ਸਾਡਾ ਵਾਹ ਪਿਆਦਿਆਂ ਨਾਲ ਨਹੀਂ ਸਗੋਂ ਹੋਰ ਤਰ੍ਹਾਂ ਦੇ ਲੋਕਾਂ ਨਾਲ ਪੈ ਰਿਹਾ ਸੀ। ਮੈਂ ਆਪਣੀ ਥਾਲੀ ਵਿਚਲਾ ਸੇਕਿਆ ਹੋਇਆ ਪਾਪੜ ਮਾਈਕ ਨੂੰ ਦਿੱਤਾ ਜਿਸਨੇ ਮਜ਼ੇ ਨਾਲ ਖਾ ਲਿਆ। ਮੈਂ ਉਸਨੂੰ ਦਸਿਆ ਕਿ ਤਹਿਲਕਾ ਵਿਚਲੇ ਮੇਰੇ ਇਕ ਸਾਥੀ ਪੱਤਰਕਾਰ ਨੇ ਬੀਤੇ ਵਿਚ ਗੁਜਰਾਤ ਵਿਚ ਇਕ ਸਟਿੰਗ ਓਪਰੇਸ਼ਨ ਕੀਤਾ ਸੀ। ਪਰ ਉਹ ਠੱਗਾਂ ਅਤੇ ਦੰਗਈਆਂ ਦਾ ਸਟਿੰਗ ਸੀ। ਪਰ ਇੱਥੇ ਅਸੀਂ ਹੰਢੇ ਵਰਤੇ ਕੂਟਨੀਤਕਾਂ ਨਾਲ ਨਜਿੱਠ ਰਹੇ ਸੀ, ਇਸ ਲਈ ਬਹੁਤ ਹੀ ਸਵੈ ਵਿਸ਼ਵਾਸੀ ਹੋ ਕੇ ਵਿਚਰਨਾ ਜ਼ਰੂਰੀ ਸੀ ਅਤੇ ਬੰਨ੍ਹੀ ਜਾਂਦੀ ਭੂਮਿਕਾ ਵੀ ਕਾਇਲ ਕਰਨ ਵਾਲੀ ਹੋਣੀ ਜ਼ਰੂਰੀ ਸੀ। ਮਾਈਕ ਨੇ ਸੁਝਾਅ ਦਿੱਤਾ ਕਿ ਸਟਿੰਗ ਮੁਕਾ ਕੇ ਅਸੀਂ ਫਿਲਮ ਦੀ ਪਟਕਥਾ ਲਿਖੀਏ। ਸਾਨੂੰ ਹਾਸਾ ਆ ਗਿਆ।

ਜਦੋਂ ਅਸੀਂ ਪੀ ਸੀ ਪਾਂਡੇ ਨੂੰ ਮਿਲ ਰਹੇ ਸੀ, ਅਸੀਂ ਰੈਗਰ, ਅਸ਼ੋਕ ਨਰਾਇਣ, ਮਾਇਆ ਕੋਡਨਾਨੀ ਨਾਲ ਗੱਲਬਾਤ ਦੇ ਸੈਸ਼ਨ ਜਾਰੀ ਰੱਖੇ, ਉਨ੍ਹਾਂ ਸਾਰਿਆਂ ਨੂੰ ਇਹ ਜਾਣਕਾਰੀ ਦਿੰਦੇ ਰਹੇ ਕਿ ਅਸੀਂ ਹੋਰ ਕਿਨ੍ਹਾਂ ਕਿਨ੍ਹਾਂ ਨੂੰ ਮਿਲੇ ਸੀ। ਇਕ ਦਿਨ ਜਦੋਂ ਮੈਂ ਪੀ. ਸੀ. ਪਾਂਡੇ ਨੂੰ ਉਸ ਦੇ ਬੰਗਲੇ ਉਪਰ ਮਿਲਣ ਜਾ ਰਹੀ ਸੀ ਤਾਂ ਮੇਰਾ ਭੇਤ ਖੁੱਲ੍ਹਦਾ ਖੁੱਲ੍ਹਦਾ ਮਸਾਂ ਬਚਿਆ। ਜਦੋਂ ਮੈਂ ਉਸਦੇ ਘਰ ਦੇ ਐਨ ਲਾਗੇ ਪਹੁੰਚੀ ਤਾਂ ਇਕ ਅਧਿਕਾਰੀ ਦਾ ਅਰਦਲੀ ਤਿੰਨ ਮਕਾਨ ਛੱਡ ਕੇ ਇਕ ਬੰਗਲੇ ਵਿਚੋਂ ਨਿਕਲਦਾ ਮੇਰੇ ਨਜ਼ਰ ਪੈ ਗਿਆ ਜੋ ਮੈਨੂੰ ਰਾਣਾ ਅਯੂਬ ਵਜੋਂ ਜਾਣਦਾ ਸੀ। ਚੰਗੇ ਭਾਗਾਂ ਨੂੰ ਮੈਂ ਆਪਣੇ ਘੁੰਗਰਾਲੇ ਵਾਲ ਸੰਵਾਰ ਕੇ ਬੰਨ੍ਹੇ ਹੋਏ ਸਨ ਜੋ ਇਕਦਮ ਭੇਤ ਖੋਲ੍ਹ ਦਿੰਦੇ ਸਨ ਅਤੇ ਸਿਰ 'ਤੇ ਬੰਨ੍ਹੇ ਰੁਮਾਲ ਨੇ ਮੇਰਾ ਅੱਧਾ ਕੁ ਚਿਹਰਾ ਢੱਕਿਆ ਹੋਇਆ ਸੀ। ਪਾਂਡੇ ਮੇਰਾ ਸਵਾਗਤ ਕਰਨ ਲਈ ਬਾਹਰਲੇ ਦਰਵਾਜ਼ੇ 'ਤੇ ਆਇਆ ਹੋਇਆ ਸੀ। ਮੇਰੇ ਵਾਲਾਂ 'ਚੋਂ ਮਸੀਨੇ ਦੀਆਂ ਬੂੰਦਾਂ ਚੋਅ ਕੇ ਗੱਲ੍ਹਾਂ ਤੱਕ ਆ ਗਈਆਂ। ਮੇਰੀ ਦੇਹ ਠੰਢੀ ਪੈ ਗਈ ਸੀ। ਪਾਂਡੇ ਨੇ ਤਾੜ ਲਿਆ ਕਿ ਮੈਂ ਪਸੀਨੇ ਨਾਲ ਭਿੱਜੀ ਹੋਈ ਸੀ ਅਤੇ ਮੇਰੇ ਚਿਹਰੇ ਦਾ ਰੰਗ ਉਡਿਆ ਹੋਇਆ ਸੀ। 'ਤੁਹਾਡੀ ਤਬੀਅਤ ਠੀਕ ਏ ਮੈਥਿਲੀ' ਉਸਨੇ ਮੈਨੂੰ ਬੰਗਲੇ ਵਿਚ ਲੈ ਕੇ ਜਾਂਦਿਆਂ ਪੁੱਛਿਆ। ਹਾਂ ਜੀ, ਸਰ, ਮੈਂ ਇਸ ਸੱਚ 'ਤੇ ਕਾਬੂ ਪਾਉਣ ਦਾ ਯਤਨ ਕਰਦਿਆਂ ਕਿ ਬਿੰਦ ਕੁ ਪਹਿਲਾਂ ਮੇਰਾ ਭੇਤ ਖੁੱਲ੍ਹਦੇ ਖੁੱਲ੍ਹਦੇ ਬਚਿਆ ਸੀ ਉਸਦੀ ਗੱਲ ਦਾ ਹੁੰਗਾਰਾ ਭਰਿਆ। ਮੈਂ ਹੌਲੀ ਜਿਹੀ ਬੋਲੀ ਕਿ ਮੌਸਮ ਦੇ ਬਦਲਾਓ ਨਾਲ ਮੈਨੂੰ ਬੁਖ਼ਾਰ ਹੋ ਗਿਆ ਹੋਵੇਗਾ।

ਉਸ ਨੇ ਫਟਾਫਟ ਮੈਨੂੰ ਬਿਠਾਇਆ, ਆਪਣੇ ਨੌਕਰ ਨੂੰ ਮੇਰੇ ਲਈ ਕੌਫ਼ੀ ਦਾ ਕੱਪ ਲਿਆਉਣ ਲਈ ਕਿਹਾ ਅਤੇ ਆਪ ਆਪਣੇ ਕਮਰੇ ਵਿਚੋਂ ਮੈਡੀਕਲ ਕਿਟ ਲੈਣ ਚਲਾ ਗਿਆ। ਉਸਨੇ ਥਰਮਾਮੀਟਰ ਕੱਢਿਆ ਅਤੇ ਮੈਨੂੰ ਆਪਣੀ ਜੀਭ ਹੇਠ ਰੱਖਣ ਲਈ ਕਿਹਾ। ਮੈਂ ਬੌਂਦਲੀ ਹੋਈ ਸੀ। ਉਸਨੇ ਮੈਨੂੰ ਡਾਕਟਰ ਕੋਲ ਜਾਣ ਲਈ ਕਿਹਾ। ਮੈਂ ਇਹ ਕਹਿ ਕੇ ਟਾਲ ਦਿੱਤਾ ਕਿ ਇਹ ਮਾਮੂਲੀ ਗੱਲ ਹੈ। ਥਰਮਾਮੀਟਰ 99 ਤਾਪਮਾਨ ਦਿਖਾ ਰਿਹਾ ਸੀ। ਕੌਫ਼ੀ ਤੋਂ ਬਾਅਦ ਉਸਨੇ ਮੈਨੂੰ ਬਿਸਕੁਟ ਅਤੇ ਪੈਰਾਸਿਟਾਮੋਲ ਲੈਣ ਲਈ ਜ਼ੋਰ ਪਾਇਆ। ਹੁਣ ਮੈਂ ਬਿਹਤਰ ਮਹਿਸੂਸ ਕਰ ਰਹੀ ਸੀ। ਮੈਂ ਮੁਸਕਰਾਈ ਅਤੇ ਸ਼੍ਰੀਮਤੀ ਪਾਂਡੇ ਦਾ ਹਾਲਚਾਲ ਪੁੱਛਿਆ ਜੋ ਚੰਦ ਮਿੰਟ ਮਗਰੋਂ ਹੀ ਉੱਥੇ ਆ ਗਈ। ਉਹ ਆਪਣੇ ਰਿਸ਼ਤੇਦਾਰਾਂ ਜਾਂ ਐਸੇ ਕਿਸੇ ਬੰਦੇ ਨਾਲ ਨੇਪਾਲ ਜਾਣ ਦੀ ਵਿਉਂਤ ਬਣਾ ਰਿਹਾ ਸੀ, ਉਸਦੀ ਆਪਣੇ ਭਾਈ ਨਾਲ ਫ਼ੋਨ ਉਪਰ ਗੱਲਬਾਤ ਤੋਂ ਇਹ ਝਲਕਦਾ ਸੀ। ਮੈਂ ਆਪਣੇ ਮਨ ਵਿਚ ਹਿਸਾਬ ਲਗਾਇਆ ਕਿ ਇਸਦਾ ਭਾਵ ਹੈ ਕਿ ਮੇਰੇ ਕੋਲ ਆਪਣਾ ਕੰਮ ਮੁਕਾਉਣ ਲਈ ਵਕਤ ਥੋੜ੍ਹਾ ਸੀ। ਉਹ ਸਾਲ ਦੇ ਅਖ਼ੀਰ ਦੀਆਂ ਆਪਣੀਆਂ ਛੁੱਟੀਆਂ ਗੁਜ਼ਰਾਨ ਲਈ ਕਠਮੰਡੂ ਜਾਣ ਦੀ ਵਿਉਂਤ ਬਣਾ ਰਿਹਾ ਸੀ ਅਤੇ ਉਸਨੇ ਮੈਨੂੰ ਨਵੇਂ ਵਰ੍ਹੇ ਦੇ ਮੌਕੇ ਮੁਲਕ ਦੀ ਕਿਸੇ ਸੈਰਸਪਾਟੇ ਵਾਲੀ ਥਾਂ 'ਤੇ ਜਾਣ ਦਾ ਮਸ਼ਵਰਾ ਦਿੱਤਾ। ਮੈਂ ਸਿਰ ਹਿਲਾ ਕੇ ਹਾਮੀ ਭਰੀ।

ਗੁਜਰਾਤ ਅੰਦਰ ਹਿੰਦੂ ਮੁਸਲਿਮ ਪਾਲਾਬੰਦੀ ਬਾਰੇ ਚਰਚਾ ਕਰਦਿਆਂ ਸਾਡੀ ਇੱਕ ਗੱਲਬਾਤ ਦੌਰਾਨ ਪਾਂਡੇ ਨੇ ਮੈਨੂੰ ਦਸਿਆ ਕਿ ਉਸਦੇ ਘਰ ਉਸਦੇ ਜਿਸ ਵਕੀਲ ਅਤੇ ਮਿੱਤਰ ਦਾ ਅਕਸਰ ਆਉਣ ਜਾਣ ਸੀ ਉਹ ਮੁਸਲਿਮ ਸੀ। ਉਸ ਦਿਨ ਤੋਂ ਲੈ ਕੇ ਮੈਂ ਜਦੋਂ ਵੀ ਪਾਂਡੇ ਦੇ ਘਰ ਬੈਠੀ ਹੁੰਦੀ ਮੇਰੇ ਦਿਲ ਦੀ ਧੜਕਣ ਵਧ ਜਾਂਦੀ ਕਿਉਂਕਿ ਅਹਿਮਦਾਬਾਦ ਦਾ ਇਹ ਵਕੀਲ ਮੇਰਾ ਵਾਕਫ਼ ਸੀ ਜਿਸ ਨੂੰ ਮੈਂ ਵੱਖੋ ਵੱਖਰੇ ਫੌਜਦਾਰੀ ਮਾਮਲਿਆਂ ਬਾਰੇ ਮਿਲ ਚੁੱਕੀ ਸੀ ਜਿਨ੍ਹਾਂ ਦੀ ਉਹ ਪੈਰਵੀਂ ਕਰ ਰਿਹਾ ਸੀ। ਅਗਲੇ ਮਹੀਨਿਆਂ 'ਚੋਂ ਜਦੋਂ ਮੇਰੀ ਨਬਜ਼ ਭੜਥੂ ਪਾਈ ਰੱਖਦੀ ਇਸ ਦੌਰਾਨ ਪੀ ਸੀ ਪਾਂਡੇ ਨਾਲ ਗੱਲਬਾਤ ਦਾ ਸਹਿਜ ਸਿਲਸਿਲਾ ਚੱਲਦਾ ਰਿਹਾ।

ਸਵਾਲ: ਗੁਜਰਾਤ ਆਰ ਐੱਸ ਐੱਸ ਨਾਲ ਕਿੰਨਾ ਕੁ ਜੁੜਿਆ ਹੋਇਆ ਹੈ?

ਜਵਾਬ: ਤੁਸੀਂ ਦੇਖਦੇ ਹੋ ਕਿ ਇਹ ਗੁਜਰਾਤ ਸਰਕਾਰ ਨੂੰ ਚਲਾ ਰਹੀ ਭਾਜਪਾ ਦੀ ਰੀੜ੍ਹ ਦੀ ਹੱਡੀ ਹੈ। ਇਹੀ ਇਕੋਇਕ ਸੰਸਥਾ ਹੈ ਜੋ ਇਸਲਾਮਿਕ ਪਾਰਟੀਆਂ ਨੂੰ ਟੱਕਰ ਦੇ ਸਕਦੀ ਹੈ।

ਸਵਾਲ: ਅਤੇ ਉਹ ਆਰ ਐੱਸ ਐੱਸ ਦੇ ਕਿੰਨਾ ਕੁ ਨੇੜੇ ਹੈ?

ਜਵਾਬ: ਹਾਂ, ਉਹ ਆਰ ਐੱਸ ਐੱਸ ਨਾਲ ਬਹੁਤ ਹੀ ਨੇੜਿਉਂ ਜੁੜਿਆ ਹੋਇਆ ਹੈ। ਇਹ ਉਸ ਲਈ ਬਹੁਤ ਅਹਿਮ ਹੈ। ਉਹ ਇਸਦਾ ਕਾਡਰ ਰਿਹਾ ਹੈ। ਇਥੋਂ ਜੋ ਆਰ ਐੱਸ ਐੱਸ ਦਾ ਮੁਖੀ ਅਮਰੁਤਭਾਈ ਕੜੀਵਾਲਾ ਹੈ ਉਸਦਾ ਉਸ ਉਪਰ ਵਾਹਦਾ ਦਬਦਬਾ ਹੈ।

ਸਵਾਲ: ਚਾਹੇ ਫ਼ਸਾਦ ਹਨ ਜਾਂ ਰਾਜ ਦੇ ਮਾਮਲੇ ਮੈਨੂੰ ਇਥੇ ਤੁਹਾਡੇ ਮੰਤਰੀਆਂ ਬਾਰੇ ਕਾਫ਼ੀ ਸੁਣਨ ਨੂੰ ਮਿਲਿਆ ਹੈ। ਸੁਣਿਐ ਇਥੇ ਹਰੇਨ ਪਾਂਡਿਆ ਆਰ ਐੱਸ ਐੱਸ ਦਾ ਲਾਡਲਾ ਸੀ?

ਜਵਾਬ: ਹਾਂ, ਉਹ ਇਥੇ ਬਹੁਤ ਹਰਮਨ ਪਿਆਰਾ ਆਗੂ ਸੀ। ਗ੍ਰਹਿ ਮੰਤਰੀ ਹਰੇਨ ਪਾਂਡਿਆ ਆਰ ਐੱਸ ਐੱਸ ਦੇ ਬਹੁਤ ਨੇੜੇ ਸੀ। ਇਸੇ ਤਰ੍ਹਾਂ ਇਥੇ ਸਾਡੇ ਅਮਿਤ ਸ਼ਾਹ ਸੀ ਜੋ ਹੁਣ ਜੇਲ੍ਹ ਵਿਚ ਹੈ। ਉਹ ਵੀ ਆਰ ਐੱਸ ਐੱਸ ਦੇ ਬਹੁਤ ਨੇੜੇ ਸੀ। ਇਥੇ ਇਕ ਹੋਰ ਆਗੂ ਗੋਰਧਨ ਜ਼ੜਫੀਆ ਸੀ, ਉਹ ਵੀ ਇਸ ਦੌਰਾਨ ਵੀ ਐੱਚ ਪੀ ਦੇ ਬਹੁਤ ਨੇੜੇ ਸੀ।

ਸਵਾਲ: ਅਤੇ ਇਹ ਸਾਰੇ ਗ੍ਰਹਿ ਮੰਤਰੀ ਸਨ। ਕੀ ਇਨ੍ਹਾਂ ਨੂੰ ਬਣਾਉਣ ਦਾ ਸੁਚੇਤ ਫੈਸਲਾ ਸੀ...?

ਜਵਾਬ: ਬਿਲਕੁਲ, ਗ੍ਰਹਿ ਮੰਤਰਾਲਾ ਪੁਲਿਸ ਅਫ਼ਸਰਾਂ ਨੂੰ ਕੰਟਰੋਲ ਕਰਦਾ ਹੈ ਇਸ ਲਈ ਤੁਹਾਡਾ ਆਪਣਾ ਬੰਦਾ ਇਸ ਅਹੁਦੇ 'ਤੇ ਹੋਵੇ ਤਾਂ ਠੀਕ ਰਹਿੰਦਾ ਹੈ। ਇਸੇ ਕਰਕੇ ਜਦੋਂ ਕੇਸ਼ੂਭਾਈ ਮੁੱਖ ਮੰਤਰੀ ਸੀ, ਹਰੇਨ ਪਾਂਡਿਆ ਗ੍ਰਹਿ ਮੰਤਰੀ ਸਨ।

ਸਵਾਲ: ਕੀ ਮੈਨੂੰ ਗੋਰਧਨ ਜ਼ੜਫੀਆ ਨੂੰ ਮਿਲਣਾ ਚਾਹੀਦਾ ਹੈ, ਤੁਹਾਡਾ ਸੁਝਾਅ ਕੀ ਹੈ?

ਜਵਾਬ: ਨਹੀਂ, ਮੈਂ ਨਹੀਂ ਸੋਚਦਾ ਕਿ ਤੁਹਾਨੂੰ ਉਸ ਨੂੰ ਮਿਲਣਾ ਚਾਹੀਦਾ, ਕਿਉਂਕਿ ਫਿਰ ਤੁਸੀਂ ਆਪਣੇ ਕੰਮ ਤੋਂ ਭਟਕ ਜਾਵੋਗੇ...ਮੇਰਾ ਮਤਲਬ ਹੈ ਇਹ ਤੁਹਾਡੀ ਫਿਲਮ ਦਾ ਹਿੱਸਾ ਨਹੀਂ ਹੈ।

ਸਵਾਲ: ਅੱਛਾ, ਇਹ ਦੱਸੋ ਜੇ ਮੈਂ ਦਿਲੀ ਵਿਚ ਹੋਵਾਂ, ਤੁਹਾਡਾ ਕੀ ਸੁਝਾਅ ਹੈ ਮੈਨੂੰ ਅਮਿਤ ਸ਼ਾਹ ਨੂੰ ਮਿਲਣਾ ਚਾਹੀਦਾ ਹੈ?

ਜਵਾਬ: ਤੁਹਾਨੂੰ ਜ਼ਰੂਰ ਮਿਲਣਾ ਚਾਹੀਦਾ ਹੈ, ਉਹ ਸਿਧਾਂਤਕਾਰ ਹੈ।

ਸਵਾਲ: ਤੁਸੀਂ ਇਹ ਮਸ਼ਵਰਾ ਕਿਉਂ ਦੇ ਰਹੇ ਹੋ ਕਿ ਮੈਂ ਉਨ੍ਹਾਂ ਨੂੰ ਮਿਲਾਂ?

ਜਵਾਬ: ਤੁਹਾਨੂੰ ਸੂਬੇ ਦਾ ਵੱਖਰਾ ਭਵਿੱਖਨਕਸ਼ਾ ਮਿਲੇਗਾ। ਉਹ ਮੁੱਦੇ ਉਪਰ ਬਹੁਤ ਹੀ ਕੇਂਦਰਤ ਰਹਿੰਦਾ ਹੈ। ਉਹ ਤੁਹਾਨੂੰ ਆਰ ਐੱਸ ਐੱਸ ਅਤੇ ਸੂਬੇ ਬਾਰੇ ਦੱਸੇਗਾ।

ਸਵਾਲ: ਕੀ ਮੈਂ ਉਨ੍ਹਾਂ ਨੂੰ ਤੁਹਾਡਾ ਹਵਾਲਾ ਦੇ ਸਕਦੀ ਹਾਂ? ਉਹ ਕਿਥੇ ਰਹਿੰਦੇ ਹਨ?

ਜਵਾਬ: ਹਾਂ, ਉਨ੍ਹਾਂ ਨੂੰ ਦੱਸ ਦੇਣਾ ਕਿ ਮੈਂ ਮਿਲਣ ਲਈ ਕਿਹਾ

ਸੀ। ਉਹ ਗੁਜਰਾਤ ਭਵਨ ਵਿਖੇ ਰਹਿੰਦੇ ਹਨ।

ਸਵਾਲ: ਕੀ ਮੈਨੂੰ ਮੋਦੀ ਜੀ ਨਾਲ ਵੀ ਫ਼ਸਾਦਾਂ ਬਾਰੇ ਗੱਲ ਕਰਨੀ ਚਾਹੀਦੀ ਹੈ?

ਜਵਾਬ: ਇਹ ਨਾ ਕਰਿਓ, ਉਹ ਗੱਲ ਨਹੀਂ ਕਰੇਗਾ।

ਸਵਾਲ: ਕੀ ਇਹ ਉਨ੍ਹਾਂ ਦੀ ਦੁੱਖਦੀ ਰਗ ਹੈ?

ਜਵਾਬ: ਹਾਂ, ਗੱਲ ਨਾ ਕਰਿਓ।

ਸਵਾਲ: ਅੱਛਾ, ਤੁਸੀਂ ਫ਼ਸਾਦਾਂ ਦੌਰਾਨ ਉੱਥੇ ਸੀ?

ਜਵਾਬ: ਹਾਂ, ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਭਿਆਨਕ ਵਕਤਾਂ ਵਿਚੋਂ ਇਕ ਸੀ। ਮੈਂ ਪਹਿਲਾਂ ਹੀ 30 ਸਾਲ ਦੀ ਨੌਕਰੀ ਦੇਖ ਚੁੱਕਾ ਸੀ। ਜ਼ਰਾ ਦੇਖੋ, 1985, 87, 89 ਤੇ 1992 ਵਿਚ ਵੀ ਫ਼ਸਾਦ ਹੋਏ ਅਤੇ ਬਹੁਤੀ ਵਾਰ ਹਿੰਦੂਆਂ ਨੇ ਹੀ ਮਾਤ ਖਾਧੀ। ਅਤੇ ਮੁਸਲਮਾਨਾਂ ਦਾ ਹੱਥ ਉਪਰ ਰਿਹਾ। ਇਸ ਵਾਰ 2002 'ਚ, ਇਹ ਵਾਪਰਨਾ ਹੀ ਸੀ, ਇਹ ਹਿੰਦੂਆਂ ਦਾ ਬਦਲਾ ਸੀ। ਨਾਲ ਹੀ 1995 ਤੋਂ ਬਾਅਦ ਵੀ, ਲੋਕ ਮਹਿਸੂਸ ਕਰਦੇ ਸਨ ਕਿ ਸਰਕਾਰ ਉਨ੍ਹਾਂ ਦੀ ਸੀ, ਖ਼ਾਸ ਕਰਕੇ ਕਿਉਂਕਿ ਇਹ ਭਾਜਪਾ ਦੀ ਸਰਕਾਰ ਸੀ। ਉਹ ਕਹਿੰਦੇ ਹਨ ਕਿ ਮੈਂ ਲੋਕਾਂ ਦਾ ਬਚਾਓ ਕਰਨ ਲਈ ਨਹੀਂ ਗਿਆ। ਇਕ ਵੀ ਬੰਦੇ ਨੇ ਮੈਨੂੰ ਨਹੀਂ ਸੱਦਿਆ। ਮੈਂ ਕਿਹੜਾ ਅੰਤਮਜਾਮੀ ਹਾਂ ਜਿਸ ਨੂੰ ਪਤਾ ਚੱਲ ਜਾਂਦਾ ਕਿ ਫਲਾਣਾ ਮੈਨੂੰ ਸੱਦਾ ਰਿਹਾ ਹੈ।

ਸਵਾਲ: ਅੱਛਾ, ਕੀ ਮੋਦੀ ਜੀ ਦੀ ਬਹੁਤ ਮਸ਼ਹੂਰੀ ਹੈ?

ਜਵਾਬ: ਤੁਸੀਂ ਉਸ ਨਾਚੀ ਮਲਿਕਾ ਸਾਰਾਭਾਈ ਨੂੰ ਜਾਣਦੇ ਹੋ, ਉਹ ਮੋਦੀ ਜੀ ਉਪਰ ਬਹੁਤ ਚੋਟ ਕਰਦੀ ਹੈ। ਉਹ ਕਹਿੰਦੇ ਨੇ ਕਿ 2002 ਦੀ ਹਿੰਸਾ ਉਸ ਦੇ ਕਾਰਨ ਹੋਈ। ਪਰ ਉਹ ਕਹਿੰਦਾ ਹੈ ਕਿ ਗੋਧਰਾ ਵਿਖੇ ਰੇਲ ਨੂੰ ਅੱਗ ਮੈਂ ਤਾਂ ਜਾ ਕੇ ਲਾਈ ਨਹੀਂ, ਫਿਰ ਉਸ ਪਿੱਛੋਂ ਜੋ ਹੋਇਆ ਉਸਦਾ ਇਲਜ਼ਾਮ ਤੁਸੀਂ ਮੇਰੇ ਉਪਰ ਕਿਵੇਂ ਲਾ ਸਕਦੇ ਹੋ। ਜੇ ਉਹ ਮੈਂ ਕੀਤਾ ਹੁੰਦਾ, ਇਹ ਵੀ ਮੈਂ ਕੀਤਾ ਹੁੰਦਾ। ਦੇਖੋ, ਇਹ ਉਸਦਾ ਪ੍ਰਤੀਕਰਮ ਸੀ ਜੋ ਉੱਥੇ ਹੋਇਆ ਸੀ। ਮੇਰਾ ਮਤਲਬ ਹੈ ਕਿ ਜੇ ਤੁਸੀਂ ਇਸ ਨੂੰ ਤਰਕਪੂਰਨ ਤਰੀਕੇ ਨਾਲ ਦੇਖਦੇ ਹੋ, ਇਥੇ ਮੁਸਲਮਾਨਾਂ ਦੀ ਇਕ ਟੋਲੀ ਜਾ ਕੇ ਰੇਲ ਗੱਡੀ ਨੂੰ ਅੱਗ ਲਾਉਂਦੀ ਹੈ, ਫਿਰ ਤੁਹਾਡਾ ਪ੍ਰਤੀਕਰਮ ਕੀ ਹੋਵੇਗਾ?

ਸਵਾਲ: ਤਾਂ ਫਿਰ ਤੁਸੀਂ ਪਲਟ ਕੇ ਵਾਰ ਕੀਤਾ?

ਜਵਾਬ: ਹਾਂ, ਹਾਂ, ਤੁਸੀਂ ਉਨ੍ਹਾਂ ਉਪਰ ਪਲਟ ਕੇ ਵਾਰ ਕਰਦੇ ਹੋ, ਹੁਣ ਇਹ ਮੋੜਵਾਂ ਵਾਰ ਹੀ ਹੈ, ਤੁਸੀਂ ਲਾਜ਼ਮੀ ਹੀ ਖੋਜ ਕੀਤੀ ਹੋਵੇਗੀ ਕਿ 1985, 86, 92 ਅਤੇ ਇਸ ਤੋਂ ਅੱਗੇ, ਉਹ (ਹਿੰਦੂ) ਮਾਰ ਖਾਂਦੇ ਰਹੇ, ਫਿਰ ਕੀ ਵਾਪਰਦਾ ਹੈ, ਇਹ ਮੌਕਾ ਬਣ ਜਾਂਦਾ ਹੈ, ਉਨ੍ਹਾਂ ਨੂੰ ਜਵਾਬ ਦੇਣ ਦਾ...। ਕੋਈ ਇਸ ਦਾ ਬੁਰਾ ਕਿਉਂ ਮਨਾਏਗਾ?

ਸਵਾਲ: ਮੈਂ ਯਕੀਨ ਨਾਲ ਕਹਿ ਸਕਦੀ ਹੈ ਕਿ ਉਸਨੇ ਇਸ ਨੂੰ ਰੋਕਿਆ ਨਹੀਂ ਹੋਵੇਗਾ।

ਜਵਾਬ: ਦੇਖੋ, ਜਦੋਂ ਲੋਕ ਇਸ ਨੂੰ ਲੈ ਕੇ ਭੜਕ ਉੱਠਦੇ ਹਨ, ਤੁਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ, ਜਿਵੇਂ ਮਿਸਰ ਵਿਚ ਹੋਇਆ। ਹੁਣ ਤੁਸੀਂ ਹੀ ਦੱਸੋ ਕੀ ਤੁਸੀਂ ਇਸ ਤਰ੍ਹਾਂ ਦੇ ਲੋਕਾਂ ਉਪਰ ਗੋਲੀ ਚਲਾਉਣਾ ਚਾਹੋਗੇ?

ਫਿਰ ਕੀ ਹੁੰਦਾ ਜੇ ਉਹ ਇੰਝ ਕਰਦਾ? ਕੀ ਉਸ ਬੰਦੇ ਨੂੰ ਕਦੇ ਮੁੜ ਸੜਕਾਂ ਉਪਰ ਘੁੰਮਣ ਦੀ ਇਜਾਜ਼ਤ ਮਿਲ ਜਾਂਦੀ? ਹੁਣ ਇਸ ਤਰ੍ਹਾਂ ਦਾ ਮੰਜਰ ਹੈ, ਤੁਸੀਂ ਕਿਵੇਂ ਕਹਿੰਦੇ ਹੋ ਕਿ ਮੋਦੀ ਨੂੰ ਬਟਨ ਦਬਾ ਕੇ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਸੀ? ਰੀਮੋਟ ਉਸਦੇ ਹੱਥ ਵਿਚ ਨਹੀਂ ਸੀ।

ਸਵਾਲ: ਫ਼ਸਾਦ ਕਿੰਨਾ ਕੁ ਚਿਰ ਜਾਰੀ ਰਹੇ?

ਜਵਾਬ: ਫਿਰ ਮੁੱਢਲਾ ਪੜਾਅ ਦੋ ਕੁ ਦਿਨ ਜਾਰੀ ਰਿਹਾ ਅਤੇ ਇਸ ਤੋਂ ਵੱਧ ਨਹੀਂ।

ਸਵਾਲ: ਸੋ, ਹਿੰਦੂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਹੇ ਸਨ ਕੀ ਮੀਡੀਆ ਨੇ ਇਸ ਤਰ੍ਹਾਂ ਪੇਸ਼ ਕੀਤਾ?

ਜਵਾਬ: ਹਾਂ, ਹੋਰ ਉਹ ਕੀ ਪੇਸ਼ ਕਰਨਗੇ? ਮੁਸਲਮਾਨ ਵੀ ਹਿੰਦੂਆਂ ਨੂੰ ਨਿਸ਼ਾਨਾ ਬਣਾ ਰਹੇ ਸਨ। ਤੁਸੀਂ ਦੇਖਦੇ ਹੋ ਹਿਸਾਬ ਬਰਾਬਰ ਹੈ, ਠੀਕ ਹੈ, ਭਾਵੇਂ ਬਰਾਬਰ ਫ਼ੀਸਦੀ ਨਹੀਂ ਪਰ ਇਥੇ ਅਸੀਂ ਸਾਵੇਂਪਣ ਦਾ ਮੁਕਾਬਲਾ ਨਹੀਂ ਕਰ ਰਹੇ। ਜਾਂ ਹਿਸਾਬ ਬਰਾਬਰ ਕੀਤੇ ਜਾਣ ਦੀ ਗੱਲ ਨਹੀਂ ਕਰ ਰਹੇ। ਪਹਿਲੀ ਗੱਲ ਤਾਂ ਹਮਲਾਵਰ ਮੁਸਲਮਾਨ ਸਨ ਜਿਨ੍ਹਾਂ ਦੇ ਗੋਧਰਾ ਵਿਚ ਰੇਲ ਗੱਡੀ ਨੂੰ ਅੱਗ ਲਾਈ, ਫਿਰ ਸੁਭਾਵਿਕ ਹੈ ਪ੍ਰਤੀਕਰਮ ਤਾਂ ਹੋਵੇਗਾ ਹੀ। ਮੁਸਲਮਾਨਾਂ ਦਾ ਜ਼ਿਆਦਾ ਨੁਕਸਾਨ ਹੋਇਆ। ਪਰ ਉਹ ਵੀ ਮੋੜਵਾਂ ਵਾਰ ਕਰਦੇ ਹਨ। ਫਿਰ ਜੇ ਇਸਦੇ ਸੰਨ੍ਹ ਵਿਚ ਹਿੰਦੂ ਆ ਜਾਂਦਾ ਹੈ ਤਾਂ ਉਹ ਵੀ ਮਾਰਿਆ ਜਾਂਦਾ ਹੈ। ਜੇ ਤੁਸੀਂ ਉਸਨੂੰ ਇਹ ਪੁੱਛਦੇ ਹੋ। ਫਿਰ ਉਹ ਦੱਸੇਗਾ।

ਸਵਾਲ: ਹਾਂ ਸੱਚ, ਇਕ ਦਿਨ ਪਹਿਲਾਂ ਮੈਂ ਅਖ਼ਬਾਰ ਵਿਚ ਸਿਟ (♥"") ਰਿਪੋਰਟ ਬਾਰੇ ਇਕ ਲੇਖ ਦੇਖਿਆ ਸੀ ਉਹ ਕੀ ਸੀ?

ਜਵਾਬ: ਓਹ, ਹਾਂ ਇਕ ਸਿਟ (ਵਿਸ਼ੇਸ਼ ਜਾਂਚ ਕਮੇਟੀ) ਬਣੀ ਸੀ ਜੋ ਫ਼ਸਾਦਾਂ ਦੀ ਜਾਂਚ ਲਈ ਬਣਾਈ ਈ ਸੀ ਇਸ ਦਾ ਇਹ ਮਨੋਰਥ ਸੀ। ਸੁਪਰੀਮ ਕੋਰਟ ਨੂੰ ਰਿਪੋਰਟ ਦਿੱਤੀ ਗਈ ਅਤੇ ਉਸਦੀ ਇਕ ਕਾਪੀ ਮੀਡੀਆ ਨੂੰ, ਇਹ ਅਖ਼ਬਾਰ ਨੂੰ ਲੀਕ ਕਰ ਦਿੱਤੀ ਗਈ। ਵੈਸੇ ਇਹ ਗੁਪਤ ਸੀ। ਵੈਸੇ ਰਿਪੋਰਟ ਉਸ ਨੂੰ ਕੋਈ ਇਲਜ਼ਾਮ ਨਹੀਂ ਦਿੰਦੀ।

ਪਰ ਜਿਸ ਬੰਦੇ ਨੇ ਰਿਪੋਰਟ ਲਿਖੀ ਉਹ ਕਹਿੰਦਾ ਹੈ ਕਿ ਉਸਨੂੰ ਐਸਾ ਕੋਈ ਸਬੂਤ ਨਹੀਂ ਮਿਲਿਆ ਕਿ ਉਸ (ਮੋਦੀ) ਉਪਰ ਇਲਜ਼ਾਮ ਲਾਇਆ ਜਾ ਸਕੇ।

ਸਵਾਲ: ਅਤੇ ਉਨ੍ਹਾਂ ਨੇ ਤੁਹਾਨੂੰ ਫਸਾਉਣ ਦਾ ਯਤਨ ਨਹੀਂ ਕੀਤਾ?

ਜਵਾਬ: ਓਹ, ਹਾਂ, ਉਨ੍ਹਾਂ ਨੇ ਕਿਹਾ ਕਿ ਜਿਹੜੇ ਅਫ਼ਸਰ ਉਸ ਲਈ ਕੰਮ ਕਰਦੇ ਸਨ ਉਨ੍ਹਾਂ ਦੀਆਂ ਸੇਵਾ ਮੁਕਤੀ ਤੋਂ ਬਾਅਦ

**ਸਵਾਲ: ਅੱਛਾ, ਤਾਂ ਗ੍ਰਹਿ ਮੰਤਰੀ ਦੀ ਗ੍ਰਿਫ਼ਤਾਰੀ ਇੰਝ ਹੋਈ।**

**ਜਵਾਬ: ਹਾਂ, ਕਿਉਂਕਿ ਪਾਂਡਿਅਨ ਗ੍ਰਹਿ ਮੰਤਰੀ ਦੇ ਨੇੜੇ ਸੀ। ਉਹ ਉਸ ਨਾਲ ਗੱਲ ਕਰੇਗਾ। ਇਸ ਤਰ੍ਹਾਂ ਉਸਨੇ ਸਾਬਤ ਕਰ ਦਿੱਤਾ ਕਿ ਸ਼ਾਹ ਮੁਕਾਬਲੇ ਵਿਚ ਸ਼ਾਮਲ ਸੀ।**

**ਸਵਾਲ: ਉਹ ਲੋਕ ਕੌਣ ਸਨ ਜਿਨ੍ਹਾਂ ਦਾ ਮੁਕਾਬਲਾ ਬਣਾਇਆ ਗਿਆ?**

**ਜਵਾਬ: ਉਹ ਸਾਰੇ ਬਦਮਾਸ਼ ਅਤੇ ਮਾਮੂਲੀ ਮੁਜਰਿਮ ਹਨ ਅਤੇ ਜਦੋਂ ਕਾਨੂੰਨ ਕੁਝ ਨਹੀਂ ਕਰ ਸਕਦਾ ਤੁਸੀਂ ਉਨ੍ਹਾਂ ਦਾ ਸਫ਼ਾਇਆ ਕਰ ਦਿੰਦੇ ਹੋ।**



ਨਿਯੁਕਤੀਆਂ ਕੀਤੀਆਂ ਗਈਆਂ। ਮੈਂ ਕਹਿੰਦਾ ਹਾਂ ਕਿਹੜੀਆਂ ਨਿਯੁਕਤੀਆਂ? ਮੇਰੀ ਨਿਯੁਕਤੀ ਐਸੀ ਹੈ ਜਿਸ ਤੋਂ ਮੈਨੂੰ ਕੋਈ ਪੈਸਾ ਨਹੀਂ ਮਿਲਦਾ।

ਸਵਾਲ: ਪਰ ਫਿਰ ਸਵਾਲ ਇਹ ਹੈ ਕਿ ਜੇ ਤੁਸੀਂ ਰਾਜ ਲਈ ਕੰਮ ਕਰ ਰਹੇ ਹੋ ਫਿਰ ਤੁਹਾਨੂੰ ਇਸਦਾ ਕੋਈ ਸਿਲ੍ਹਾ ਕਿਉਂ ਨਹੀਂ ਦਿੱਤਾ ਜਾਂਦਾ? ਫਿਰ ਕੀ ਇਹ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਵੇ ਜੋ ਤੁਹਾਡੇ ਖ਼ਿਲਾਫ਼ ਭੁਗਤੇ?

ਜਵਾਬ: ਹਾਂ, ਉਹ ਉਨ੍ਹਾਂ ਲੋਕਾਂ ਦੀ ਨਿਯੁਕਤੀ ਕਿਉਂ ਕਰੇਗਾ ਜੋ ਉਸਦੇ ਖਿਲਾਫ਼ ਖੜ੍ਹੇ?

ਸਵਾਲ: ਬਿਲਕੁਲ ਨਹੀਂ।

ਜਵਾਬ: ਬੇਸ਼ੱ ਬੇਸ਼ੱ

ਸਵਾਲ: ਉਹ ਕੋਈ ਸੰਤ ਨਹੀਂ।

ਜਵਾਬ: ਇਹੀ ਤਾਂ ਗੱਲ ਹੈ।

ਸਵਾਲ: ਤੁਸੀਂ ਸੜਕ 'ਤੇ ਨਿਕਲ ਜਾਓ। ਪਰੀਮਲ ਬਾਗ਼ (ਅਮੀਰ ਇਲਾਕਾ) ਦੇ ਲੋਕਾਂ ਨੂੰ ਪੁੱਛੋ?

ਜਵਾਬ: ਹਾਂ ਉਹ ਉਸ ਨੂੰ ਪਿਆਰ ਕਰਦੇ ਹਨ।

ਸਵਾਲ: ਮੇਰਾ ਅੰਦਾਜ਼ਾ ਹੈ ਕਿ ਇਹ ਇਸ ਕਰਕੇ ਹੈ ਕਿਉਂਕਿ ਉਸਨੇ ਉਨ੍ਹਾਂ ਨੂੰ ਉਹ ਕੁਝ ਦਿੱਤਾ ਜੋ ਉਹ ਚਾਹੁੰਦੇ ਸਨ। ਉਹ ਜੋ ਚਾਹੁੰਦੇ ਸਨ ਉਹ ਉਸਦਾ ਮੁਜੱਸਮਾ ਹੈ। ਜ਼ਿਆਦਾਤਰ ਲੋਕਾਂ ਦਾ ਕਹਿਣਾ ਸੀ ਕਿ ਹੁਣ ਘੱਟ ਗਣਿਤੀ ਨੂੰ ਖ਼ੁਸ਼ ਕਰਨ ਦੀ ਨੀਤੀ ਨਹੀਂ ਹੈ ਅਤੇ (ਉਨ੍ਹਾਂ ਨੂੰ) ਆਪਣਾ ਗੌਰਵ ਮੁੜ ਹਾਸਲ ਹੋ ਗਿਆ।

ਜਵਾਬ: ਹਾਂ, ਆਮ ਲੋਕਾਂ ਦਾ ਇਹੀ ਪ੍ਰਭਾਵ ਹੈ ਜੋ ਬਿਨਾ ਮੰਗੇ ਮਿਲ ਜਾਂਦਾ ਹੈ।

ਸਵਾਲ: ਇਸੇ ਕਰਕੇ, ਮੁਸਲਮਾਨ ਉਸ ਨੂੰ ਨਫ਼ਰਤ ਕਰਦੇ ਹਨ।

ਜਵਾਬ: ਉਹ ਜੋ ਕੱਟੜ ਹਨ, ਪਰ ਉਹ ਉਸਨੂੰ ਦੇਖਕੇ ਨਫ਼ਰਤ ਕਰਦੇ ਹਨ ਜੋ ਉਹ ਮੀਡੀਆ ਵਿਚ ਦੇਖਦੇ ਹਨ। ਜਿਵੇਂ ਤੁਸੀਂ ਦਿਓਬੰਦ ਦੇ ਮੁਖੀ ਵਾਸਤਨਵੀ ਦਾ ਬਿਆਨ ਦੇਖ ਰਹੇ ਹੋ। ਇਹ ਇੰਡੀਆ ਟੁਡੇ ਵਿਚ ਛਪਿਆ ਹੈ, ਵਾਸਤਨਵੀ ਕਹਿੰਦੇ ਹਨ ਕਿ ਗੁਜਰਾਤ ਸਾਰਿਆਂ ਨੂੰ ਬਰਾਬਰ ਮੌਕੇ ਦਿੰਦਾ ਹੈ। ਇਸੇ ਕਰਕੇ ਇਸਦਾ ਵਿਰੋਧ ਹੋਇਆ ਸੀ, ਕਿਉਂਕਿ ਉਹ ਸੋਚਦੇ ਸਨ ਕਿ ਮੋਦੀ ਜੀ ਨੇ ਜੋ 2002 'ਚ ਕੀਤਾ ਇਹ ਵਾਸਤਨਵੀ ਉਸਨੂੰ

**ਸਵਾਲ: ਕੀ ਮੈਨੂੰ ਮੋਦੀ ਜੀ ਨਾਲ ਵੀ ਫ਼ਸਾਦਾਂ ਬਾਰੇ ਗੱਲ ਕਰਨੀ ਚਾਹੀਦੀ ਹੈ?**

**ਜਵਾਬ: ਇਹ ਨਾ ਕਰਿਓ, ਉਹ ਗੱਲ ਨਹੀਂ ਕਰੇਗਾ।**

**ਸਵਾਲ: ਕੀ ਇਹ ਉਨ੍ਹਾਂ ਦੀ ਦੁੱਖਦੀ ਰਗ ਹੈ?**

**ਜਵਾਬ: ਹਾਂ, ਗੱਲ ਨਾ ਕਰਿਓ।**

ਸਰਟੀਫੀਕੇਟ ਦੇ ਰਿਹਾ ਹੈ।

ਸਵਾਲ: ਮੈਂ (ਮੁਕੁਲ) ਸਿਨਹਾ ਨੂੰ ਮਿਲੀ ਸੀ ਅਤੇ ਉੱਥੇ ਮੈਨੂੰ ਕੁਝ ਅਲ ਜੀਜ਼ੀਰਾ ਚੈਨਲ ਦੇ ਰਿਪੋਰਟ ਮਿਲੇ ਜੋ ਉੱਥੇ ਬੈਠੇ ਸਨ।

ਜਵਾਬ: ਹਾਂ, ਇਸ ਤਰ੍ਹਾਂ ਮੁਸਲਿਮ ਚੈਨਲ ਵਾਲੇ ਗੋਧਰਾ ਫ਼ਤਵੇ ਦੀ ਰਿਪੋਰਟਿੰਗ ਕਰਨ ਲਈ ਆਉਣਗੇ। ਤੇ ਇਸੇ ਕਰਕੇ ਉਹ ਬਕਵਾਸ ਕਰਨਗੇ।

ਸਵਾਲ: ਉਸਨੇ ਮੈਨੂੰ ਕਿਸੇ ਰਸਾਲੇ ਦੀ ਇਕ ਕਾਪੀ ਦਿੱਤੀ ਜੋ ਇਥੇ ਛਪਦਾ ਹੈ ਜਿਸ ਵਿਚ ਸਿਟ ਬਾਰੇ ਇਕ ਰਿਪੋਰਟ ਛਪੀ ਹੋਈ ਸੀ।

ਜਵਾਬ: ਅੱਛਾ, ਇਹ ਕਮਿਊਨਿਲ ਕੰਬੈਟ (ਤੀਸਰਾ ਸੀਤਲਵਾੜ ਅਤੇ ਜਾਵੇਦ ਅਖ਼ਤਰ ਦੇ ਸਬਰੰਗ ਟਰੱਸਟ ਵੱਲੋਂ ਕੱਢਿਆ ਜਾਂਦਾ ਮਾਸਿਕ ਰਸਾਲਾ ਅਨੁਵਾਦਕ) ਹੋਵੇਗਾ।

ਸਵਾਲ: ਨਹੀਂ, ਨਹੀਂ, ਰੁਕੋ ਮੈਂ ਦੱਸਦੀ ਹਾਂ... ਇਹ ਤਹਿਲਕਾ ਸੀ।

ਜਵਾਬ: ਹਾਂ, ਇਹ ਪੀਲੀ ਪੱਤਰਕਾਰੀ ਦੀ ਸਟੀਕ ਮਿਸਾਲ ਹੈ। ਤੁਹਾਨੂੰ ਪਤਾ ਹੈ ਤਹਿਲਕਾ ਦੇ ਲੋਕ ਕੀ ਕਰਦੇ ਹਨ, ਉਹ ਕੈਮਰੇ ਲੈ ਕੇ ਤੁਰੇ ਫਿਰਦੇ ਹਨ ਅਤੇ ਤੁਹਾਡੀ ਰਿਕਾਰਡਿੰਗ ਕਰ ਲੈਂਦੇ ਹਨ। ਉਹ ਦਿਖਾਉਣਗੇ ਕਿ ਇਕ ਬੰਦਾ ਦੂਜੇ ਨੂੰ ਪੈਸੇ ਦੇ ਰਿਹਾ ਹੈ, ਉਹ ਇਸ ਨੂੰ ਅੰਜਾਮ ਦੇਣਗੇ ਅਤੇ ਫਿਰ ਇਸ ਨੂੰ ਪ੍ਰਚਾਰਦੇ ਹਨ। ਇਸ ਲਈ ਤੁਹਾਨੂੰ ਕੋਈ ਗੱਲਬਾਤ ਸੁਣਾਈ ਨਹੀਂ ਦਿੰਦੀ ਅਤੇ ਉਹ ਸਿਰਫ਼ ਇਸ ਦੀ ਵੀਡੀਓ ਦਿਖਾਉਂਦੇ ਹਨ?

ਸਵਾਲ: ਉਹ ਇਸ ਨੂੰ ਕਿਵੇਂ ਦਿਖਾਉਂਦੇ ਹਨ?

ਜਵਾਬ: ਉਹ ਇਹ ਕਿਸੇ ਚੈਨਲ ਨੂੰ ਵੇਚ ਦਿੰਦੇ ਹਨ। ਪਹਿਲਾਂ ਉਨ੍ਹਾਂ ਨੇ ਇਕ ਹਥਿਆਰਾਂ ਦੇ ਵਪਾਰੀ ਨਾਲ ਪੈਸੇ ਦਾ ਲੈਣ ਦੇਣ ਕਰਦੇ ਕਿਸੇ ਮੰਤਰੀ ਨੂੰ ਦਿਖਾਇਆ ਸੀ। ਖ਼ੈਰ ਤੁਹਾਨੂੰ ਉੱਥੇ ਟੁਕੜਿਆਂ 'ਚ ਚੀਜ਼ਾਂ ਨਜ਼ਰ ਆਉਣਗੀਆਂ ਸਮੁੱਚੀ ਫੁਟੇਜ ਕਦੇ ਨਹੀਂ ਦਿਖਾਈ ਜਾਂਦੀ। ਕਿਉਂਕਿ 2002 ਦਾ ਮਾਮਲਾ ਹੈ, ਇਹ ਅਸਧਾਰਨ ਗਪੌੜੀ ਲੋਕ ਉਨ੍ਹਾਂ (ਫ਼ਸਾਦਾਂ) ਨੂੰ ਦਿਖਾਉਣਗੇ ਹੀ। ਉਹ ਇਸ ਤਰ੍ਹਾਂ ਕਮਾਈ ਕਰਦੇ ਹਨ। ਉਹ ਫੁਟੇਜ ਨਿਊਜ਼ ਚੈਨਲਾਂ ਨੂੰ ਵੇਚ ਦਿੰਦੇ ਹਨ। ਜਿਵੇਂ ਉਹ ਸਿਨਹਾ, ਉਸਨੇ ਅਲ ਜਜ਼ੀਰਾ ਨੂੰ ਇੰਟਰਵਿਊ ਕਿਉਂ ਦਿੱਤੀ। ਉਹ ਚੈਨਲ ਲਗਾਤਾਰ ਦਿਖਾਉਂਦਾ ਰਿਹਾ ਕਿਵੇਂ ਔਰਤਾਂ ਨਾਲ ਜਬਰ ਜਨਾਹ ਕੀਤੇ ਜਾ ਰਹੇ ਸਨ ਅਤੇ ਉਨ੍ਹਾਂ ਨੂੰ ਜਲਾਇਆ ਜਾ ਰਿਹਾ ਸੀ। ਕਿਉਂ? ਕਿਉਂਕਿ ਇਸ ਤੋਂ ਬਹੁਤ ਕਮਾਈ ਹੁੰਦੀ ਹੈ।

ਸਵਾਲ: ਤੁਹਾਡੇ ਤੋਂ ਵੀ ਕਮਿਸ਼ਨਾਂ ਨੂੰ ਪੁੱਛ ਗਿੱਛ ਕੀਤੀ ਹੋਵੇਗੀ?

ਜਵਾਬ: ਹਾਂ, ਮੈਨੂੰ ਅਜੇ ਵੀ ਘੇਰੀ ਰੱਖਦੇ ਹਨ।

ਸਵਾਲ: ਅਜੇ ਇਹ ਸਿਲਸਿਲਾ ਖ਼ਤਮ ਨਹੀਂ ਹੋ ਰਿਹਾ? ਲਾਜ਼ਮੀ ਹੀ ਤੁਹਾਡੀ ਜਵਾਬ ਤਲਬੀ ਕੀਤੀ ਗਈ ਹੋਵੇਗੀ?

ਜਵਾਬ: ਹਾਂ, ਮੇਰੀ ਜਵਾਬ ਤਲਬੀ ਹੋਈ ਹੈ। ਇਹ ਅਜੇ ਚੱਲ ਰਹੀ ਹੈ, ਕਿਉਂਕਿ ਇਸ ਨੁਕਤੇ ਨਾਲ ਤੁਸੀਂ ਨਰਿੰਦਰ ਮੋਦੀ ਨੂੰ ਫੈਂਟੀ ਚਾੜ੍ਹ ਸਕਦੇ ਹੋ।

ਉਨ੍ਹਾਂ ਲਈ 2002 ਸਦਾਬਹਾਰ ਧੰਦਾ ਹੈ, ਇਸ ਤੋਂ ਕਮਾਈ ਜੁ ਹੁੰਦੀ ਹੈ।

ਸਵਾਲ: ਮੈਂ ਇਹ ਜਾਨਣਾ ਚਾਹੁੰਦੀ ਸੀ, ਮੇਰਾ ਮਤਲਬ ਬਤੌਰ ਪੁਲਿਸ ਕਮਿਸ਼ਨਰ ਤੁਸੀਂ ਉੱਥੇ ਸੀ, ਤੁਸੀਂ ਇਸ ਨਾਲ ਕਿਵੇਂ ਨਜਿੱਠਿਆ?

ਜਵਾਬ: ਇਹ ਭਿਆਨਕ ਸੀ। ਮੇਰਾ ਮਤਲਬ ਇਹ ਨਹੀਂ ਕਿ ਇਸ ਤੋਂ ਪਹਿਲਾਂ ਮੈਂ ਇਸ ਤਰ੍ਹਾਂ ਦੀ ਹਾਲਤ ਨਹੀਂ ਦੇਖੀ ਸੀ ਅਸਲ ਵਿਚ ਇਹ ਵੱਖਰੀ ਤਰ੍ਹਾਂ ਦੀ ਹਾਲਤ ਸੀ। ਉਸ ਤਰ੍ਹਾਂ ਦੀ ਜਿਵੇਂ ਮਿਸਰ ਵਿਚ ਵਾਪਰਿਆ। ਤੁਸੀਂ ਜਾਣਦੇ ਹੋ ਕਿ ਮਿਸਰ ਵਿਚ ਲੋਕਾਂ ਉਪਰ ਤੁਸੀਂ ਤਾਕਤ ਦਾ ਇਸਤੇਮਾਲ ਨਹੀਂ ਸੀ ਕਰ ਸਕਦੇ। ਇਸ ਕਰਕੇ ਉਸ ਤਰ੍ਹਾਂ ਦੇ ਹਜੂਮ ਉੱਪਰ ਤਾਕਤ ਦਾ ਇਸਤੇਮਾਲ ਕਿਵੇਂ ਹੋ ਜਾਂਦਾ ਜੋ ਇਥੇ ਰੋਸ ਵਿਖਾਵੇ ਕਰ ਰਿਹਾ ਸੀ। ਕੀ ਐਸਾ ਕਰਨ ਤੋਂ ਬਾਅਦ ਉਸਦੀ ਹੋਂਦ ਬਚ ਰਹਿੰਦੀ? ਇਸ ਦਾ ਜਵਾਬ ਤਾਕਤ ਨਹੀਂ ਹੈ।

ਸਵਾਲ: ਤਾਂ ਫਿਰ ਗੋਧਰਾ ਕਾਂਡ ਦੇ ਕਾਰਨ ਗੁਜਰਾਤ ਵਿਚ ਇਹ ਕੁਝ ਹੋਇਆ?

ਜਵਾਬ: ਹਾਂ, ਇਕ ਰੇਲ ਗੱਡੀ ਅਯੁੱਧਿਆ ਤੋਂ ਆ ਰਹੀ ਸੀ, ਇਸ ਵਿਚ ਵੀ ਐੱਚ ਪੀ ਦੇ ਹਮਾਇਤੀ ਸਨ, ਬੁਨਿਆਦੀ ਤੌਰ 'ਤੇ ਵੀ ਐੱਚ ਪੀ ਦੇ ਲੋਕ, ਉਹ ਅਯੁੱਧਿਆ ਵਿਚ ਮੰਦਰ ਬਣਾਉਣਾ ਚਾਹੁੰਦੇ ਸਨ। ਉਹ ਉੱਥੋਂ ਵਾਪਸ ਆ ਰਹੇ ਸਨ ਅਤੇ ਉਹ 73 ਜਣੇ ਸਨ, ਪਰ ਕੁਝ ਮੁਸਲਮਾਨਾਂ ਨੇ ਉਨ੍ਹਾਂ ਉਪਰ ਹਮਲਾ ਕਰ ਦਿੱਤਾ, ਕੁਝ ਸਥਾਨਕ ਲੋਕ ਪੈਟਰੋਲ ਦੀਆਂ ਕੇਨੀਆਂ ਲੈ ਕੇ ਉੱਥੇ ਆਏ, ਡੱਬੇ ਵਿਚ ਵੜ ਗਏ ਅਤੇ ਇਸ ਨੂੰ ਅੱਗ ਲਾ ਦਿੱਤੀ। ਨਤੀਜੇ ਵਜੋਂ 61 ਲੋਕ ਸੜਕੇ ਮਰ ਗਏ।

ਇਸਦੇ ਬਦਲੇ ਵਿਚ ਵੀ ਐੱਚ ਪੀ ਨੇ ਬੰਦ ਦਾ ਸੱਦਾ ਦਿੱਤਾ। ਫਿਰ 28 ਤਰੀਕ ਨੂੰ ਹਿੰਸਾ ਭੜਕ ਉੱਠੀ ਅਤੇ ਹਰ ਕੋਈ ਸੜਕਾਂ 'ਤੇ ਆ ਗਿਆ। ਬਜ਼ੁਰਗ, ਨੌਜਵਾਨ, ਕੁੜੀਆਂ...।

ਸਵਾਲ: ਉਸਦੇ ਖਿਲਾਫ਼ ਇਲਜ਼ਾਮ ਕੀ ਹੈ?

ਜਵਾਬ: ਉਨ੍ਹਾਂ ਦਾ ਖ਼ਿਆਲ ਹੈ ਕਿ ਉਸਨੇ ਸਾਰਿਆਂ ਨੂੰ ਸੜਕਾਂ 'ਤੇ ਆਉਣ ਲਈ ਜਥੇਬੰਦ ਕੀਤਾ। 27 ਤਰੀਕ ਨੂੰ ਉਹ ਗੋਧਰਾ ਜਾਂਦਾ ਹੈ...

ਜਵਾਬ: ਕਿ ਉਹ ਮੁਸਲਮਾਨਾਂ ਦੇ ਖ਼ਿਲਾਫ਼ ਹਿੰਸਾ ਦਾ ਸੂਤਰਧਾਰ ਸੀ।

ਸਵਾਲ: ਨਾਲ ਹੀ ਇਹ ਇਲਜ਼ਾਮ ਵੀ ਹੈ ਕਿ ਉਹ ਗੋਧਰਾ ਗਿਆ ਅਤੇ ਉਸਨੇ ਇਸ ਵੀ ਜ਼ਰੂਰੀ ਨਹੀਂ ਸਮਝਿਆ ਕਿ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਨੂੰ ਮਿਲਿਆ ਜਾਵੇ?

ਜਵਾਬ:ਉਹ ਐਸਾ ਕਿਉਂ ਕਰੇਗਾ, ਉਨ੍ਹਾਂ ਨੂੰ ਕਿਉਂ ਮਿਲੇਗਾ?

ਸਵਾਲ:ਹਾਂ, ਹਿੰਦੂਆਂ ਨੂੰ ਮਾਰਿਆ ਜਾ ਰਿਹਾ ਸੀ ਇਸ ਲਈ?

ਜਵਾਬ: ਅਤੇ ਉਹ 10 ਜਾਂ 11 ਵਜੇ ਰਾਤ ਨੂੰ ਵਾਪਸ ਆ ਗਿਆ।

ਸਵਾਲ: ਉਨ੍ਹਾਂ ਦਾ ਖ਼ਿਆਲ ਹੈ ਕਿ ਉਸਨੇ ਉਨ੍ਹਾਂ ਨੂੰ ਕੋਈ ਕਾਰਵਾਈ ਨਾ ਕਰਨ ਲਈ ਕਿਹਾ।

ਜਵਾਬ: ਹਾਂ, ਇਸ ਲਈ ਜਦੋਂ ਇਹ ਚੱਲ ਰਿਹਾ ਸੀ ਉਨ੍ਹਾਂ ਨੇ ਮੈਨੂੰ ਪੁੱਛਿਆ ਅਤੇ ਮੈਂ ਕਿਹਾ ਕਿ ਮੈਨੂੰ ਐਸਾ ਕੋਈ ਆਦੇਸ਼ ਨਹੀਂ ਮਿਲਿਆ ਸੀ। ਮੈਂ ਕਿਹਾ ਮੈਨੂੰ ਉਸ ਤੋਂ ਐਸੀ ਕੋਈ ਹਦਾਇਤ ਨਹੀਂ ਮਿਲੀ। ਅਤੇ ਮੈਂ ਇਸ ਦੀ ਪਾਲਣਾ ਕੀਤੀ ਅਤੇ ਇਸਦੇ ਬਾਵਜੂਦ ਲੋਕ ਮਾਰੇ ਗਏ। ਹੁਣ ਮੈਂ ਇਹ ਤਾਂ ਕਹਿ ਨਹੀਂ ਸਕਦਾ ਕਿ ਮੈਂ ਸਾਰੇ ਲੋਕਾਂ ਦੀ ਹਿਫ਼ਾਜ਼ਤ ਕਰ ਸਕਦਾ ਹਾਂ।

ਮੈਂ ਰੱਬ ਨਹੀਂ ਹਾਂ ਅਤੇ ਜਿਵੇਂ ਮੈਂ ਦਸਿਆ ਮੈਂ ਆਪਣੀ ਪੂਰੀ ਵਾਹ ਲਾਈ।

ਸਵਾਲ: ਤਾਂ ਕੀ ਇਹੀ ਸਾਰੀ ਗੱਲ ਹੈ?

ਜਵਾਬ: ਨਹੀਂ, ਉਨ੍ਹਾਂ ਦਾ ਇਹ ਵਾਰ ਸਿਰਫ਼ ਉਪਰ ਵੱਲ ਸੇਧਤ ਹੈ। ਕਿਉਂਕਿ ਇਸ ਜ਼ਰੀਏ ਹੀ ਉਹ ਨਰਿੰਦਰ ਮੋਦੀ ਤੱਕ ਪਹੁੰਚ ਸਕਦੇ ਹਨ ਅਤੇ ਉਹ ਹੈ ਮੇਰੇ ਜ਼ਰੀਏ।

ਸਵਾਲ: ਅਤੇ ਇਸ ਕਰਕੇ ਵੀ ਹੈ ਕਿ ਤੁਸੀਂ ਉਸਦੇ ਬਹੁਤ ਨੇੜੇ ਸੀ?

ਜਵਾਬ: ਮੰਨ ਲਓ ਮੈਂ ਉਸਦੇ ਖ਼ਿਲਾਫ਼ ਕੁਝ ਰਹਿੰਦਾ ਹਾਂ, ਫਿਰ ਉਹ ਖ਼ੁਸ਼ ਹੋਣਗੇ।

ਸਵਾਲ: ਤਾਂ ਫਿਰ, ਤੁਸੀਂ ਤਾਂ ਬਹੁਤ ਦੁਸ਼ਮਣ ਬਣਾ ਲਏ ਹੋਣਗੇ, ਪੁਲਿਸ ਦੇ ਅੰਦਰਲਿਆਂ ਸਮੇਤ?

ਜਵਾਬ: ਚੰਦ ਕੁ ਆਈ ਪੀ ਐਸ ਅਫ਼ਸਰ ਐਸੇ ਹੋ ਸਕਦੇ ਹਨ।

ਸਵਾਲ: ਜਿਸ ਤਰ੍ਹਾਂ ਦੇ ਮੁੱਠੀ ਭਰ ਬਾਰੇ ਮੈਨੂੰ ਦਸਿਆ ਗਿਆ ਕਿ ਉਹ ਇਥੇ ਚੰਗਾ ਕੰਮ ਕਰ ਰਹੇ ਸਨ?

ਜਵਾਬ: ਹਾਂ ਰਾਹੁਲ ਸ਼ਰਮਾ, ਸਤੀਸ਼ ਵਰਮਾ, ਕੁਲਦੀਪ ਸ਼ਰਮਾ, ਇਹ ਲੋਕ ਨੇ।

ਸਵਾਲ: ਅੱਛਾ।

ਜਵਾਬ:ਉਸ ਕੁਲਦੀਪ ਸ਼ਰਮਾ ਨੂੰ ਦੇਖ ਲਓ। ਉਸ ਨੂੰ ਭੇਡਾਂ ਅਤੇ ਉੱਨ ਮਹਿਕਮੇ ਵਿਚ ਭੇਜਿਆ ਗਿਆ ਹੈ। ਹੁਣ ਉਹ ਸਰਕਾਰ ਦੇ ਖਿਲਾਫ਼ ਹੈ ਅਤੇ ਮੁਕੁਲ ਸਿਨਹਾ ਵਰਗੇ ਲੋਕਾਂ ਦੇ ਨਾਲ ਹੈ। ਤੁਸੀਂ ਦੇਖ ਰਹੇ ਹੋ ਇਹ ਲੰਮਾ ਕਿੱਸਾ ਹੈ, ਤੁਹਾਨੂੰ ਸਾਰੀ ਰਾਮ ਕਹਾਣੀ ਦੀ ਜਾਣਕਾਰੀ ਲੈਣੀ ਪਵੇਗੀ। ਕੁਲਦੀਪ ਸ਼ਰਮਾ ਨੇ ਤੱਤਕਾਲੀ ਗ੍ਰਹਿ ਮੰਤਰੀ ਨੂੰ ਝੰਬਣਾ ਸ਼ੁਰੂ ਕਰ ਦਿੱਤਾ।

ਸਵਾਲ: ਉਹ ਕੌਣ ਸੀ।

ਜਵਾਬ: ਅਮਿਤ ਸ਼ਾਹ

ਸਵਾਲ: ਉਹੀ ਬੰਦਾ ਜਿਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ?

ਜਵਾਬ: ਕੁਲਦੀਪ ਸ਼ਰਮਾ ਨੇ ਮੁੱਖ ਮੰਤਰੀ ਨੂੰ ਸ਼ਿਕਾਇਤ ਕੀਤੀ ਕਿ ਤੁਹਾਡਾ ਗ੍ਰਹਿ ਮੰਤਰੀ ਬਦਮਾਸ਼ ਏ, ਇਸ ਕਰਕੇ ਮੁੱਖ ਮੰਤਰੀ ਉਸ ਨੂੰ ਇਹ ਸਾਬਤ ਕਰਨ ਲਈ ਤਾਂ ਕਹੇਗਾ ਹੀ।

ਸਵਾਲ: ਪਰ ਉਹ ਆਪਣੇ ਹੀ ਗ੍ਰਹਿ ਮੰਤਰੀ ਦੇ ਖਿਲਾਫ਼ ਕਾਰਵਾਈ ਕਿਵੇਂ ਕਰੇਗਾ?

ਜਵਾਬ:ਫਿਰ ਸੁਣ ਲਓ ਉਸਨੇ ਮੁੱਖ ਮੰਤਰੀ ਨੂੰ ਲਿਖ ਭੇਜਣ ਦੀ ਗੁਸਤਾਖ਼ੀ ਕੀਤੀ ਕਿ ਗ੍ਰਹਿ ਮੰਤਰੀ ਦੇ ਮਾਮਲੇ ਦੀ ਸੀ ਬੀ ਆਈ ਤੋਂ ਜਾਂਚ ਕਰਾ ਲਓ। ਪਰ ਮੁੱਖ ਮੰਤਰੀ ਨੇ ਕਿਹਾ ਕਿ ਇਸਦੀ ਜਾਂਚ ਮੈਂ ਇਕ ਸਾਬਕਾ ਮੁੱਖ ਸਕੱਤਰ ਤੋਂ ਕਰਾਵਾਂਗਾ।

ਸਵਾਲ: ਜਦੋਂ ਸ਼ਾਹ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਫਿਰ ਤਾਂ ਉਸ ਨੂੰ ਲਾਜ਼ਮੀ ਖੁਸ਼ੀ ਹੋਈ ਹੋਵੇਗੀ?

ਜਵਾਬ: ਉਸ ਨੂੰ ਗ੍ਰਿਫ਼ਤਾਰ ਕਰਾਉਣ ਵਿਚ ਉਸੇ ਦਾ ਹੱਥ ਸੀ।

ਸਵਾਲ: ਪਰ ਕਿਵੇਂ?

ਜਵਾਬ: ਉਸ ਨੇ ਸੀ ਬੀ ਆਈ ਅੱਗੇ ਗਵਾਹੀ ਦਿੱਤੀ ਅਤੇ ਮੀਡੀਆ ਨੂੰ ਸਬੂਤ ਦਿੱਤਾ। ਉਸਨੇ ਪਾਂਡਿਅਨ ਨਾਂ ਦੇ ਅਫ਼ਸਰ ਦੀਆਂ ਕਾਲਾਂ ਦਾ ਸਬੂਤ ਪੇਸ਼ ਕੀਤਾ।

ਸਵਾਲ: ਉਹ ਕਿਵੇਂ?

ਜਵਾਬ:ਪਾਂਡਿਅਨ ਅਤੇ ਕੁਲਦੀਪ ਦੇ ਇਕ ਦੂਜੇ ਦੇ ਖ਼ਿਲਾਫ਼ ਕੁਝ ਮਾਮਲੇ ਸਨ। ਪਾਂਡਿਅਨ ਨੇ ਅਖ਼ਬਾਰਾਂ ਵਿਚ ਇਕ ਮਾਮਲੇ ਦਾ ਭਾਂਡਾ ਭੰਨ ਦਿੱਤਾ। ਇਸ ਲਈ ਉਹ (ਕੁਲਦੀਪ) ਉਸਨੇ ਜੇਲ੍ਹ ਦੀ ਹਵਾ ਖਵਾਉਣੀ ਚਾਹੁੰਦਾ ਸੀ। ਅਤੇ ਪਾਂਡਿਅਨ ਸੱਚੀਂ ਮੁੱਚੀਂ ਮੁਕਾਬਲੇ ਵਿਚ ਸ਼ਾਮਲ ਸੀ।

ਸਵਾਲ: ਅੱਛਾ, ਤਾਂ ਗ੍ਰਹਿ ਮੰਤਰੀ ਦੀ ਗ੍ਰਿਫ਼ਤਾਰੀ ਇੰਝ ਹੋਈ।

ਜਵਾਬ: ਹਾਂ, ਕਿਉਂਕਿ ਪਾਂਡਿਅਨ ਗ੍ਰਹਿ ਮੰਤਰੀ ਦੇ ਨੇੜੇ ਸੀ। ਉਹ ਉਸ ਨਾਲ ਗੱਲ ਕਰੇਗਾ। ਇਸ ਤਰ੍ਹਾਂ ਉਸਨੇ ਸਾਬਤ ਕਰ ਦਿੱਤਾ ਕਿ ਸ਼ਾਹ ਮੁਕਾਬਲੇ ਵਿਚ ਸ਼ਾਮਲ ਸੀ।

ਸਵਾਲ: ਉਹ ਲੋਕ ਕੌਣ ਸਨ ਜਿਨ੍ਹਾਂ ਦਾ ਮੁਕਾਬਲਾ ਬਣਾਇਆ ਗਿਆ?

ਜਵਾਬ: ਉਹ ਸਾਰੇ ਬਦਮਾਸ਼ ਅਤੇ ਮਾਮੂਲੀ ਮੁਜਰਿਮ ਹਨ ਅਤੇ ਜਦੋਂ ਕਾਨੂੰਨ ਕੁਝ ਨਹੀਂ ਕਰ ਸਕਦਾ ਤੁਸੀਂ ਉਨ੍ਹਾਂ ਦਾ ਸਫ਼ਾਇਆ ਕਰ ਦਿੰਦੇ ਹੋ।

ਸਵਾਲ: ਮੈਂ ਤਾਂ ਇਹ ਵੀ ਸੁਣਿਐ ਕਿ ਕਿਸੇ ਔਰਤ ਨੂੰ ਦਹਿਸ਼ਤਗਰਦ ਕਰਾਰ ਦੇ ਕੇ ਉਸਦਾ ਵੀ ਮੁਕਾਬਲਾ ਬਣਾਇਆ ਗਿਆ ਸੀ।

ਜਵਾਬ: ਹਾਂ, ਇਸੇ ਤਰ੍ਹਾਂ ਹੋਇਆ।

ਮੈਂ ਇਹ ਕਹਿ ਰਿਹਾ ਸੀ ਕਿ ਮੈਂ ਡੀ ਜੀ (ਡਾਇਰੈਕਟਰ ਜਨਰਲ) ਸੀ ਅਤੇ ਮੈਂ ਪੁਲਿਸ ਤੋਂ ਸੇਵਾ ਮੁਕਤ ਹੋ ਰਿਹਾ ਸੀ ਅਤੇ ਇਸ ਦੌਰਾਨ ਉਹ ਵੀ ਬਾਹਰੋਂ ਆ ਗਿਆ। ਇੰਝ ਉਹ ਪੁਲਿਸ ਦਾ ਡੀ ਜੀ ਬਣਨਾ ਚਾਹੁੰਦਾ ਸੀ। ਪਰ ਸਵਾਲ ਇਹ ਸੀ ਕਿ ਉਸ ਬੰਦੇ ਦੀ ਇਸ ਅਹੁਦੇ ਉਪਰ ਨਿਯੁਕਤੀ ਕਿਵੇਂ ਹੋ ਜਾਂਦੀ ਜੋ ਹਮੇਸ਼ਾ ਸਰਕਾਰ ਦੇ ਖਿਲਾਫ਼ ਕੋਈ ਨਾ ਕੋਈ ਪੁਆੜਾ ਖੜ੍ਹਾ ਕਰੀ ਰੱਖਦਾ ਸੀ?

ਸਵਾਲ: ਠੀਕ ਤਾਂ ਹੈ, ਉਹ ਸਰਕਾਰ ਦੇ ਖਿਲਾਫ਼ ਚੱਲਦਾ ਸੀ ਫਿਰ ਉਸਦੀ ਨਿਯੁਕਤੀ ਕਿਵੇਂ ਹੋ ਸਕਦੀ ਸੀ?

ਜਵਾਬ: ਹਾਂ, ਉਸ (ਕੁਲਦੀਪ ਸ਼ਰਮਾ) ਵਰਗੇ ਬੰਦੇ ਦੀ ਐਸੀ ਨਿਯੁਕਤੀ ਕੀਤੇ ਜਾਣ ਦੀ ਉਮੀਦ ਨਹੀਂ ਕੀਤੀ ਜਾਂਦੀ, ਇਸ ਕਰਕੇ ਉਸ ਨੂੰ ਹੋਰ ਪਾਸੇ ਨਿਯੁਕਤ ਕਰ ਦਿੱਤਾ ਗਿਆ।

**(ਬਾਕੀ ਅਗਲੇ ਅੰਕ ਵਿਚ)**

# Classified

## ਵਰ ਦੀ ਲੋੜ

**ਅਮਰੀਕਾ ਵਿਚ ਜਨਮੀ ਖ਼ੂਬਸੂਰਤ ਲੜਕੀ, ਉਮਰ 28, 5' 2'' ਲਈ ਜੱਟ ਸਿੱਖ ਪ੍ਰੋਫੈਸ਼ਨਲ, ਸ਼ੁੱਧ ਸ਼ਾਕਾਹਾਰੀ ਵਰ ਦੀ ਲੋੜ। ਬਿਜ਼ਨਸ ਮਾਰਕੀਟਿੰਗ ਵਿਚ ਬੈਚਲਰ ਡਿਗਰੀ। ਦਹੇਜ ਲੈਣ ਵਾਲੇ ਮੁਆਫ਼ ਕਰਨ। ਫੋਟੋ ਤੇ ਬਾਇਓਡੈਟਾ ਸਮੇਤ ਈਮੇਲ- 5RiversDeep@gmail.com. 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

## Bride WANTED

Seeking Jatt Sikh profesional, Pure Vegetarian match for our US born beautiful daughter, 28, 5' 2''. Bachelor's Degree in Business Marketing. Dowry seekers please excuse. Interested, please contact with photo and biodata at 5RiversDeep@gmail.com.

## ਬਾਦਲਾਂ ਦੇ ਹਲਕੇ 'ਚ ਪਰਵਾਸੀਆਂ ਨੇ ਸੰਭਾਲਿਆ 'ਆਪ' ਦਾ ਮੋਰਚਾ

ਪਰਵਾਸੀ ਭਾਰਤੀ ਕਮਲਜੀਤ ਸਿੱਧੂ, ਅਮਰੀਕਾ ਤੋਂ ਕਮਲ ਸੇਖੋਂ ਬਾਠ ਅਤੇ ਹਰਪ੍ਰੀਤ ਖੋਸਾ ਨੇ ਹਲਕਾ ਤਲਵੰਡੀ ਸਾਬੋ ਦੇ ਕਰੀਬ ਅੱਧੀ ਦਰਜਨ ਪਿੰਡਾਂ ਦਾ ਦੌਰਾ ਕੀਤਾ ਅਤੇ ਵੋਟਰਾਂ ਦੀ ਰਾਇ ਜਾਣੀ। ਇਨ੍ਹਾਂ ਆਗੂਆਂ ਨੇ ਵੋਟਰਾਂ ਨੂੰ 'ਆਪ' ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਪਿੰਡ ਕੋਟਸ਼ਮੀਰ ਵਿੱਚ ਵੀ ਇਨ੍ਹਾਂ ਆਗੂਆਂ ਨੇ ਵੋਟਰਾਂ ਨਾਲ ਰਾਬਤਾ ਕਾਇਮ ਕੀਤਾ। ਪਰਵਾਸੀ ਭਾਰਤੀਆਂ ਨੇ ਰਾਮਾ ਮੰਡੀ ਵਿਖੇ ਤਲਵੰਡੀ ਸਾਬੋ ਤੋਂ 'ਆਪ' ਉਮੀਦਵਾਰ ਪ੍ਰੋ.ਬਲਜਿੰਦਰ ਕੌਰ ਦੀ ਰੈਲੀ ਵਿਚ ਸ਼ਮੂਲੀਅਤ ਕੀਤੀ ਅਤੇ ਰੈਲੀ ਮਗਰੋਂ 'ਆਪ' ਆਗੂ ਸੰਜੇ ਸਿੰਘ ਨਾਲ ਮੁਲਾਕਾਤ ਕੀਤੀ।

ਉਨ੍ਹਾਂ ਦੱਸਿਆ ਕਿ ਉਹ ਆਉਂਦੇ ਦਿਨਾਂ ਵਿੱਚ ਕੁਝ ਲੋਕਾਂ ਦੇ ਗਰੁੱਪਾਂ ਨੂੰ 'ਆਪ' ਵਿੱਚ ਸ਼ਾਮਲ ਕਰਨਗੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਹੀ ਕੈਨੇਡਾ ਤੋਂ ਟੈਲੀਫੋਨ ਰਾਹੀਂ ਰਾਬਤਾ ਬਣਾਇਆ ਹੋਇਆ ਸੀ, ਜਿਸ ਨੂੰ ਹਕੀਕੀ ਰੂਪ ਦੇਣ ਲਈ ਉਹ ਹਲਕਾ ਲੰਬੀ ਅਤੇ ਜ਼ਿਲ੍ਹਾ ਮਾਨਸਾ ਦੇ ਪਿੰਡਾਂ ਵਿੱਚ ਵੀ ਜਾਣਗੇ। 'ਆਪ' ਆਗੂਆਂ ਨੇ ਦੱਸਿਆ ਕਿ ਉਹ ਹਲਕਾ ਲੰਬੀ ਅਤੇ ਜਲਾਲਾਬਾਦ ਦੇ ਪਿੰਡਾਂ ਵਿੱਚ ਵੀ ਜਾਣਗੇ। ਇਨ੍ਹਾਂ ਆਗੂਆਂ ਨੂੰ 'ਆਪ' ਦੀ ਹਰ ਗਤੀਵਿਧੀ ਨੂੰ ਸੋਸ਼ਲ ਮੀਡੀਆ 'ਤੇ ਅਪਲੋਡ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

## ਪਰਵਾਸੀਆਂ ਦੀ ਆਮਦ ਤੋਂ ਖ਼ਫਾ ਕੁਝ ਰਾਜਸੀ ਧਿਰਾਂ ਚੋਣ ਕਮਿਸ਼ਨ ਕੋਲ ਪੁੱਜੀਆਂ

ਰਹੀ ਜਿਸ ਤਰ੍ਹਾਂ ਦੀ ਹਮਾਇਤ 'ਆਪ' ਅਤੇ ਕਾਂਗਰਸ ਨੂੰ ਮਿਲ ਰਹੀ ਹੈ। ਪਰਵਾਸੀਆਂ ਦੀਆਂ ਚੋਣਾਂ ਵਿਚ ਦਿਲਚਸਪੀ ਕਾਰਨ ਚੋਣ ਕਮਿਸ਼ਨ ਨੂੰ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਸੂਤਰਾਂ ਮੁਤਾਬਕ ਜਿਸ ਸਿਆਸੀ ਧਿਰ ਨੂੰ ਪਰਵਾਸੀਆਂ ਦੀਆਂ ਸਰਗਰਮੀਆਂ ਕਾਰਨ ਨੁਕਸਾਨ ਹੋਣ ਦਾ ਖ਼ਦਸ਼ਾ ਹੈ ਉਸ ਵੱਲੋਂ ਹੀ ਲੁਕਵੇਂ ਰੂਪ ਵਿਚ ਸ਼ਿਕਾਇਤਾਂ ਕਰਾਈਆਂ ਗਈਆਂ ਹਨ। ਮੁੱਖ ਚੋਣ ਅਧਿਕਾਰੀ ਵੀ ਕੇ ਸਿੰਘ ਨੇ ਕਿਹਾ ਕਿ ਪਰਵਾਸੀਆਂ ਦੀਆਂ ਸਰਗਰਮੀਆਂ ਬਾਰੇ ਕਈ ਸ਼ਿਕਾਇਤਾਂ ਮਿਲੀਆਂ ਸਨ। ਇਨ੍ਹਾਂ ਸ਼ਿਕਾਇਤਾਂ 'ਤੇ ਚੋਣ ਕਮਿਸ਼ਨ ਦਾ ਸੁਝਾਅ ਮੰਗਿਆ ਗਿਆ ਹੈ। ਕਮਿਸ਼ਨ ਵੱਲੋਂ ਇਸ ਮਾਮਲੇ ਵਿਚ ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲੇ ਦੀ ਸਲਾਹ ਲੈਣ ਬਾਅਦ ਹੀ ਕੋਈ ਫੈਸਲਾ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਅਕਾਲੀ ਪਰਵਾਸੀਆਂ ਤੋਂ ਖ਼ਤਰਾ ਮਹਿਸੂਸ ਕਰ ਰਹੇ ਹਨ।

## ਤਖਤ ਬਹੈ ਤਖਤੇ ਕੇ ਲਾਇਕ

ਦਾ ਹੁੰਦਾ ਹੈ। ਉਹ ਸਟੇਟ ਤੇ ਕਬਜਾ ਕਰਕੇ ਫਿਰ ਸਟੇਟ ਮਸ਼ੀਨਰੀ ਨੂੰ ਆਪਣੇ ਘਟੀਆ ਹਰਬਿਆਂ ਅਤੇ ਨਿਸ਼ਾਨਿਆਂ (Ulterior Motives) ਲਈ ਵਰਤਦੇ ਹਨ। (Anthony Smith-Nationalism in Twentieth Century)

ਇਤਾਲਵੀ ਫਾਸ਼ੀ ਡਿਕਟੇਟਰ ਮੁਸੋਲਿਨੀ ਨੇ ਅਜਿਹੀ ਮਾਰੂ ਨੇਸ਼ਨ-ਸਟੇਟ' ਬਾਰੇ ਵਿਆਖਿਆ ਕਰਦੇ ਹੋਏ ਸਪਸ਼ਟ ਆਖਿਆ ਕਿ,ਫਾਸ਼ੀਵਾਦ ਦਾ ਮੁਖ਼ ਨਿਸ਼ਾਨਾ ਹੀ ਇੱਕ ਅਜਿਹੀ ਸਟੇਟ ਕਾਇਮ ਕਰਨ ਦਾ ਹੈ ਜੋ ਨਿਰਕੁੰਸ਼ ਹੋਵੇ ਅਤੇ ਜਿੱਥੇ ਵਸਣ ਵਾਲੇ ਲੋਕ ਉਸ ਸਟੇਟ ਦੀ ਹਰ ਆਗਿਆ ਦਾ ਪਾਲਣ ਕਰਨ ਵਾਲੇ ਹੋਣ ਅਤੇ ਕਿਸੇ ਨੂੰ ਵੀ ਸਟੇਟ ਦੇ ਫੈਸਲਿਆਂ ਦਾ ਵਿਰੋਧ ਕਰਨ ਦੀ ਗੱਲ ਨਹੀ ਸੋਚਣੀ ਚਾਹੀਦੀ'।

ਫ਼ਾਸ਼ੀ ਸਟੇਟ ਦੀ ਇੱਕ ਹੋਰ ਵਰਨਣਯੋਗ ਖਾਸੀਅਤ ਇਹ ਹੈ ਕਿ ਇਹ ਪਾਰਲੀਮਾਨੀ ਸਿਸਟਮ ਖਤਮ ਕਰਕੇ ਸਭ ਕੁਝ ਇੱਕ ਵਾਹਦ ਆਗੂ' (Leader) ਅੱਗੇ ਸਮਰਪਿਤ ਕਰਦੀ ਹੈ।

ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਭਾਰਤ ਦਾ ਪ੍ਰਧਾਨ ਮੰਤਰੀ ਆਪਣੀਆਂ ਪਾਰਲੀਮੈਂਟਰੀ ਜਿੰਮੇਵਾਰੀਆਂ ਨੂੰ ਵਿਸਾਰ ਕੇ, ਸੰਸਥਾ ਦੇ ਲੀਡਰ' ਅੱਗੇ ਜੁਆਬਦੇਹੀ ਕਰਦਾ ਹੈ।

ਫਾਸ਼ੀ ਸਟੇਟ ਹਰ ਵੇਲੇ ਹਿੰਸਾ ਦੇ ਸੋਹਲੇ ਗਾਉਂਦੀ ਹੈ ਅਤੇ ਹਿੰਸਾ ਤੋਂ ਪਾਰ ਦੇਖਣ ਦੀ ਉਸ ਵਿੱਚ ਸਮਰਥਾ ਹੀ ਨਹੀ ਹੁੰਦੀ। ਇਹ ਹਮੇਸ਼ਾ ਹਿੰਸਾ ਦੇ ਸੋਹਲੇ ਗਾਉਂਦੀ ਅਤੇ ਜੰਗ ਦਾ ਮਹੌਲ ਬਣਾਈ ਰੱਖਣਾ ਚਾਹੁੰਦੀ ਹੈ। ਇਸਦੇ ਮਨ ਵਿੱਚ ਘੱਟ-ਗਿਣਤੀਆਂ ਲਈ ਕੋਈ ਸਤਿਕਾਰ ਨਹੀ ਹੁੰਦਾ। ਇਹ ਘੱਟ-ਗਿਣਤੀਆਂ ਨੂੰ ਜੋਕਾਂ (Parasites) ਵਾਂਗ ਦੇਖਦੀ ਹੈ ਜਿਨ੍ਹਾਂ ਦਾ ਹਰ ਹੀਲੇ ਖਾਤਮਾ ਕੀਤਾ ਜਾਣਾਂ ਚਾਹੀਦਾ ਹੈ। ਸਿਰਫ ਸਰੀਰਕ ਖਾਤਮਾ ਹੀ ਨਹੀ ਬਲਕਿ ਇਤਿਹਾਸਕ ਅਤੇ ਕਲਾਤਮਿਕ ਖਾਤਮਾ ਵੀ। ਇਸ ਸੰਦਰਭ ਵਿੱਚ ਐਨਥਨੀ ਸਮਿੱਥ ਨੇ ਫਾਸ਼ੀ ਵਿਚਾਰਧਾਰਾ ਦੇ ਪ੍ਰਭਾਵ ਥੱਲੇ ਆਏ ਜਰਮਨ ਵਿਦਵਾਨ ਵੈਗਨਰ ਦਾ ਜਿਕਰ ਕੀਤਾ ਹੈ ਜਿਸਨੇ ਫਾਸ਼ੀ ਵਿਚਾਰਧਾਰਾ ਅਧੀਨ, ਜਰਮਨ ਇਤਿਹਾਸ ਨੂੰ ਯਹੂਦੀਵਾਦ ਤੋਂ ਮੁਕਤ ਕਰਨ (Dejudisation of German Art) ਦਾ ਨਾਅਰਾ ਲਗਾ ਦਿੱਤਾ ਸੀ।

### ਫ਼ਾਸ਼ੀਵਾਦ ਅਤੇ ਜੁਝਾਰੂਵਾਦ ਦਾ ਫਰਕ

ਇਹ ਗੱਲ ਸਹੀ ਹੈ ਕਿ ਜੁਝਾਰੂ ਲਹਿਰਾਂ ਦਾ ਅੰਤਮ ਨਿਸ਼ਾਨਾ ਵੀ ਆਪਣਾਂ ਅਜ਼ਾਦ ਮੁਲਕ ਸਿਰਜਣਾ ਹੁੰਦਾ ਹੈ ਅਤੇ ਫਾਸ਼ੀਵਾਦੀ ਲੋਕ ਵੀ ਸਟੇਟ ਹਥਿਆਉਂਣੀ ਚਾਹੁੰਦੇ ਹਨ। ਪਰ ਇੱਥੇ ਫਰਕ ਦੋਵਾਂ ਦੇ ਨਿਸ਼ਾਨਿਆਂ ਅਤੇ ਕਿਰਦਾਰਾਂ ਦਾ ਹੈ।

ਜੁਝਾਰੂਆਂ ਲਈ ਉਨ੍ਹਾਂ ਦਾ ਕੌਮੀ ਸਰੂਪ ਅਜਿਹੇ ਲੋਕਾਂ ਤੋਂ ਹੁੰਦਾ ਹੈ ਜੋ ਹੋਰਨਾ ਕੌਮਾਂ ਤੋਂ ਆਪਣੇ ਨਿਆਰੇ ਇਤਿਹਾਸ, ਧਰਮ ਅਤੇ ਬੋਲੀ ਦੇ ਨਿਆਰੇਪਣ ਕਾਰਨ ਵੱਖਰੇ ਹੁੰਦੇ ਹਨ।

ਜੁਝਾਰੂਆਂ ਲਈ ਹੋਮਲੈਂਡ ਦਾ ਭਾਵ ਅਜਿਹੇ ਖਿੱਤੇ ਤੋਂ ਹੁੰਦਾ ਹੈ ਜਿੱਥੇ ਰਹਿਣ ਵਾਲੇ ਲੋਕ ਸੰਪੂਰਨ ਤੌਰ ਤੇ ਅਜ਼ਾਦ ਹੋਣ, ਸਾਰਿਆਂ ਨੂੰ ਬਰਾਬਰ ਦੇ ਹੱਕ ਹੋਣ। ਸਾਰੇ ਆਪਣੇ ਹੱਕਾਂ ਅਤੇ ਜਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਆਦਰਸ਼ਕ ਮਨੁੱਖ ਬਣਨ ਵੱਲ ਵਧਣ। ਜੁਝਾਰੂਆਂ ਲਈ ਹੋਮਲੈਂਡ ਦਾ ਰਾਹ ਸਿਰਫ ਸੱਤਾ ਹਾਸਲ ਕਰਕੇ ਹੀ ਨਹੀ ਮੁੱਕ ਜਾਂਦਾ ਬਲਕਿ ਉਨ੍ਹਾਂ ਨੇ ਤਾਂ ਇੱਕ ਅਜਿਹਾ ਆਦਰਸ਼ਕ ਮਨੁੱਖ ਸਿਰਜਣਾ ਹੁੰਦਾ ਹੈ ਜੋ ਵਾਹਿਗੁਰੂ ਵੱਲੋਂ ਸਿਰਜੇ ਵਿਸ਼ੇਸ਼ ਲੋਕਾਂ ਦੀ ਨਿਆਰੀ ਪਹਿਚਾਣ ਨੂੰ ਕਾਇਮ ਰੱਖ ਸਕੇ। ਜੁਝਾਰੂਆਂ ਦੇ ਹੋਮਲੈਂਡ ਦਾ ਮਤਲਬ ਭਾਈਚਾਰੇ ਦੀ ਭਾਵਨਾ ਨੂੰ ਮਜਬੂਤ ਕਰਕੇ ਸਮਾਜ ਨੂੰ ਇੱਕਜੁਟਤਾ ਅਤੇ ਅਜ਼ਾਦੀ ਦੀ ਭਾਵਨਾ ਨਾਲ ਸਰਸ਼ਾਰ ਕਰਨ ਦਾ ਹੁੰਦਾ ਹੈ।

ਜਦੋਂ ਕਿ ਫਾਸ਼ੀਵਾਦੀ, ਕੌਮੀ ਜਜਬੇ ਅਤੇ ਨੇਸ਼ਨ ਸਟੇਟ ਨੂੰ ਇੱਕ ਸੰਦ ਵੱਜੋਂ ਦੇਖਦੇ ਹਨ। ਉਨ੍ਹਾਂ ਲਈ ਕੌਮੀ ਜਜਬਾ ਅਤੇ ਨੇਸ਼ਨ ਸਟੇਟ ਤਾਕਤ ਦਾ ਸੋਮਾ (Power House) ਹੁੰਦਾ ਹੈ- ਹਥਿਆਰਾਂ ਦਾ ਅਜਿਹਾ ਭੰਡਾਰ ਜਿਸਨੂੰ ਉਹ ਆਪਣੀ ਇੱਛਾ, ਤਾਕਤ ਅਤੇ ਸੱਤਾ ਜਬਰੀ ਥੋਪਣ ਲਈ ਵਰਤਦੇ ਹਨ। ਇੱਥੇ ਵਿਅਕਤੀ ਦੀ ਨਿੱਜੀ ਅਜ਼ਾਦੀ ਦਾ ਕੋਈ ਸਬੰਧ ਨਹੀ ਸਭ ਕੁਝ ਨੇਸ਼ਨ-ਸਟੇਟ ਦੀ ਇੱਛਾ ਸ਼ਕਤੀ ਤੇ ਹੀ ਨਿਰਭਰ ਕਰਦਾ ਹੈ। ਨੇਸ਼ਨ ਦੀ ਨਾਗਰਿਕਤਾ ਫਾਸ਼ੀਵਾਦੀਆਂ ਲਈ ਕੋਈ ਅਰਥ ਨਹੀ ਰੱਖਦੀ। ਉਨ੍ਹਾਂ ਲਈ ਕਿਸੇ ਨਾਗਰਿਕ ਦੇ ਸਤਿਕਾਰ ਦੇ ਕੋਈ ਮਾਅਨੇ ਨਹੀ ਹੁੰਦੇ। ਫ਼ਾਸ਼ੀਵਾਦੀਆਂ ਦੀ ਨੇਸ਼ਨ ਸਟੇਟ ਦਾ ਮਤਲਬ ਕਿਸੇ ਇਖਲਾਕੀ ਉੱਚਤਾ ਦੇ ਮਾਡਲ ਰਾਹੀਂ ਕੌਮ ਦੀ ਪਹਿਚਾਣ ਸਥਾਪਤ ਕਰਨਾ ਨਹੀ ਹੁੰਦਾ ਬਲਕਿ ਸੱਤਾ ਦੀ ਨਿਰਕੁੰਸ਼ ਵਰਤੋਂ ਕਰਨ ਦਾ ਹੁੰਦਾ ਹੈ। ਜੁਝਾਰੂ ਕੌਮਵਾਦੀ ਜਦੋਂ ਅਜ਼ਾਦ ਹੋ ਜਾਂਦੇ ਹਨ ਤਾਂ ਉਹ ਆਪਣੇ ਸਾਂਝੇ ਇਤਿਹਾਸ ਦੀ ਸਿਮਰਤੀ ਰਾਹੀਂ ਕੌਮੀ ਜਜਬੇ ਨੂੰ ਮਜਬੂਤ ਕਰਨ ਦਾ ਯਤਨ ਕਰਦੇ ਹਨ।

ਪਰ ਫਾਸ਼ੀਵਾਦੀਆਂ ਲਈ ਇਤਿਹਾਸ ਵੀ ਕਿਸੇ ਜਜਬੇ ਜਾਂ ਕੌਮੀ ਰੀਝ ਦੀ ਉਤਪਤੀ ਦਾ ਮਾਡਲ ਨਹੀ ਹੁੰਦਾ ਬਲਕਿ ਕਮਜ਼ੋਰ ਲੋਕਾਂ ਤੇ ਕੀਤੇ ਜਬਰ ਰਾਹੀਂ ਹਥਿਆਈ ਸੱਤਾ ਦੇ ਕਾਰਨਾਮਿਆਂ ਦਾ ਭੰਡਾਰ ਹੁੰਦਾ ਹੈ। ਤਾਕਤ ਦੀ ਕਮਜ਼ੋਰੀ ਤੇ ਜਿੱਤ, ਮੈਕਿਆਵਲੀ ਚਾਲਬਾਜ਼ੀ ਦੀ ਸਧਾਰਨਤਾ ਤੇ ਉੱਤਮਤਾ। ਸਿਆਣਪ, ਸੰਜਮ ਅਤੇ ਸੰਤੁਲਨ ਉੱਤੇ ਬੌਧਿਕ-ਵਧੀਕੀ ਦੀ ਜਿੱਤ।

ਜੁਝਾਰੂ ਜਿੱਥੇ ਆਪਣੇ ਹੋਮਲੈਂਡ ਨੂੰ ਰੂਹਾਨੀ ਨਜ਼ਰ ਨਾਲ ਦੇਖਦੇ ਅਤੇ ਅਤੇ ਇਸਦੀ ਪਵਿੱਤਰਤਾ ਨੂੰ ਉਸੇ ਭਾਵਨਾ ਨਾਲ ਬਹਾਲ ਰੱਖਣੀ ਚਾਹੁੰਦੇ ਹਨ ਦੂਜੇ ਪਾਸੇ ਫਾਸ਼ੀਵਾਦੀਆਂ ਲਈ ਸਟੇਟ ਮਹਿਜ਼ ਕਬਜੇ ਅਤੇ ਗੁਲਾਮੀ (Conquest and Enslavement) ਦਾ ਸੰਦ ਹੁੰਦੀ ਹੈ। (Anthony Smith-Nationalism in Twentieth Century)

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਨੇਸ਼ਨ-ਸਟੇਟ ਦੇ ਸੰਦਰਭ ਵਿੱਚ ਇਹ ਬਹੁਤ ਹੀ ਕਰੂਰ ਇਤਿਹਾਸਕ ਹਕੀਕਤਾਂ ਸਾਡੇ ਸਾਹਮਣੇ ਹਨ।

ਅਰਜੁਨ ਅੱਪਾਦੁਰਾਈ ਨੇ ਆਖਿਆ ਹੈ ਕਿ ਸੰਕਟ ਉਦੋਂ ਖੜ੍ਹਾ ਹੁੰਦਾ ਹੈ ਜਦੋਂ ਬਹੁ-ਕੌਮੀ ਮੁਲਕ ਨੂੰ ਸਟੇਟ ਦੀ ਫੌਜੀ ਸ਼ਕਤੀ ਰਾਹੀਂ ਇੱਕ-ਕੌਮੀ ਸਟੇਟ ਭਾਵ ਨੇਸ਼ਨ ਸਟੇਟ ਬਣਾਉਣ ਦਾ ਯਤਨ ਹੁੰਦਾ ਹੈ।

ਸਮਿੱਥ ਵੀ ਆਖਦਾ ਹੈ ਕਿ ਜਦੋਂ ਕਿਸੇ ਮੁਲਕ ਤੇ ਰਾਜ ਕਰ ਰਹੀ ਭਾਰੂ ਬਹੁਗਿਣਤੀ ਆਪਣੇ ਸਮੂਹ ਦੀ ਇਤਿਹਾਸਕ ਯਾਦ ਨੂੰ ਕੌਮੀ ਯਾਦ (National Memory) ਬਣਾ ਕੇ ਥੋਪਣ ਲੱਗ ਜਾਵੇ ਉਦੋਂ ਫਿਰ ਛੋਟੀਆਂ ਕੌਮਾਂ ਬਗਾਵਤ ਕਰ ਦੇਂਦੀਆਂ ਹਨ। ਖਾਸ ਕਰਕੇ ਜਦੋਂ ਛੋਟੀਆਂ ਕੌਮਾਂ ਦਾ ਆਪਣਾ ਜਾਂਬਾਜ ਇਤਿਹਾਸ ਹੋਵੇ। ਇਸ ਸੰਦਰਭ ਵਿੱਚ ਨੇਸ਼ਨ-ਸਟੇਟ ਦੇ ਖੂੰਖਾਰੂ ਖਾਸੇ ਨੂੰ ਸਮਝਣ ਦੀ ਲੋੜ ਹੈ ਅਤੇ ਸਿੱਖ ਸਟੇਟ ਦੇ ਭਵਿੱਖ ਬਾਰੇ ਕੋਈ ਯੋਜਨਾਬੱਧ ਡਾਕੂਮੈਂਟ ਲਿਆਉਣ ਦੀ ਲੋੜ ਹੈ। ਜੇ ਕਿਸੇ ਇਤਿਹਾਸਕਾਰ ਨੇ ਫਾਸ਼ੀ (ਭਾਰਤੀ) ਨੇਸ਼ਨ-ਸਟੇਟ ਦਾ ਕਿਰਦਾਰ ਸਾਹਮਣੇ ਲਿਆਂਦਾ ਹੈ ਤਾਂ ਹੁਣ ਸਾਰਾ ਭਾਰ ਉਸੇ ਤੇ ਹੀ ਨਾ ਪਾਇਆ ਜਾਵੇ। ਨੈਸ਼ਨਲਇਜ਼ਮ ਦੇ ਸਿੱਖ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਰੀਲੇਅ ਰੇਸ ਦਾ ਡੰਡਾ ਫੜ ਕੇ ਇਸ ਕਾਰਜ ਨੂੰ ਅੱਗੇ ਵਧਾਉਣ। ਨੈਸ਼ਨਲਇਜ਼ਮ ਦਾ ਅਧਿਆਇ ਕਿਸੇ ਇੱਕ ਅੱਧੇ ਵਿਦਵਾਨ ਜਾਂ ਇੱਕ ਅੱਧੀ ਕਿਤਾਬ ਦਾ ਮੁਥਾਜ ਨਹੀ ਹੈ। ਹਜਾਰਾਂ ਕਿਤਾਬਾਂ ਵੀ ਇਸਦੇ ਸਾਰੇ ਵਜੂਦ ਦੀ ਵਿਆਖਿਆ ਨਹੀ ਕਰ ਸਕਦੀਆਂ। ਸਾਨੂੰ ਇਸ ਪਾਸੇ ਸੁਹਿਰਦ ਯਤਨ ਕਰਨੇ ਚਾਹੀਦੇ ਹਨ।

ਸਭ ਤੋਂ ਪਹਿਲਾਂ ਤਾਂ ਨੇਸ਼ਨ-ਸਟੇਟ ਅਤੇ ਨੈਸ਼ਨਲ-ਸਟੇਟ ਦੇ ਖਾਸੇ ਨੂੰ ਸਮਝਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਉਸ ਤੋਂ ਬਾਅਦ ਭਵਿੱਖ ਦੀ ਸਿੱਖ ਸਟੇਟ ਬਾਰੇ ਸੋਚਿਆ ਜਾਣਾਂ ਚਾਹੀਦਾ ਹੈ

ਸਮਿੱਥ ਆਖਦਾ ਹੈ ਕਿ ਕੋਈ ਕੌਮ ਮਹਿਜ਼ ਆਪਣੇ ਸਾਂਝੇ ਨਿਸ਼ਾਨ ਚਿੰਨ੍ਹਾਂ ਅਤੇ ਸਾਂਝੀਆਂ ਯਾਦਾਂ ਕਰਕੇ ਹੀ ਸੰਪੂਰਨ ਨਹੀ ਹੋ ਜਾਂਦੀ ਬਲਕਿ ਉਸਦੀ ਯਾਦ ਵਿੱਚ ਆਪਣੇ ਗਵਾਚੇ ਹੋਏ ਹੋਮਲੈਂਡ ਦੀ ਕਸਕ ਅਤੇ ਉਸ ਇਤਿਹਾਸਕ ਧਰਤੀ ਨਾਲ ਲਗਾਅ ਵੀ ਕੌਮੀ ਭਾਵਨਾ ਨੂੰ ਮਜਬੂਤ ਕਰਨ ਦਾ ਵੱਡਾ ਕਾਰਨ ਹੈ। ਇਹ ਸਾਂਝੀਆਂ ਯਾਦਾਂ ਅਤੇ ਸਾਂਝੇ ਦਰਦ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਦੇ ਨਾਂਅ ਇੱਕ ਅਜਿਹੀ ਬੰਨ੍ਹਵੀ ਵਿਰਾਸਤ ਕਰ ਦੇਂਦੀਆਂ ਹਨ ਜੋ ਉਨ੍ਹਾਂ ਨੂੰ ਔਕੜਾਂ ਵਿੱਚ ਰਾਹ ਦਿਖਾਉਂਦੀ ਰਹਿੰਦੀ ਹੈ।

ਸਮਿੱਥ ਆਖਦਾ ਹੈ ਕਿ,ਆਪਣੇ ਪੁਰਖਿਆਂ ਦੀ ਪਵਿੱਤਰ ਧਰਤੀ ਨਾਲ ਗਹਿਰਾ ਲਗਾਅ ਕੌਮ ਨੂੰ ਉਹ ਧਰਤੀ ਮੁੜ ਹਾਸਲ ਕਰ ਲੈਣ ਦੀ ਰੀਝ ਨਾਲ ਓਤਪੋਤ ਕਰ ਦੇਂਦਾ ਹੈ ਜਿੱਥੇ ਕੌਮ ਦੇ ਵੱਡੇ ਵਡੇਰਿਆਂ ਨੇ ਸੁਨਹਿਰਾ ਇਤਿਹਾਸ ਸਿਰਜਿਆ ਹੁੰਦਾ ਹੈ। ਆਪਣੇ ਹੋਮਲੈਂਡ ਨੂੰ ਰੱਬ ਵੱਲੋਂ ਬਖਸ਼ੀ ਦਾਤ ਸਮਝ ਕੇ ਵਿਚਰਨ ਵਾਲੀ ਕੌਮ ਦੇ ਮਨ ਵਿੱਚ ਇਹ ਅਹਿਸਾਸ ਮਜਬੂਤ ਹੋ ਜਾਂਦਾ ਹੈ ਕਿ ਇਹ ਨਿਆਰੀ ਧਰਤੀ ਪ੍ਰਮਾਤਮਾ ਨੇ ਆਪਣੇ ਖਾਸ ਚੁਣੇ ਹੋਏ ਲੋਕਾਂ ਲਈ ਬਖਸ਼ੀ ਹੈ। ਰੂਹਾਨੀ ਧਰਤੀ ਅਤੇ ਪਵਿੱਤਰ ਮਿੱਟੀ ਹੀ ਪ੍ਰਮਾਤਮਾ ਵੱਲੋਂ ਸਾਜੇ ਵਿਸ਼ੇਸ਼ ਲੋਕਾਂ ਦੇ ਅਨੁਕੂਲ ਹੋ ਸਕਦੀ ਹੈ। ਪ੍ਰਮਾਤਮਾ ਦੀ ਵਿਸ਼ੇਸ਼ ਔਲਾਦ ਉਸ ਧਰਤੀ ਤੇ ਹੀ ਵਸ ਸਕਦੀ ਹੈ ਜਿੱਥੇ ਉਨ੍ਹਾਂ ਦੇ ਮਾਤਾ ਪਿਤਾ ਵਸਦੇ ਰਹੇ ਸਨ, ਜਿੱਥੇ ਉਨ੍ਹਾਂ ਦੇ ਬਹਾਦਰ ਸੂਰਮੇ ਸੰਘਰਸ਼ ਕਰਦੇ ਰਹੇ ਸਨ,ਜਿੱਥੇ ਉਨ੍ਹਾਂ ਦੇ ਸੰਤ ਅਰਦਾਸਾਂ ਕਰਦੇ ਰਹੇ ਸਨ। ਉਹ ਮੈਦਾਨ, ਉਹ ਪਰਬਤ ਅਤੇ ਉਹ ਖੇਤ ਜਿੱਥੇ ਸਾਡੇ ਪੁਰਖਿਆਂ ਦਾ ਲਹੂ ਡੁੱਲ੍ਹਿਆ ਹੈ ਉਸ ਪਵਿਤਰ ਧਰਤ ਤੇ ਵਸਣਾਂ ਵਿਸ਼ੇਸ਼ ਲੋਕਾਂ ਦਾ ਅਧਿਕਾਰ ਬਣ ਜਾਂਦਾ ਹੈ। (Smith-Myths and Memories of the Nation) ਇਸ ਲਈ ਪ੍ਰਮਾਤਮਾ ਦੀ ਵਿਸ਼ੇਸ਼ ਔਲਾਦ ਦੇ ਮਨ ਵਿੱਚ ਜੇ ਆਪਣੇ ਗਵਾਚੇ ਹੋਮਲੈਂਡ ਨੂੰ ਪ੍ਰਾਪਤ ਕਰ ਲੈਣ ਦੀ ਕਸਕ ਹੈ ਤਾਂ ਉਸ ਵਿਸ਼ੇਸ਼ ਔਲਾਦ ਨੂੰ ਇਹ ਵੀ ਸਮਝ ਹੋਣੀ ਚਾਹੀਦੀ ਹੈ ਕਿ ਹੋਮਲੈਂਡ ਦੀ ਪ੍ਰਾਪਤੀ ਮਹਿਜ਼ ਸੱਤਾ ਅਤੇ ਸ਼ਕਤੀ ਹਥਿਆ ਲੈਣ ਲਈ ਹੀ ਕੀਤੀ ਹੈ ਜਾਂ ਵਾਹਿਗੁਰੂ ਵੱਲੋਂ ਬਖਸ਼ੀ ਕਿਸੇ ਰੂਹਾਨੀ ਜਿੰਮੇਵਾਰੀ ਨੂੰ ਨਿਭਾਉਣ ਲਈ।

ਅਸੀਂ ਸਮਝਦੇ ਹਾਂ ਕਿ ਸਿੱਖਾਂ ਵੱਲੋਂ ਹੋਮਲੈਂਡ ਪ੍ਰਾਪਤ ਕਰਨ ਦੀ ਕਸਰਤ ਆਮ ਦੁਨੀਆਂ ਵਾਂਗ ਆਪਣੀ ਚੌਧਰ ਚਲਾਉਣ ਦੇ ਨਿਸ਼ਾਨਿਆਂ ਨੂੰ ਨਹੀ ਪ੍ਰਣਾਈ ਹੋਈ ਬਲਕਿ ਵਾਹਿਗੁਰੂ ਜੀ ਦੇ ਕਿਸੇ ਵੱਡੇ ਰੂਹਾਨੀ ਮਿਸ਼ਨ ਨੂੰ ਸੰਪੂਰਨ ਕਰਨ ਲਈ ਲੱਗੀ ਹੋਈ ਡਿਊਟੀ ਹੈ। ਇਸ ਡਿਊਟੀ ਨੂੰ ਆਦਰਸ਼ਕ ਜੁਝਾਰੂ ਹੀ ਸਮਝ ਸਕਦੇ ਹਨ ਸੱਤਾ ਹਥਿਆਉਣ ਲਈ ਕਾਹਲੇ ਲੋਕ ਨਹੀ।

ਗੁਰਬਾਣੀ ਦਾ ਵੀ ਫੁਰਮਾਨ ਹੈ-
ਤਖਤਿ ਬਹੈ ਤਖਤੈ ਕੇ ਲਾਇਕੁ

## ਕੀ ਤਬਦੀਲੀ ਦਾ ਰੁਝਾਨ ਰਾਹਤਕਾਰੀ ਵੀ ਹੋਵੇਗਾ ?

ਮੇਰਾ ਆਪਣਾ ਅਨੁਮਾਨ ਹੈ ਕਿ ਦੋਵੇਂ ਸਰਵੇਖਣਾਂ ਲਈ ਲਗਭਗ ਇੱਕੋ ਜਿਹੇ ਅੰਕੜੇ ਹੀ ਇਕੱਠੇ ਕੀਤੇ ਗਏ ਹਨ। ਵੋਟਰਾਂ ਨੂੰ ਜਦੋਂ ਪੁੱਛਿਆ ਗਿਆ ਕਿ ਜੇ ਭਲਕੇ ਵੋਟਾਂ ਪੈਣ ਤਾਂ ਉਹ ਕਿਸ ਨੂੰ ਵੋਟਾਂ ਪਾਉਣਗੇ, ਤਾਂ ਜਵਾਬ ਇੱਕੋ-ਜਿਹੇ ਸਨ: ਅਕਾਲੀ-ਭਾਜਪਾ: 36-40 ਫ਼ੀਸਦੀ, ਕਾਂਗਰਸ: 33-39 ਫ਼ੀਸਦੀ, ਆਮ ਆਦਮੀ ਪਾਰਟੀ: 20-24 ਫ਼ੀਸਦੀ ਅਤੇ ਬਾਕੀ ਦੀਆਂ ਪਾਰਟੀਆਂ 5 ਫ਼ੀਸਦੀ। ਹੁਣ ਸੀਐੱਸਡੀਐੱਸ ਨੇ ਇੱਕ ਰੁਟੀਨ ਸਮਾਯੋਜਨ ਕਰਦਿਆਂ 'ਹੋਰ ਪਾਰਟੀਆਂ' ਨੂੰ ਸੋਧ ਕੇ 14 ਫ਼ੀਸਦੀ ਕਰ ਦਿੱਤੀ ਹੈ। ਬਾਕੀ ਦੇ ਹਰੇਕ ਨੂੰ ਅਨੁਪਾਤਕ ਰੂਪ ਵਿੱਚ ਸੁੰਗੇੜ ਦਿੱਤਾ ਗਿਆ ਹੈ ਅਤੇ ਉਨ੍ਹਾਂ ਇਹ ਅੰਕੜੇ ਜਨਤਾ ਲਈ ਪੇਸ਼ ਕੀਤੇ ਹਨ। ਇਨ੍ਹਾਂ ਅੰਕੜਿਆਂ ਵਿੱਚ ਅਕਾਲੀ-ਭਾਜਪਾ ਲਈ ਲੋੜ ਤੋਂ ਵੱਧ ਰਿਪੋਰਟਿੰਗ ਕੀਤੀ ਗਈ ਹੋ ਸਕਦੀ ਹੈ (ਸਰਵੇਖਣ ਦੇ ਸੁਆਲਾਂ ਦੇ ਜੁਆਬ ਦੇਣ ਵਾਲਿਆਂ ਵੱਲੋਂ, ਸੀ.ਐੱਸ.ਡੀ.ਐੱਸ. ਵੱਲੋਂ ਨਹੀਂ) ਅਤੇ ਉਹ ਵੀ ਸੱਤਾਧਾਰੀ ਧਿਰ ਦੇ ਡਰ ਕਾਰਨ ਅਤੇ ਨਾਲ ਹੀ ਅੰਸ਼ਕ ਤੌਰ ਉੱਤੇ ਸੱਤਾਧਾਰੀ ਧਿਰ ਪ੍ਰਤੀ ਪੱਖਪਾਤ ਕਾਰਨ ਵੀ।

'ਐਕਸਿਸ' ਦੇ ਸਰਵੇਖਣ ਵਿੱਚ ਵੀ ਜਵਾਬ ਦੇਣ ਵਾਲਿਆਂ ਦੇ 'ਰੀਕਾੱਲ' ਲਈ ਇੱਕ ਵਧੀਕ ਸਮਾਯੋਜਨ ਕੀਤਾ ਜਾਪਦਾ ਹੈ। ਉਨ੍ਹਾਂ ਨੇ ਕੱਚੇ ਅੰਕੜਿਆਂ ਨੂੰ ਉਨ੍ਹਾਂ ਜਵਾਬਾਂ ਨਾਲ ਸਮਾਯੋਜਿਤ ਕੀਤਾ ਹੈ ਕਿ ਵੋਟਰਾਂ ਨੇ ਸਾਲ 2014 ਵਿਚ ਕਿਵੇਂ ਵੋਟਾਂ ਪਾਈਆਂ ਸਨ ਅਤੇ ਉਨ੍ਹਾਂ ਨੂੰ ਅਸਲ ਨਤੀਜਿਆਂ ਨਾਲ ਮੇਲਿਆ ਗਿਆ ਹੈ। ਸ਼ਾਇਦ ਉਨ੍ਹਾਂ ਨੇ ਅਕਾਲੀਆਂ ਲਈ ਕੁਝ ਵਧੇਰੇ ਰਿਪੋਰਟਿੰਗ ਪਾਈ ਹੋਵੇਗੀ ਤੇ ਇਸੇ ਲਈ ਅਕਾਲੀ-ਭਾਜਪਾ ਗਠਜੋੜ ਲਈ 38 ਫ਼ੀ ਸਦੀ ਦੀ ਥਾਂ 24 ਫ਼ੀਸਦੀ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਅੱਗੇ ਵੀ ਕੀਤਾ ਹੋਣਾ ਹੈ। ਹੁਣ ਇਹ ਕੋਈ ਧੋਖਾਧੜੀ ਨਹੀਂ ਹੈ; ਇਹ ਅੰਕੜਿਆਂ ਦਾ ਉਚਿਤ ਢੰਗ ਨਾਲ ਕੀਤਾ ਗਿਆ ਸਮਾਯੋਜਨ ਹੈ। ਪਰ ਪਾਠਕ ਨੂੰ ਇਸ ਬਾਰੇ ਜਾਣਨ ਦੀ ਲੋੜ ਹੈ। ਭਾਵੇਂ ਇਹ ਦੋਵੇਂ ਅਨੁਮਾਨ ਬਿਲਕੁਲ ਵੱਖੋ-ਵੱਖਰੇ ਹਨ, ਪਰ ਫਿਰ ਵੀ ਦੋਵੇਂ ਸਰਵੇਖਣਾਂ ਤੋਂ ਪੰਜਾਬ ਦੀ ਜਨਤਾ ਦੇ ਰੌਂਅ ਬਾਰੇ ਕਾਫ਼ੀ ਵਡਮੁੱਲੀ ਜਾਣਕਾਰੀ ਮਿਲਦੀ ਹੈ। ਸੀ.ਐੱਸ.ਡੀ.ਐੱਸ. ਦੀ ਟੀਮ ਨੂੰ ਉਸ ਦੀ ਪਾਰਦਰਸ਼ਤਾ ਲਈ ਸਲਾਹਿਆ ਜਾਣਾ ਚਾਹੀਦਾ ਹੈ ਅਤੇ ਉਸ ਨੇ ਬਹੁਤੇ ਅੰਕੜਿਆਂ ਤੇ ਜਾਣਕਾਰੀ ਨੂੰ ਜੱਗ-ਜ਼ਾਹਰ ਵੀ ਕੀਤਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਮੈਂ ਦੋ ਦਹਾਕੇ ਸੀ.ਐੱਸ.ਡੀ.ਐੱਸ ਦੇ ਅਧਿਆਪਕੀ ਅਮਲੇ ਵਿੱਚ ਸ਼ੁਮਾਰ ਰਿਹਾ ਹਾਂ; ਹੁਣ ਅਸਤੀਫ਼ਾ ਦੇ ਚੁੱਕਾ ਹਾਂ ਅਤੇ ਮੇਰਾ ਇਸ ਸੰਸਥਾ ਦੀ ਸਰਵੇਖਣ ਟੀਮ ਨਾਲ ਹੁਣ ਕੋਈ ਸਬੰਧ ਨਹੀਂ ਹੈ। ਦੋਵੇਂ ਏਜੰਸੀਆਂ ਇਸ ਪੱਖ 'ਤੇ ਸਹਿਮਤ ਹਨ ਕਿ ਪੰਜਾਬ ਦੀ ਜਨਤਾ ਹੁਣ ਸੱਤਾਧਾਰੀ ਗਠਜੋੜ ਨੂੰ ਤੀਜਾ ਮੌਕਾ ਦੇਣ ਦੇ ਰੌਂਅ ਵਿੱਚ ਤਾਂ ਬਿਲਕੁਲ ਵੀ ਨਹੀਂ ਹੈ: ਸੀ.ਐੱਸ.ਡੀ.ਐੱਸ. ਅਨੁਸਾਰ ਅਕਾਲੀਆਂ ਨੂੰ ਇੱਕ ਹੋਰ ਮੌਕਾ ਦਿੱਤੇ ਜਾਣ ਦੇ ਮਾਮਲੇ 'ਤੇ ਇਹ ਵੰਡ 5:2 ਹੈ। ਦੋਵੇਂ ਹੀ ਸਰਵੇਖਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਦੌੜ ਵਿੱਚ ਅੱਗੇ ਵਿਖਾਇਆ ਗਿਆ ਹੈ। ਸੀ.ਐੱਸ.ਡੀ.ਐੱਸ. ਦੇ ਸਰਵੇਖਣ 'ਤੇ ਇਹ ਵੀ ਝਲਕ ਮਿਲਦੀ ਹੈ ਕਿ ਲੋਕ ਸੱਤਾਧਾਰੀ ਗਠਜੋੜ ਤੋਂ ਨਾਖ਼ੁਸ਼ ਕਿਉਂ ਹਨ: ਉਹ ਵਿਕਾਸ ਦੀ ਘਾਟ ਕਰ ਕੇ ਨਾਖ਼ੁਸ਼ ਨਹੀਂ ਹਨ ਸਗੋਂ ਰੁਜ਼ਗਾਰ ਦੀ ਕਮੀ, ਕਾਨੂੰਨ ਤੇ ਵਿਵਸਥਾ ਦੀ ਹਾਲਤ ਵਿੱਚ ਆਏ ਨਿਘਾਰ ਅਤੇ ਭ੍ਰਿਸ਼ਟਾਚਾਰ ਕਰਕੇ ਦੁਖੀ ਹਨ।

ਇਸ ਪੜਾਅ 'ਤੇ, ਨਿਮਨਲਿਖਤ ਨਤੀਜੇ ਕੱਢਣਾ ਸੁਰੱਖਿਅਤ ਜਾਪਦਾ ਹੈ: ਇੱਕ, ਅਕਾਲੀ-ਭਾਜਪਾ ਗਠਜੋੜ ਵਿਰੁੱਧ ਸਥਾਪਤੀ-ਵਿਰੋਧੀ ਭਾਰੀ ਲਹਿਰ ਪਾਈ ਜਾ ਰਹੀ ਹੈ। ਇਹ ਗਠਜੋੜ ਆਪਣੇ ਚੁਣਾਵੀ ਵਾਟਰਲੂ ਤੋਂ ਬਹੁਤਾ ਦੂਰ ਨਹੀਂ। ਦੂਜਾ, ਆਮ ਆਦਮੀ ਪਾਰਟੀ, ਜਿਹੜੀ ਛੇ ਕੁ ਮਹੀਨੇ ਪਹਿਲਾਂ ਸੱਤਾਧਾਰੀ ਗਠਜੋੜ ਦੇ ਮੁਕਾਬਲੇ ਸਭ ਤੋਂ ਅੱਗੇ ਵਿਖਾਈ ਦੇ ਰਹੀ ਸੀ, ਹੁਣ ਉਸ ਸਥਾਨ ਤੋਂ ਖਿਸਕ ਕੇ ਹੇਠਾਂ ਚਲੀ ਗਈ ਹੈ। ਸੀ.ਐੱਸ.ਡੀ.ਐੱਸ. ਦਾ ਸਰਵੇਖਣ ਦਰਸਾਉਂਦਾ ਹੈ ਕਿ ਇਸ ਨੂੰ ਕੇਵਲ ਪੰਜਾਬ ਦੇ ਮਾਲਵਾ ਖ਼ਿੱਤੇ ਦੇ ਕੇਂਦਰੀ ਜ਼ਿਲ੍ਹਿਆਂ ਵਿੱਚ ਹੀ ਵਧੇਰੇ ਹਮਾਇਤ ਮਿਲ ਰਹੀ ਹੈ, ਪੂਰਬੀ ਅਤੇ ਪੱਛਮੀ ਮਾਲਵਾ ਵਿੱਚ ਨਹੀਂ ਅਤੇ ਨਾ ਹੀ ਮਾਝੇ ਤੇ ਦੋਆਬੇ ਵਿੱਚ। ਤੀਜਾ, ਇਨ੍ਹਾਂ ਜ਼ਿਲ੍ਹਿਆਂ ਤੋਂ ਬਾਹਰ, ਕਾਂਗਰਸ ਹੀ ਸਭ ਤੋਂ ਅੱਗੇ ਵਿਖਾਈ ਦੇ ਰਹੀ ਹੈ। ਐਕਸਿਸ ਚੋਣ ਸਰਵੇਖਣ ਅਨੁਸਾਰ, ਪਿਛਲੇ ਕੁਝ ਮਹੀਨਿਆਂ ਦੌਰਾਨ ਆਮ ਆਦਮੀ ਪਾਰਟੀ ਦੇ ਮੁਕਾਬਲੇ ਕਾਂਗਰਸ ਨੇ ਆਪਣੀ ਸਥਿਤੀ ਕੁਝ ਮਜ਼ਬੂਤ ਕੀਤੀ ਹੈ। ਨਵਜੋਤ ਸਿੰਘ ਸਿੱਧੂ ਦੀ ਆਮਦ ਨੇ ਕਾਂਗਰਸ ਨੂੰ ਇੱਕ ਆਖ਼ਰੀ ਹੁਲਾਰਾ ਦਿੱਤਾ ਹੈ ਜਿਸ ਦੀ ਇਸ ਨੂੰ ਜ਼ਰੂਰਤ ਵੀ ਸੀ। ਚੌਥਾ, ਡਾ. ਧਰਮਵੀਰ ਗਾਂਧੀ ਦੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵਿਰੁੱਧ ਬਗ਼ਾਵਤ ਅਤੇ ਸੁੱਚਾ ਸਿੰਘ ਛੋਟੇਪੁਰ ਦੇ ਪਾਰਟੀ ਵਿੱਚੋਂ ਨਿੱਕਲ ਜਾਣ ਨਾਲ ਪਾਰਟੀ ਦੇ ਅਕਸ ਤੇ ਇਸ ਦੀਆਂ ਚੋਣ ਸੰਭਾਵਨਾਵਾਂ ਨੂੰ ਵੱਡੀ ਢਾਹ ਲੱਗੀ ਹੈ; ਪਰ ਇਸ ਦੇ ਬਾਵਜੂਦ ਉਨ੍ਹਾਂ ਨਾਲ ਮੁਕਾਬਲਾ ਚਹੁੰਕੋਨਾ ਨਹੀਂ ਬਣਨ ਜਾ ਰਿਹਾ। ਸਾਨੂੰ ਇਸ ਗੱਲ ਦਾ ਵੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਚੋਣ ਸਰਵੇਖਣਾਂ ਵਿੱਚ ਆਮ ਤੌਰ 'ਤੇ ਨਵੀਆਂ ਪਾਰਟੀਆਂ ਬਾਰੇ ਅਨੁਮਾਨ ਕੁਝ ਘਟਾ ਕੇ ਹੀ ਲਾਏ ਜਾਂਦੇ ਹਨ।

ਇਨ੍ਹਾਂ ਦੋਵੇਂ ਚੋਣ ਸਰਵੇਖਣਾਂ ਲਈ ਮੁੱਖ ਕੰਮ ਦਸੰਬਰ ਦੇ ਦੂਜੇ ਅਤੇ ਤੀਜੇ ਹਫ਼ਤੇ ਦੇ ਵਿਚਕਾਰ ਕੀਤਾ ਗਿਆ ਸੀ। ਇਸ ਪ੍ਰਕਾਰ ਇੰਜ ਜਾਪਦਾ ਹੈ ਕਿ ਪੰਜਾਬ ਵਿੱਚ ਸਿਆਸੀ ਤਬਦੀਲੀ ਆਵੇਗੀ। ਹੁਣ ਸੁਆਲ ਹੈ ਕਿ ਕੀ ਇਹ ਤਬਦੀਲੀ ਉਹੋ ਜਿਹੀ ਹੋਵੇਗੀ, ਜਿਸ ਦੀ ਆਸ ਕੀਤੀ ਜਾ ਰਹੀ ਹੈ ? ਅਫ਼ਸੋਸ ਦੀ ਗੱਲ ਇਹ ਹੈ ਕਿ ਅੰਤਿਮ ਨਤੀਜਾ ਭਾਵੇਂ ਕੋਈ ਵੀ ਹੋਵੇ, ਇਸ ਪ੍ਰਸ਼ਨ ਦਾ ਉੱਤਰ ਕੁਝ ਨਾਂਹ-ਪੱਖੀ ਹੀ ਹੈ। ਪੰਜਾਬ ਨੂੰ ਇਸ ਵੇਲੇ ਜਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੂੰ ਛੋਹਿਆ ਹੀ ਨਹੀਂ ਗਿਆ ਹੈ। ਪੰਜਾਬ ਨਾਲ ਕੁਝ ਗ਼ੈਰ-ਜ਼ਿੰਮੇਵਾਰਾਨਾ ਤੇ ਲੋਕ ਲੁਭਾਊ ਵਾਅਦੇ ਕੀਤੇ ਗਏ ਹਨ, ਪਰ ਬੇਰੁਜ਼ਗਾਰੀ, ਕਿਸਾਨਾਂ ਸਿਰ ਕਰਜ਼ਿਆਂ ਦੇ ਸੰਕਟ, ਉਦਯੋਗਾਂ ਦਾ ਪੰਜਾਬ ਵਿੱਚੋਂ ਚਲੇ ਜਾਣਾ ਅਤੇ ਨਸ਼ਿਆਂ ਦੀ ਸਮੱਸਿਆ ਨੂੰ ਸ਼ਿੱਦਤ ਨਾਲ ਨਹੀਂ ਲਿਆ ਗਿਆ। ਨਸ਼ਿਆਂ ਦੀ ਸਮੱਸਿਆ ਦੀ ਗੱਲ ਤਾਂ ਕੀਤੀ ਗਈ ਹੈ, ਪਰ ਉਸ ਦਾ ਕੋਈ ਵਾਜਬ ਹੱਲ ਲੱਭਣ ਲਈ ਕਿਤੇ ਅਣਮੰਨੇ ਢੰਗ ਨਾਲ ਵੀ ਕੋਈ ਯਤਨ ਨਹੀਂ ਕੀਤਾ ਗਿਆ। ਇਨ੍ਹਾਂ ਚੋਣਾਂ ਵਿੱਚ ਕੁਝ ਨਵੇਂ ਚਿਹਰੇ ਵੇਖਣ ਨੂੰ ਮਿਲ ਰਹੇ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਜਿਹੜੇ ਸਿਆਸੀ ਆਗੂਆਂ ਨੂੰ ਜਨਤਾ ਨਕਾਰ ਚੁੱਕੀ ਹੈ, ਉਹੀ ਮੁੜ-ਘਿੜ ਕੇ ਅੱਗੇ ਆਈ ਜਾ ਰਹੇ ਹਨ ਅਤੇ ਉਨ੍ਹਾਂ ਨੇ ਉਹੀ ਪਹਿਲਾਂ ਵਾਲੀਆਂ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਤੋਂ ਪੰਜਾਬ ਪਹਿਲਾਂ ਹੀ ਜਾਣੂ ਹੈ। ਜਿਹੜੇ ਪੰਜਾਬ ਵਿੱਚ ਸੱਚਮੁਚ ਤਬਦੀਲੀ ਲਿਆਉਣੀ ਚਾਹੁੰਦੇ ਹਨ, ਉਹ ਇਨ੍ਹਾਂ ਚੋਣਾਂ ਤੋਂ ਵੀ ਅਗਾਂਹ ਦੀ ਸਿਆਸਤ ਉੱਤੇ ਆਪਣੀ ਟੇਕ ਰੱਖ ਸਕਦੇ ਹਨ।

ਈ-ਮੇਲ: yogandra.yadav@gmail.com

# ਧਾਰਮਿਕ ਅਵੱਗਿਆ ਕਰਨ ਦੇ ਮਾਮਲਿਆਂ 'ਚ ਅਕਾਲ ਤਖ਼ਤ ਵਿਖੇ ਪੇਸ਼ ਨਾ ਹੋਣ ਕਾਰਨ ਮੁਤਵਾਜ਼ੀ ਜਥੇਦਾਰਾਂ ਵੱਲੋਂ ਮਲੂਕਾ ਤੇ ਬਾਬਾ ਪਿੱਪਲੀ ਵਾਲੇ ਤਨਖਾਹੀਆ ਕਰਾਰ

**ਅੰਮ੍ਰਿਤਸਰ/ਬਿਊਰੋ ਨਿਊਜ਼:** ਮੁਤਵਾਜ਼ੀ ਜਥੇਦਾਰਾਂ ਨੇ ਸਿਕੰਦਰ ਸਿੰਘ ਮਲੂਕਾ, ਬਾਬਾ ਸਤਨਾਮ ਸਿੰਘ ਪਿੱਪਲੀ ਵਾਲਿਆਂ, ਸ਼੍ਰੋਮਣੀ ਕਮੇਟੀ ਮੈਂਬਰ ਮੇਜਰ ਸਿੰਘ ਤੇ ਸਤਨਾਮ ਸਿੰਘ ਭਾਈਰੂਪਾ ਨੂੰ ਆਪਣਾ ਆਪਣਾ ਪੱਖ ਰੱਖਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੱਦੇ ਜਾਣ 'ਤੇ ਹਾਜ਼ਰ ਨਾ ਹੋਣ 'ਤੇ ਉਨ੍ਹਾਂ ਨੂੰ ਤਨਖਾਹੀਆ ਕਰਾਰ ਦਿੱਤਾ ਹੈ। ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਅਮਰੀਕ ਸਿੰਘ ਅਜਨਾਲਾ, ਭਾਈ ਮੇਜਰ ਸਿੰਘ ਤੇ ਭਾਈ ਸੂਬਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਿਆ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਸਿੱਖਾਂ ਦੀ ਪਵਿੱਤਰ ਅਰਦਾਸ ਦੀ ਨਕਲ ਕਰਨ ਦੇ ਮਾਮਲੇ ਸਬੰਧੀ ਸਿਕੰਦਰ ਸਿੰਘ



ਮਲੂਕਾ, ਮੇਜਰ ਸਿੰਘ ਤੇ ਸਤਨਾਮ ਸਿੰਘ ਭਾਈਰੂਪਾ ਨੂੰ ਅਤੇ ਸਿੱਖ ਇਤਿਹਾਸ ਸੰਬਧੀ ਇਤਰਾਜ਼ਯੋਗ ਟਿੱਪਣੀਆ ਕਰਨ 'ਤੇ ਨੀਲਧਾਰੀ ਸੰਪਰਦਾ ਦੇ ਬਾਬਾ ਸਤਨਾਮ ਸਿੰਘ ਪਿੱਪਲੀ ਵਾਲੇ ਨੂੰ ਤਨਖਾਹੀਆ ਕਰਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਆਦੇਸ਼ ਜਾਰੀ ਕੀਤਾ ਕਿ ਇਨ੍ਹਾਂ ਨਾਲ ਸਿੱਖ ਸੰਗਤਾਂ ਕੋਈ ਤਾਲਮੇਲ ਨਾ ਰੱਖਣ। ਇਨ੍ਹਾਂ ਖਿਲਾਫ 23 ਫਰਵਰੀ ਨੂੰ ਧਾਰਮਿਕ ਸਜ਼ਾ ਲਗਾਈ ਜਾਵੇਗੀ। ਇਸ ਦੌਰਾਨ ਉਨ੍ਹਾਂ ਨੇ ਨਿੱਤ ਦਿਨ ਬੇਅਦਬੀ ਦੀਆਂ ਵਾਪਰ ਰਹੀਆਂ ਘਟਨਾਵਾਂ ਦੀ ਨਿੰਦਾ ਕੀਤੀ। ਉਨ੍ਹਾਂ ਬੀਤੇ ਦਿਨ ਨਵਜੋਤ ਸਿੰਘ ਸਿੱਧੂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ ਨੂੰ ਗਲਤ ਢੰਗ ਵਿਚ ਪੇਸ਼ ਕੀਤੇ ਜਾਣ ਦੀ ਚਲ ਰਹੀ ਚਰਚਾ 'ਤੇ ਕਿਹਾ ਕਿ ਇਸ ਸਬੰਧ ਵਿਚ ਉਨ੍ਹਾਂ ਕੋਲ ਸ਼ਿਕਾਇਤਾਂ ਆਈਆਂ ਹਨ ਪਰ ਕੋਈ ਸਬੂਤ ਨਹੀਂ ਆਇਆ।

## ਪੂਰੀ ਤਰ੍ਹਾਂ ਭਖ ਗਿਐ ਪੰਜਾਬ ਦਾ ਸਿਆਸੀ ਅਖ਼ਾੜਾ

ਤਕ ਨਾ ਕਰਵਾ ਸਕਣ ਵਾਲੇ ਕਾਂਗਰਸੀਆਂ-ਅਕਾਲੀਆਂ ਨੂੰ ਚੋਣਾਂ ਮੌਕੇ ਇਕ-ਦੂਜੇ 'ਤੇ ਇਲਜ਼ਾਮਤਰਾਸ਼ੀ ਕਰਦਿਆਂ ਅਕਸਰ ਹੀ ਸੁਣਿਆ-ਦੇਖਿਆ ਜਾ ਸਕਦਾ ਹੈ, ਤੇ ਇਸ ਵਾਰ ਵੀ ਇਵੇਂ ਹੀ ਹੋ ਰਿਹਾ ਹੈ। ਕਿਸਾਨੀ-ਜਵਾਨੀ ਬਚਾਉਣ ਲਈ ਮਸਲੇ ਜੜ੍ਹੋਂ ਖ਼ਤਮ ਕਰਨ ਦੀ ਥਾਂ ਲਾਰਿਆਂ ਦਾ ਛਿੜਕਾਅ ਕੀਤਾ ਜਾ ਰਿਹਾ ਹੈ। ਇਹ ਹੈ ਪੰਜਾਬ ਦੀਆਂ ਚੋਣਾਂ ਦਾ ਦ੍ਰਿਸ਼ ਜੋ ਚਾਰ ਫਰਵਰੀ ਤੱਕ ਇਸੇ ਤਰ੍ਹਾਂ ਰਹੇਗਾ। ਹਕੀਕੀ ਰੂਪ ਵਿਚ ਪੰਜਾਬ ਦੀ ਮਾਲੀ ਹਾਲਤ ਖ਼ਰਾਬ ਹੈ, ਸੈਂਕੜੇ ਕਰੋੜ ਰੁਪਏ ਦਾ ਕਰਜ਼ਾ ਹੈ ਪਰ ਸਿਆਸੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਹਜ਼ਾਰਾਂ-ਕਰੋੜਾਂ ਦੇ ਸੁਪਨੇ ਵੇਚ ਰਹੇ ਹਨ ਜੋ ਕਦੇ ਪੂਰੇ ਨਹੀਂ ਹੋ ਸਕਦੇ। ਪੰਜਾਬ ਸਿਰ ਕਰੀਬ ਇਕ ਲੱਖ ਤੀਹ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਨਾ ਤਾਂ ਸਾਬਕਾ ਮੁਲਾਜ਼ਮਾਂ ਨੂੰ ਪੈਨਸ਼ਨ ਮਿਲ ਰਹੀ ਹੈ ਤੇ ਨਹੀਂ ਹੀ ਕੱਚੇ ਮੁਲਾਜ਼ਮਾਂ ਦੇ ਚੁੱਲ੍ਹੇ ਬਲ ਰਹੇ ਹਨ। ਬਾਦਲ ਸਰਕਾਰ ਨੇ ਖ਼ਰਚ ਚਲਾਉਣ ਲਈ ਸਰਕਾਰੀ ਇਮਾਰਤਾਂ ਤੱਕ ਗਹਿਣੇ ਰੱਖ ਦਿੱਤੀਆਂ। ਪਿਛਲੇ ਦਾਅਵੇ 30 ਫ਼ੀਸਦੀ ਵੀ ਪੂਰੇ ਨਹੀਂ ਕੀਤੇ ਪਰ ਅਗਲੇ ਪੰਜ ਸਾਲਾਂ ਵਿਚ ਵਾਅਦੇ ਦੁੱਗਣੇ ਕਰ ਦਿੱਤੇ। ਤਿੰਨੋਂ ਮੁੱਖ ਸਿਆਸੀ ਪਾਰਟੀਆਂ ਸਮਾਰਟਫ਼ੋਨ ਤੋਂ ਲੈ ਕੇ ਬੇਰੁਜ਼ਗਾਰੀ ਭੱਤਾ ਤਕ ਦੇਣ ਦੇ ਵਾਅਦੇ ਕਰ ਰਹੀਆਂ ਹਨ।

ਲੰਬੇ ਸਮੇਂ ਤੋਂ ਕਾਂਗਰਸ ਤੇ ਅਕਾਲੀ-ਭਾਜਪਾ ਤਾਂ ਪੰਜਾਬੀਆਂ ਨੂੰ ਮੂਰਖ ਬਣਾਉਂਦੇ ਆ ਹੀ ਰਹੇ ਹਨ ਪਰ ਨਵੀਂ ਨਵੀਂ ਉਭਰੀ ਆਮ ਆਦਮੀ ਪਾਰਟੀ ਦੇ ਇਰਾਦਿਆਂ 'ਤੇ ਵੀ ਉਦੋਂ ਸ਼ੱਕ ਹੋ ਜਾਂਦਾ ਹੈ, ਜਦੋਂ ਉਹ ਸਾਫ਼-ਸੁਥਰਾ ਨਿਜ਼ਾਮ ਦੇਣ ਦੇ ਨਾਂ 'ਤੇ ਇਨ੍ਹਾਂ ਹੀ ਪਾਰਟੀਆਂ ਵਿਚੋਂ ਆਏ ਕਰੀਬ 30 ਆਗੂਆਂ ਨੂੰ ਆਪਣਾ ਉਮੀਦਵਾਰ ਬਣਾਉਂਦੀ ਹੈ। ਆਮ ਆਦਮੀ ਪਾਰਟੀ ਦੇ ਵੀ ਔਧੋਂ ਵੱਧ ਨੇਤਾ 'ਖ਼ਾਸ' ਭਾਵ ਕਰੋੜਪਤੀ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਇਸ ਵਕਤ ਤੀਜੀ ਧਿਰ ਦੀ ਸਖ਼ਤ ਜ਼ਰੂਰਤ ਹੈ ਤੇ 'ਆਪ' ਨੂੰ ਪਰਖਣ ਦਾ ਮੌਕਾ ਵੀ ਮਿਲਣਾ ਚਾਹੀਦਾ ਹੈ ਪਰ ਉਹ ਵੀ ਇਨ੍ਹਾਂ ਦੋਹਾਂ ਪਾਰਟੀਆਂ ਵਾਂਗ ਲਾਅਰੇ-ਵਾਅਦੇ ਦੇ ਜੁਗਾੜ ਵਿਚ ਲੱਗੀ ਹੋਈ ਹੈ। ਵਾਅਦੇ ਪੂਰੇ ਕਿਵੇਂ ਹੋਣੇ ਹਨ, ਇਸ ਦਾ ਵੀ ਉਸ ਕੋਲ ਕੋਈ ਜਵਾਬ ਨਹੀਂ।

ਦਲੀਲਾਂ ਦੀ ਥਾਂ ਅਭੱਦਰ ਸ਼ਬਦਾਂ ਦੀ ਵਰਤੋਂ ਵੀ ਕੋਈ ਨਵੀਂ ਗੱਲ ਨਹੀਂ ਰਹੀ। ਤਿੰਨੋਂ ਹੀ ਮੁੱਖ ਪਾਰਟੀਆਂ ਦੇ ਆਗੂ ਇਕ-ਦੂਜੇ ਨੂੰ ਹੇਠਾਂ ਲਾਉਣ ਲਈ ਜ਼ੁਬਾਨ ਨੂੰ ਬੇਲਗਾਮ ਕਰ ਰਹੇ ਹਨ। ਕਿਸੇ ਨੂੰ ਜੇਲ੍ਹ 'ਚ ਸੁੱਟਣ ਦੀ ਗੱਲ ਹੋ ਰਹੀ ਹੈ, ਕਿਸੇ ਦੀਆਂ ਲੱਤਾਂ 'ਚ ਦਮ ਪਰਖਿਆ ਜਾ ਰਿਹਾ ਹੈ, ਕੋਈ ਰੋੜੇ-ਵੱਟੇ ਚਲਾਉਣ ਦੀਆਂ ਧਮਕੀਆਂ ਦੇ ਰਿਹਾ ਹੈ, ਕੋਈ ਗੁੰਡਾਗਰਦੀ ਦੀ ਹਨੇਰੀ ਲਿਆ ਰਿਹਾ ਹੈ। ਕੋਈ ਕਿਸੇ ਨੂੰ ਕੋਠੇ 'ਤੇ ਟੰਗ ਰਿਹਾ ਹੈ ਤੇ ਕੋਈ ਧਰਤੀ ਵਿਚ ਗੱਡ ਰਿਹਾ ਹੈ। ਇਨ੍ਹਾਂ ਸਾਰਿਆਂ ਵਿਚੋਂ 'ਆਮ ਲੋਕ' ਤਾਂ ਮਨਫ਼ੀ ਹਨ ਪਰ 'ਵੋਟਰਾਂ' ਦੀ ਪੂਜਾ ਹੋ ਰਹੀ ਹੈ। ਇਸ ਵਾਰ ਵੋਟਰ ਵੀ ਇਨ੍ਹਾਂ ਪਾਰਟੀਆਂ ਦਾ ਦਮ ਪਰਖਦੇ ਨਜ਼ਰ ਆ ਰਹੇ ਹਨ। ਸੱਤਾ ਵਿਰੋਧੀ ਲਹਿਰ ਤਾਂ ਸਾਫ਼-ਸਾਫ਼ ਨਜ਼ਰ ਆ ਹੀ ਰਹੀ ਹੈ ਪਰ ਰਵਾਇਤੀ ਪਾਰਟੀ ਕਾਂਗਰਸ ਤੇ ਨਵੀਂ-ਨਕੋਰ ਆਮ ਆਦਮੀ ਪਾਰਟੀ ਵਿਚੋਂ ਕਿਹੜੀ ਬਾਜ਼ੀ ਮਾਰਦੀ ਹੈ, ਇਹ ਭੇਤ ਤਾਂ ਸਵਾ ਮਹੀਨੇ ਬਾਅਦ ਹੀ ਖੁੱਲ੍ਹੇਗਾ।

## ਵਿਰੋਧ ਝੱਲ ਰਹੇ ਉਰਜਿਤ ਪਟੇਲ ਦਾ ਦਾਅਵਾ: ਪਿਛਲੇ ਸਾਲ ਸ਼ੁਰੂ ਹੋ ਗਈ ਸੀ ਨੋਟਬੰਦੀ ਦੀ ਪ੍ਰਕਿਰਿਆ

ਸ੍ਰੀ ਪਟੇਲ ਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਕੁਝ ਹੋਰ ਮੈਂਬਰਾਂ ਨੇ ਬਚਾਅ ਕੀਤਾ। ਕਾਂਗਰਸ ਦੇ ਐਮਪੀਜ਼ ਜਿਵੇਂ ਦਿਗਵਿਜੇ ਸਿੰਘ ਚਾਹੁੰਦੇ ਸਨ ਕਿ ਸ੍ਰੀ ਪਟੇਲ ਸਾਫ਼ ਜਵਾਬ ਦੇਣ ਕਿ ਬੈਂਕਾਂ ਤੋਂ ਨਕਦੀ ਕਢਵਾਉਣ ਸਬੰਧੀ ਬੰਦਸ਼ਾਂ ਕਦੋਂ ਤੱਕ ਹਟ ਜਾਣਗੀਆਂ। ਸ੍ਰੀ ਪਟੇਲ ਨਾਲ ਆਰਬੀਆਈ ਦੇ ਡਿਪਟੀ ਗਵਰਨਰ ਆਰ. ਗਾਂਧੀ ਤੇ ਐਸ.ਐਸ. ਮੁੰਦੜਾ ਵੀ ਸਨ। ਉਨ੍ਹਾਂ ਦੱਸਿਆ ਕਿ ਵੱਡੇ ਨੋਟਾਂ ਨੂੰ ਬੰਦ ਕਰਨ ਸਬੰਧੀ ਬੈਂਕ ਦੀ ਕੇਂਦਰ ਸਰਕਾਰ ਨਾਲ ਗੱਲਬਾਤ 2016 ਦੇ ਸ਼ੁਰੂ ਤੋਂ ਹੀ ਚੱਲ ਰਹੀ ਸੀ। ਕਾਂਗਰਸ ਦੇ ਸੀਨੀਅਰ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਐਮ. ਵੀਰੱਪਾ ਮੋਇਲੀ ਦੀ ਅਗਵਾਈ ਵਾਲੀ ਕਮੇਟੀ ਨੇ ਨੋਟਬੰਦੀ ਸਬੰਧੀ ਵਿਚਾਰ-ਵਟਾਂਦਰੇ ਲਈ ਆਰਬੀਆਈ ਤੇ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਨੂੰ ਤਲਬ ਕੀਤਾ ਸੀ। ਇਸ ਦੌਰਾਨ ਸਵਾਲ ਪੂਰੇ ਨਾ ਹੋ ਸਕਣ ਕਾਰਨ ਕਮੇਟੀ ਨੇ ਇਕ ਵਾਰੀ ਫਿਰ ਕਿਸੇ ਦਿਨ ਅਧਿਕਾਰੀਆਂ ਨੂੰ ਬੁਲਾਉਣ ਦਾ ਫ਼ੈਸਲਾ ਕੀਤਾ ਹੈ। ਕਮੇਟੀ ਦੇ ਇਕ ਸੀਨਅਰ ਮੈਂਬਰ ਨੇ ਕਿਹਾ, "ਨੋਟਬੰਦੀ ਦੇ ਮੁੱਦੇ ਉਤੇ ਆਰਬੀਆਈ ਅਧਿਕਾਰੀ ਕਾਫ਼ੀ ਰੱਖਿਆਤਮਕ ਸਥਿਤੀ ਵਿੱਚ ਨਜ਼ਰ ਆ ਰਹੇ ਸਨ।" ਇਸ ਦੌਰਾਨ ਆਰਬੀਆਈ ਗਵਰਨਰ ਉਰਜਿਤ ਪਟੇਲ ਨੇ ਆਪਣੇ ਸਾਥੀ ਕਰਮਚਾਰੀਆਂ ਨੂੰ ਕਿਹਾ ਹੈ ਕਿ ਇਸ ਕੇਂਦਰੀ ਬੈਂਕ ਦੀ ਦਿੱਖ ਛੁਟਿਆਉਣ ਦੀ ਕਿਸੇ ਵੀ ਕੋਸ਼ਿਸ਼ ਨੂੰ 'ਬਿਲਕੁਲ ਬਰਦਾਸ਼ਤ' ਨਹੀਂ ਕੀਤਾ ਜਾਵੇਗਾ। ਪਿਛਲੇ ਸਾਲ 4 ਸਤੰਬਰ ਨੂੰ 24ਵੇਂ ਗਵਰਨਰ ਵਜੋਂ ਅਹੁਦਾ ਸੰਭਾਲਣ ਮਗਰੋਂ ਈ-ਮੇਲ ਰਾਹੀਂ ਆਪਣੇ ਪਹਿਲੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਆਰਬੀਆਈ ਨੇ ਆਪਣੇ ਮੁਲਾਜ਼ਮਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਮਾਣਮੱਤਾ ਇਤਿਹਾਸ ਸਿਰਜਿਆ ਹੈ।

### ਰਿਜ਼ਰਵ ਬੈਂਕ ਦੀਆਂ ਸ਼ਾਖਾਵਾਂ ਦਾ ਘਿਰਾਓ :

ਕਾਂਗਰਸ ਨੇ ਨੋਟਬੰਦੀ ਖ਼ਿਲਾਫ਼ ਪ੍ਰਦਰਸ਼ਨ ਦੌਰਾਨ ਦੇਸ਼ ਭਰ ਵਿਚ ਰਿਜ਼ਰਵ ਬੈਂਕ ਦੀਆਂ 33 ਸ਼ਾਖਾਵਾਂ ਦਾ ਘਿਰਾਓ ਕੀਤਾ ਤੇ ਦੋਸ਼ ਲਾਇਆ ਕਿ ਮੋਦੀ ਸਰਕਾਰ ਨੇ ਬੈਂਕ ਦੀ ਖ਼ੁਦਮੁਖਤਿਆਰੀ ਨੂੰ ਖ਼ਤਮ ਕਰ ਦਿੱਤਾ ਹੈ। ਰਾਸ਼ਟਰੀ ਰਾਜਧਾਨੀ ਦਿੱਲੀ ਵਿਚ ਕਾਂਗਰਸ ਦੇ ਸੀਨੀਅਰ ਨੇਤਾ ਆਨੰਦ ਸ਼ਰਮਾ ਦੀ ਅਗਵਾਈ ਵਿਚ ਪਾਰਟੀ ਕਾਰਕੁਨਾਂ ਨੇ ਰਿਜ਼ਰਵ ਬੈਂਕ ਦੀ ਸ਼ਾਖ਼ਾ ਨੂੰ ਘੇਰਿਆ। ਇਸ ਦੌਰਾਨ ਸ਼ਰਮਾ ਨੇ ਸਵਾਲ ਕੀਤਾ ਕਿ ਨੋਟਬੰਦੀ ਕਾਰਨ ਕਿੰਨਾ ਕਾਲਾ ਧਨ ਬਾਹਰ ਆਇਆ। ਉਨ੍ਹਾਂ ਕਿਹਾ ਕਿ ਲੋਕ ਵਿਰੋਧੀ ਕਦਮ ਚੁੱਕ ਕੇ ਅਰਥਵਿਵਸਥਾ ਨੂੰ ਪਟਰੀ ਤੋਂ ਲਾਹੁਣ ਕਾਰਨ ਮੋਦੀ ਨੂੰ ਦੇਸ਼ਵਾਸੀਆਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਆਨੰਦ ਸ਼ਰਮਾ ਨਾਲ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਰਾਜਨੀਤਕ ਸਲਾਹਕਾਰ ਅਹਿਮਦ ਪਟੇਲ, ਅਜੇ ਮਾਕਨ, ਪੀ.ਸੀ. ਚਾਕੋ ਸਮੇਤ ਕਈ ਪ੍ਰਮੁੱਖ ਆਗੂਆਂ ਨੇ ਪ੍ਰਦਰਸ਼ਨ ਵਿਚ ਹਿੱਸਾ ਲਿਆ।

## ਕਾਂਗਰਸ ਵੱਲੋਂ ਨੋਟਬੰਦੀ ਖ਼ਿਲਾਫ਼ ਦੇਸ਼ ਭਰ ਵਿਚ ਪ੍ਰਦਰਸ਼ਨ

ਨੋਟਬੰਦੀ ਦੇ ਚਲਦਿਆਂ ਗਰੀਬਾਂ ਤੇ ਮਜ਼ਦੂਰਾਂ ਨੂੰ ਬਹੁਤ ਪ੍ਰੇਸ਼ਾਨੀ ਹੋ ਰਹੀ ਹੈ। ਕਾਂਗਰਸ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਪ੍ਰਧਾਨ ਮੰਤਰੀ 'ਤੇ ਪਾਬੰਦੀਆਂ ਹਟਾਉਣ ਦਾ ਦਬਾਅ ਬਣੇਗਾ। ਸਖ਼ਤ ਸੁਰੱਖਿਆ ਵਿਚਾਲੇ ਕਾਂਗਰਸ ਦੀਆਂ ਕੁਝ ਮਹਿਲਾ ਮੈਂਬਰਾਂ ਨੂੰ ਵੀ ਪੁਲੀਸ ਨੇ ਉਸ ਸਮੇਂ ਹਿਰਾਸਤ ਵਿਚ ਲਿਆ ਜਦੋਂ ਉਹ ਰਿਜ਼ਰਵ ਬੈਂਕ ਦੇ ਸਥਾਨਕ ਦਫ਼ਤਰ ਦੇ ਮੁੱਖ ਗੇਟ ਨੂੰ ਬੰਦ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ। ਪ੍ਰਦਰਸ਼ਨ ਦੇ ਮੱਦੇਨਜ਼ਰ ਇਥੇ ਵੱਡੀ ਗਿਣਤੀ ਪੁਲਿਸ ਤਾਇਨਾਤ ਕੀਤੀ ਗਈ ਸੀ। ਇਸੇ ਤਰ੍ਹਾਂ ਹੀ ਗੁਹਾਟੀ ਵਿਚ ਵੀ ਕਾਂਗਰਸ ਵੱਲੋਂ ਨੋਟਬੰਦੀ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ।

## ਪਿਛਲੇ ਦਾਅਵੇ 30 ਫ਼ੀਸਦੀ ਵੀ ਪੂਰੇ ਨਹੀਂ, ਇਸ ਵਾਰ ਵਾਅਦੇ ਦੁੱਗਣੇ ਕੀਤੇ

ਅਕਾਲੀ ਦਲ ਨੇ ਇੱਥੇ ਪੰਜਾਬ ਵਿਧਾਨ ਸਭਾ ਚੋਣਾਂ- 2017 ਲਈ ਜਾਰੀ ਕੀਤੇ ਗਏ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਾਅਦਿਆਂ ਅਤੇ ਰਿਆਇਤਾਂ ਦੀ ਵਰਖਾ ਕਰ ਦਿੱਤੀ ਹੈ। ਚੋਣ ਮਨੋਰਥ ਪੱਤਰ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੇ ਪ੍ਰੈੱਸ ਕਾਨਫਰੰਸ ਕਰ ਕੇ ਜਾਰੀ ਕੀਤਾ। 52 ਸਫਿਆਂ ਦੇ ਇਸ ਪੱਤਰ ਦਾ ਵਿਸ਼ਲੇਸ਼ਣ ਕਰਦਿਆਂ ਸ੍ਰੀ ਬਾਦਲ ਨੇ ਦਾਅਵਾ ਕੀਤਾ ਕਿ ਤੀਜੀ ਵਾਰ ਬਣਨ ਜਾ ਰਹੀ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਮਕਸਦ ਪੰਜਾਬ ਦੇ ਇਨਫਰਾਸਟਰੱਕਚਰ ਨੂੰ ਵਿਸ਼ਵ ਪੱਧਰੀ ਤਰੀਕੇ ਨਾਲ ਵਿਕਸਿਤ ਕਰਨਾ ਹੋਵੇਗਾ। ਪੰਜਾਬ ਦੇ ਕਿਸਾਨਾਂ ਨੂੰ ਕਰਜ਼ਾ ਮੁਕਤ ਕੀਤਾ ਜਾਵੇਗਾ, ਡੇਢ ਸੌ ਕਿਲੋਮੀਟਰ ਦੇ ਘੇਰੇ ਵਿੱਚ ਜਹਾਜ਼ਾਂ ਦੇ ਅੱਡੇ ਬਣਾਏ ਜਾਣਗੇ, ਲੋਕਾਂ ਨੂੰ ਸੁਰੱਖਿਆ ਕਵਚ ਦੇਣ ਲਈ ਪਿੰਡਾਂ-ਸ਼ਹਿਰਾਂ ਦੀਆਂ ਹੱਦਾਂ 'ਤੇ ਸੀਸੀਟੀਵੀ ਕੈਮਰੇ ਲਾਏ ਜਾਣਗੇ, 20 ਲੱਖ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ, ਸਨਅਤੀ ਹੱਬ ਬਣਾਏ ਜਾਣਗੇ ਅਤੇ ਨਿਊ ਚੰਡੀਗੜ੍ਹ ਤੇ ਅੰਮ੍ਰਿਤਸਰ ਸ਼ਹਿਰ ਸੈਰ-ਸਪਾਟੇ ਨੂੰ ਸਮਰਪਿਤ ਹੋਣਗੇ।

ਸ੍ਰੀ ਬਾਦਲ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ ਪੰਜਾਬ ਦੇ ਵੱਡੇ-ਛੋਟੇ 160 ਸ਼ਹਿਰਾਂ ਕਸਬਿਆਂ ਵਿੱਚ ਸੀਵਰੇਜ, ਪਾਣੀ ਅਤੇ ਅੰਦਰੂਨੀ ਸੜਕਾਂ ਨੂੰ 90 ਫੀਸਦੀ ਆਧੁਨਿਕ ਦਿੱਖ ਪ੍ਰਦਾਨ ਕੀਤੀ ਗਈ ਹੈ। ਬਾਕੀ ਰਹਿੰਦਾ ਕੰਮ ਅਗਲੇ ਇੱਕ ਸਾਲ ਵਿੱਚ ਪੂਰਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ 12000 ਪਿੰਡਾਂ ਨੂੰ ਆਧੁਨਿਕ ਇਨਫਰਾਸਟੱਕਚਰ ਨਾਲ ਜੋੜ ਕੇ ਪਿੰਡਾਂ ਤੇ ਸ਼ਹਿਰਾਂ ਦੇ ਫਰਕ ਨੂੰ ਖ਼ਤਮ ਕੀਤਾ ਜਾਵੇਗਾ, ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਨਾਲ 5 ਏਕੜ ਵਾਲੇ ਕਿਸਾਨਾਂ ਨੂੰ ਬਿਨਾਂ ਵਿਆਜ 2 ਲੱਖ ਰੁਪਏ ਤੱਕ ਕਰਜ਼ੇ ਦੀਆਂ ਲਿਮਟਾਂ ਬਣਾ ਕੇ ਦਿੱਤੀਆਂ ਜਾਣਗੀਆਂ ਤੇ ਵਿਆਜ ਦੇ ਪੈਸੇ ਸਰਕਾਰ ਸਰਕਾਰ ਅਦਾ ਕਰੇਗੀ। ਕਿਸਾਨਾਂ ਨੂੰ ਮੁਫ਼ਤ ਬਿਜਲੀ ਅੱਠ ਦੀ ਥਾਂ 10 ਘੰਟੇ ਦਿੱਤੀ ਜਾਵੇਗੀ, ਮੁਹਾਲੀ ਅਤੇ ਅੰਮ੍ਰਿਤਸਰ ਆਈ.ਟੀ. ਹੱਬ ਬਣਾਏ ਜਾਣਗੇ, ਰਾਜਪੁਰੇ ਵਿੱਚ ਢਾਈ ਸੌ ਏਕੜ ਜ਼ਮੀਨ ਵਿੱਚ ਇੰਡਸਟ੍ਰੀਅਲ ਹੱਬ ਬਣੇਗਾ। ਹਰ ਜ਼ਿਲ੍ਹੇ ਵਿੱਚ ਗਰੀਬ ਬੱਚਿਆਂ ਲਈ ਮੈਰੀਟੋਰੀਅਸ ਸਕੂਲ ਖੋਲ੍ਹੇ ਜਾਣਗੇ, ਸਰਕਾਰੀ ਸਕੂਲਾਂ ਦੇ 12ਵੀਂ ਪਾਸ ਟੌਪਰ ਬੱਚਿਆਂ ਨੂੰ ਸਰਕਾਰ ਵਿਦੇਸ਼ਾਂ ਵਿੱਚ ਮੁਫਤ ਪੜ੍ਹਾਈ ਲਈ ਭੇਜੇਗੀ, ਸ਼ਗਨ ਸਕੀਮ 51000 ਰੁਪਏ ਕੀਤੀ ਜਾਵੇਗੀ। ਉਨ੍ਹਾਂ ਅੰਤ ਵਿੱਚ ਕਿਹਾ ਕਿ ਆਟਾ-ਦਾਲ ਦੇ ਨਾਲ ਖੰਡ 10 ਰੁਪਏ ਅਤੇ ਘਿਉ 25 ਰੁਪਏ ਕਿਲੋ ਦਿੱਤਾ ਜਾਵੇਗਾ। ਇਸ ਮੌਕੇ ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ, ਮੁੱਖ ਮੰਤਰੀ ਦੇ ਸਲਾਹਕਾਰ ਮਹੇਸ਼ਇੰਦਰ ਸਿੰਘ ਗਰੇਵਾਲ, ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ ਵੀ ਹਾਜ਼ਰ ਸਨ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਨਵਜੋਤ ਸਿੰਘ ਸਿੱਧੂ ਨਾਲ ਉਨ੍ਹਾਂ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਏ ਜਾਣ ਦੀ ਗੱਲਬਾਤ ਹੋ ਚੁੱਕੀ ਹੈ। ਕਾਂਗਰਸ ਵਾਲੇ ਕੈਪਟਨ ਨੂੰ ਤਾਂ ਐਵੇਂ ਹੀ ਤੋਰੀ ਫਿਰਦੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਤਾਂ ਕੈਪਟਨ ਨਾਲ ਕੋਈ ਰਿਸ਼ਤੇਦਾਰੀ ਨਹੀਂ ਪੈਂਦੀ ਪ੍ਰੰਤੂ ਫੂਲਕਾ ਤੇ ਜਗਦੀਸ਼ ਟਾਈਟਲਰ ਦੇ ਆਪਸੀ ਕਾਰੋਬਾਰ ਜ਼ਰੂਰ ਸਾਂਝੇ ਹਨ।

### ਕੈਪਟਨ ਬੋਲੇ- ਅਕਾਲੀ ਮੈਨੀਫੈਸਟੋ ਝੂਠ ਦਾ ਪੁਲੰਦਾ :

ਬਠਿੰਡਾ : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਨੂੰ ਝੂਠ ਦਾ ਪੁਲੰਦਾ ਦੱਸਿਆ ਹੈ, ਜੋ ਲੋਕਾਂ ਨੂੰ ਗੁੰਮਰਾਹ ਕਰਨ ਵਾਲਾ ਹੈ। ਉਨ੍ਹਾਂ ਜਾਰੀ ਬਿਆਨ ਵਿੱਚ ਆਖਿਆ ਕਿ ਅਕਾਲੀ ਸਰਕਾਰ ਪਿਛਲੀਆਂ ਚੋਣਾਂ ਵਿੱਚ ਕੀਤੇ 20 ਫ਼ੀਸਦੀ ਵਾਅਦੇ ਵੀ ਪੂਰੇ ਨਹੀਂ ਕਰ ਸਕੀ ਹੈ। ਕਿਸਾਨਾਂ ਦੀ ਕਰਜ਼ਾ ਮੁਆਫੀ ਦੀ ਏਨੇ ਵਰ੍ਹੇ ਅਕਾਲੀ ਦਲ ਨੂੰ ਯਾਦ ਨਾ ਆਈ ਅਤੇ ਹੁਣ ਚੋਣਾਂ ਮੌਕੇ ਫੋਕੇ ਵਾਅਦੇ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਪੰਜਾਬ ਦੇ ਲੋਕਾਂ ਨੇ ਦਸ ਵਰ੍ਹਿਆਂ ਦਾ ਅਕਾਲੀ ਰਾਜ ਦੇਖ ਹੀ ਲਿਆ ਹੈ। ਅਕਾਲੀ ਸਰਕਾਰ ਨੇ ਪੰਜਾਬ ਨੂੰ ਤਬਾਹੀ ਦੇ ਕੰਢੇ ਪਹੁੰਚਾ ਦਿੱਤਾ ਹੈ। ਹੁਣ ਲੋਕ ਝੂਠੇ ਵਾਅਦਿਆਂ 'ਤੇ ਵਿਸ਼ਵਾਸ ਨਹੀਂ ਕਰਨਗੇ।

## ਅਕਾਲੀ ਦਲ ਨੇ ਆਖ਼ਰ ਪੰਜਾਬ ਵਿਚ ਨਸ਼ਿਆਂ ਦੇ ਗੰਭੀਰ ਸੰਕਟ ਨੂੰ ਤਸਲੀਮ ਕਰ ਲਿਆ ਹੈ : ਮਨਪ੍ਰੀਤ ਬਾਦਲ

ਪੈਦਾ ਕਰਨ ਦੇ ਕੀਤੇ ਗਏ ਵਾਅਦੇ ਸਬੰਧੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਪਹਿਲਾਂ ਹੀ ਉਲਾਨ ਕੀਤਾ ਹੋਇਆ ਹੈ ਅਤੇ ਅਕਾਲੀ ਦਲ ਨੇ ਸਿਰਫ਼ ਉਹਨਾਂ ਦੀ ਪਾਰਟੀ ਦੀ ਨਕਲ ਹੀ ਮਾਰੀ ਹੈ। ਉਹਨਾਂ ਨੇ ਕਿਹਾ ਕਿ ਕਾਂਗਰਸ ਨੇ ਪੰਜਾਬ ਦੇ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਹੈ ਜਦੋਂ ਕਿ ਆਪਣੇ ਆਪ ਨੂੰ ਕਿਸਾਨਾਂ ਦਾ ਮਸੀਹਾ ਕਹਾਉਣ ਵਾਲੇ ਅਕਾਲੀ ਦਲ ਨੇ ਸਿਰਫ਼ ਛੋਟੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਕੀਤੀ ਹੈ।

ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤਰੀ ਨੇ ਅਕਾਲੀ ਦਲ ਦੇ ਚੋਣ ਮੈਨੀਫੈਸਟੋ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਵਿਚ ਲੋਕਾਂ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਗਿਆ ਹੈ, "ਪੰਜਾਬ ਕੋਲ ਇੱਕ ਵੀ ਬੂੰਦ ਫਾਲਤੂ ਪਾਣੀ ਨਹੀਂ ਹੈ ਅਤੇ ਨਾ ਹੀ ਕਿਸੇ ਹੋਰ ਸੂਬੇ ਦਾ ਪੰਜਾਬ ਦੇ ਦਰਿਆਵਾਂ-ਰਾਵੀ, ਬਿਆਸ ਅਤੇ ਸਤਲੁਜ-ਦੇ ਪਾਣੀਆਂ ਉੱਤੇ ਕੋਈ ਹੱਕ ਹੈ" ਜਦੋਂ ਕਿ ਸੂਬੇ ਦੇ ਦਰਿਆਵਾਂ ਦਾ 70 ਫੀਸਦੀ ਪਾਣੀ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਪਹਿਲਾਂ ਹੀ ਜਾ ਰਿਹਾ ਹੈ। ਉਹਨਾਂ ਸੁਖਬੀਰ ਸਿੰਘ ਬਾਦਲ ਨੂੰ ਸਵਾਲ ਕੀਤਾ ਕਿ ਮੈਨੀਫੈਸਟੋ ਵਿਚ ਹੁਣ ਚੰਡੀਗੜ੍ਹ ਸਮੇਤ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਲਈ ਸ਼ਾਂਤਮਈ ਤਰੀਕਿਆਂ ਨਾਲ ਜੱਦੋਜਹਿਦ ਕਰਦਾ ਰਹਿਣ ਦਾ ਵਾਅਦਾ ਕਰਨ ਵਾਲੇ ਅਕਾਲੀ ਦਲ ਨੇ ਇਹ ਮਸਲੇ ਉਸ ਵੇਲੇ ਹੱਲ ਕਿਉਂ ਨਹੀਂ ਕਰਵਾਏ ਜਦੋਂ ਉਹ ਵਾਜਪਾਈ ਸਰਕਾਰ ਵਿਚ ਲਗਾਤਾਰ ਸੱਤ ਸਾਲ ਭਾਈਵਲ ਰਿਹਾ ਸੀ। ਉਹਨਾਂ ਕਿਹਾ ਕਿ ਉਸ ਵੇਲੇ ਹਰਿਆਣਾ ਤੇ ਰਾਜਸਥਾਨ ਵਿਚ ਵੀ ਭਾਰਤੀ ਜਨਤਾ ਪਾਰਟੀ ਦੀਆਂ ਹੀ ਸਰਕਾਰਾਂ ਸਨ। ਕੇਂਦਰ ਸਰਕਾਰ ਵਿਚ ਲਗਾਤਾਰ

## ਯੂ.ਕੇ. ਦੇ ਸਿੱਖ ਆਗੂ ਦਬਿੰਦਰਜੀਤ ਸਿੰਘ ਸਿੱਧੂ ਨੂੰ ਮਿਲ ਸਕਦੀ ਹੈ ਲਾਰਡ ਦੀ ਉਪਾਧੀ

ਅਜਿਹੇ ਭਾਸ਼ਣ ਅਪਰਾਧ ਹਨ।' ਸਿੱਖ ਫੈਡਰੇਸ਼ਨ ਯੂਕੇ ਦੇ ਇਕ ਕੈਲੰਡਰ ਵਿੱਚ ਇੰਦਰਾ ਗਾਂਧੀ ਦੀ ਹੱਤਿਆ ਕਰਨ ਵਾਲਿਆਂ ਅਤੇ ਇਕ ਹੋਰ ਕੈਲੰਡਰ ਵਿੱਚ 1985 ਵਿੱਚ ਹਵਾ ਵਿੱਚ ਏਅਰ ਇੰਡੀਆ ਦੇ ਜਹਾਜ਼ ਨੂੰ ਉਡਾਉਣ ਵਾਲੇ, ਜਿਸ ਵਿਚ 329 ਲੋਕ ਮਾਰੇ ਗਏ ਸਨ, ਨੂੰ 'ਸ਼ਹੀਦ' ਕਹਿ ਕੇ ਵਡਿਆਇਆ ਗਿਆ ਹੈ। ਆਈਐਸਵਾਈਐਫ ਜਾਂ ਐਸਐਫਯੂਕੇ ਦਾ ਲੰਡਨ ਇਲਾਕੇ ਵਿੱਚ ਜ਼ਿਆਦਾ ਆਧਾਰ ਨਹੀਂ ਹੈ। ਇਸ ਦਾ ਅਸਲ ਗੜ੍ਹ ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਹੈ, ਜਿਥੇ ਇਸ ਦਾ ਅੱਧੀ ਦਰਜਨ ਜਾਂ ਜ਼ਿਆਦਾ ਗੁਰਦੁਆਰਿਆਂ 'ਤੇ ਕੰਟਰੋਲ ਹੈ।

ਸੂਤਰਾਂ ਮੁਤਾਬਕ ਭਾਰਤੀ ਖੁਫ਼ੀਆ ਏਜੰਸੀਆਂ ਨੇ ਸਿੱਧੂ ਵਾਲੇ ਮਸਲੇ ਨੂੰ ਐਮ 15 ਸਮੇਤ ਹੋਰ ਬ੍ਰਿਟਿਸ਼ ਏਜੰਸੀਆਂ ਕੋਲ ਕਈ ਵਾਰ ਉਠਾਇਆ ਹੈ। ਇਹ ਬਹਿਸ ਦਾ ਮੁੱਦਾ ਹੈ ਕਿ ਐਨਏਓ ਵਿੱਚ ਕੰਮ ਕਰਦੇ ਹੋਣ ਕਾਰਨ ਤਕਨੀਕੀ ਤੌਰ 'ਤੇ ਸਿੱਧੂ ਸੁਰੱਖਿਅਤ ਹਨ। ਬ੍ਰਿਟਿਸ਼ ਕੈਬਨਿਟ ਅਫ਼ਸਰ ਨੇ ਦੱਸਿਆ ਕਿ ਐਨਏਓ ਮੁਲਾਜ਼ਮ ਹਾਊਸ ਆਫ ਕਾਮਨਜ਼ ਦਾ ਅਫ਼ਸਰ ਹੁੰਦਾ ਹੈ, ਜੋ ਕਾਨੂੰਨਸਾਜ਼ ਨੂੰ ਜਵਾਬਦੇਹ ਹੁੰਦਾ ਹੈ। ਐਨਏਓ ਦਾ ਆਪਣਾ 'ਜ਼ਾਬਤਾ' ਹੈ, ਜਿਸ ਤਹਿਤ ਇਕ ਅਧਿਕਾਰੀ 'ਤੇ ਬਰਤਾਨੀਆ ਤੇ ਯੂਰਪ ਨਾਲ ਸਬੰਧਤ ਸਿਆਸੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ 'ਤੇ ਰੋਕ ਹੁੰਦੀ ਹੈ ਪਰ ਭਾਰਤ ਨਾਲ ਸਬੰਧਤ ਸਿਆਸੀ ਗਤੀਵਿਧੀਆਂ 'ਤੇ ਇਸ ਜ਼ਾਬਤੇ ਤਹਿਤ ਕੋਈ ਰੋਕ ਨਹੀਂ ਹੈ। ਐਨਏਓ ਦੇ ਤਰਜਮਾਨ ਸਟੀਫਨ ਲਕਸਫੋਰਡ ਨੇ ਕਿਹਾ, 'ਅਸੀਂ ਸੰਤੁਸ਼ਟ ਹਾਂ ਕਿ ਸ੍ਰੀ ਸਿੱਧੂ ਐਨਏਓ ਦੇ ਜ਼ਾਬਤੇ 'ਤੇ ਖ਼ਰੇ ਉਤਰੇ ਸਨ ਅਤੇ ਉਤਰ ਰਹੇ ਹਨ।'


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


For the leader in Punjabi TV, get the Jus Pack now!
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com